1-JAN-PAGE-1.qxd 12/31/2023 9:30 PM Page 2



# ਬਰਨਾਲਾ ਵੈੱਲਫੇਅਰ ਕਲੱਬ ਤੇ ਲਾਇਨਜ਼ ਕਲੱਬ ਨੇ ਜ਼ਰੂਰਤਮੰਦ ਲੋਕਾਂ ਨੂੰ ਵੰਡੇ ਗਰਮ ਕੱਪੜੇ

**ਬਰਨਾਲਾ (ਰਾਜਿੰਦਰ ਬਰਾੜ)**-ਬਰਨਾਲਾ ਵੈੱਲਫੇਅਰ ਕਲੱਬ ਦੇ ਚੇਅਰਮੈਨ ਤੇ ਲਾਇਨਜ਼ ਕਲੱਬ ਦੇ ਪ੍ਰਧਾਨ ਵਿਵੇਕ ਸਿੰਧਵਾਨੀ ਦੀ ਅਗਵਾਈ ਵਿੱਚ ਅਨਾਜ ਮੰਡੀ ਵਿੱਚ ਜ਼ਰੂਰਤਮੰਦ ਲੋਕਾਂ ਨੂੰ ਵਿਸ਼ਵ ਪੱਧਰੀ ਬਰਾਂਡ ਕੰਪਨੀਆਂ ਦੇ ਗਰਮ ਕੱਪੜੇ ਵੰਡੇ ਗਏ।ਇਸ ਸਮਾਰੋਹ ਦੇ ਮੁੱਖ ਮਹਿਮਾਨ ਰਾਇਸੀਲਾ ਗਰੁੱਪ ਧੂਰੀ ਤੇ ਜ਼ਿਲ੍ਹਾ ਇੰਡਸਟਰੀ ਚੈਂਬਰ ਸੰਗਰੂਰ ਦੇ ਚੇਅਰਮੈਨ ਡਾ: ਏ ਆਰ ਸ਼ਰਮਾ ਸਨ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸਟੇਟ ਐਵਾਰਡੀ ਸ੍ਰ. ਭੋਲਾ ਸਿੰਘ ਵਿਰਕ, ਕੈਬਨਿਟ ਮੰਤਰੀ ਮੀਤ ਹੇਅਰ ਦੇ ਓਐੱਸਡੀ ਹਸਨਪ੍ਰੀਤ ਭਾਰਦਵਾਜ, ਆਮ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬਾਠ, ਅਕਾਲੀ ਦਲ ਦੇ ਹਲਕਾ ਭਦੌੜ ਦੇ ਇੰਚਾਰਜ ਐਡਵੋਕੇਟ ਸਤਨਾਮ ਸਿੰਘ ਰਾਹੀਂ, ਡਾ: ਵਿਪਨ ਭਦੌੜ, ਵਿਜੇ ਭਦੌੜੀਆ, ਹੀਰਾ ਲਾਲ ਅਲਾਲਾਂ ਵਾਲੇ, ਸੰਜੂ ਗੁਪਤਾ ਸਨ।ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਬਰਨਾਲਾ ਵੈੱਲਫੇਅਰ ਕਲੱਬ ਦੇ ਚੇਅਰਮੈਨ ਤੇ ਲਾਇਨਜ਼ ਕਲੱਬ ਦੇ ਪ੍ਰਧਾਨ ਵਿਵੇਕ ਸਿੰਧਵਾਨੀ ਨੇ ਕਿਹਾ ਕਿ ਅੱਜ ਦੇ ਇਸ ਨੇਕ ਕੰਮ ਵਿਚ ਦੋਵਾਂ ਕਲੱਬਾਂ ਦੇ ਮੈਂਬਰਾਂ ਨੇ ਆਪਣੀਆਂ ਜੇਬਾਂ ਵਿੱਚੋਂ ਪੈਸੇ ਪਾ ਕੇ ਬਰਾਂਡ ਕੰਪਨੀਆਂ ਦੇ ਗਰਮ ਕੱਪੜੇ ਖਰੀਦੇ ਹਨ, ਜੋ ਕਿ ਅੱਜ ਜ਼ਰੂਰਤਮੰਦਾਂ ਨੂੰ ਵੰਡੇ ਜਾ ਰਹੇ ਹਨ।2005 ਵਿੱਚ 40 ਮੈਂਬਰਾਂ ਨਾਲ ਬਰਨਾਲਾ ਵੈੱਲਫੇਅਰ ਕਲੱਬ ਦੀ ਸ਼ੁਰੂਆਤ ਕੀਤੀ ਗਈ ਸੀ, ਪਿਛਲੇ 18 ਸਾਲਾਂ ਤੋਂ ਅਸੀਂ ਗਰਮ ਕੱਪੜੇ ਵੰਡਦੇ ਆ ਰਹੇ ਹਾਂ, ਪਰ ਇਸ ਵਾਰ ਅਸੀਂ ਜੋ ਕੱਪੜੇ ਅਸੀਂ ਆਪ ਪਹਿਨਦੇ ਹਾਂ, ਉਹੀ ਬਰਾਂਡ ਕੰਪਨੀਆਂ ਦੇ ਕੱਪੜੇ ਸਾਡੇ ਵੱਲੋਂ ਵੰਡੇ ਜਾ ਰਹੇ ਹਨ।ਹੁਣ ਸਾਡਾ ਅਗਲਾ ਟੀਚਾ ਨਵੇਂ ਸਾਲ ਵਿੱਚ ਸੇਖਾ ਰੋਡ 'ਤੇ ਆਧੁਨਿਕ ਲੈਬੋਰਟਰੀ ਖੋਲ੍ਹਣ ਦਾ ਹੈ।ਲਾਇਨਜ਼ ਕਲੱਬ ਦੀ ਜਗ੍ਹਾ 'ਤੇ ਇਹ ਲੈਬੋਰਟਰੀ ਖੋਲ੍ਹੀ ਜਾਵੇਗੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਰਾਇਸੀਲਾ ਗਰੁੱਪ ਧੂਰੀ ਦੇ ਚੇਅਰਮੈਨ ਡਾ: ਏ ਆਰ ਸ਼ਰਮਾ ਨੇ ਕਿਹਾ ਕਿ ਵਿਵੇਕ ਸਿੰਧਵਾਨੀ ਦੀ ਅਗਵਾਈ ਵਿੱਚ ਜੋ ਅੱਜ ਇਹ ਕਾਰਜ ਕੀਤਾ ਜਾ ਰਿਹਾ ਹੈ, ਉਸ ਦੀ ਸ਼ਬਦਾਂ ਵਿੱਚ ਪ੍ਰਸ਼ੰਸਾ ਨਹੀਂ ਕੀਤੀ ਜਾ ਸਕਦੀ।ਉਨ੍ਹਾਂ ਨੇ ਸ਼ਾਇਰੀ ਦੇ ਅੰਦਾਜ਼ ਵਿੱਚ ਕਿਹਾ ਕਿ ਇਨਸਾਨ ਹੀ ਕਾਮ ਆਤਾ ਇਨਸਾਨ ਕੇ, ਇਨਸਾਨੀਅਤ ਸੇ ਵੱਡਾ ਕੋਈ ਰਿਸ਼ਤਾ ਨਹੀਂ।ਉਨ੍ਹਾਂ ਨੇ ਕਿਹਾ ਕਿ ਦੀਨ ਦੁਖੀਆਂ ਦੀ ਮੱਦਦ ਕਰਨਾ ਸਭ ਤੋਂ ਵੱਡਾ ਮਾਨਵ ਦਾ ਧਰਮ ਹੈ।ਆਪ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬਾਠ ਨੇ ਕਿਹਾ ਕਿ ਇਨ੍ਹਾਂ ਦੋਵਾਂ ਸੰਸਥਾਵਾਂ ਵੱਲੋਂ ਜੋ ਉੱਦਮ ਕੀਤਾ ਜਾ ਰਿਹਾ ਹੈ, ਉਹ ਨਿਸ਼ਕਾਮ ਭਾਵ ਨਾਲ ਕੀਤਾ ਜਾ ਰਿਹਾ ਹੈ।ਇਨਸਾਨ ਦੀ ਹਮੇਸ਼ਾ ਸਕਰਾਤਮਕ ਸੋਚ ਹੋਣੀ ਚਾਹੀਦੀ ਹੈ। ਅਸੀਂ ਹਰ ਸਮੇਂ ਮੋਢੇ ਨਾਲ ਮੋਢਾ ਲਗਾ ਕੇ ਇਸ ਸੰਸਥਾ ਨਾਲ ਖੜੇ ਹਾਂ।ਹਸ਼ਨਪ੍ਰੀਤ ਭਾਰਦਵਾਜ ਨੇ ਕਿਹਾ ਕਿ ਅੱਜ ਦੇ ਸਮਾਗਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸਾਰੇ ਹੀ ਰਾਜਨੀਤਿਕ ਪਾਰਟੀਆਂ ਦੇ ਆਗੂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਅੱਜ ਇੱਕ ਮੰਚ 'ਤੇ ਇੱਕਠੇ ਹਨ, ਸੇਵਾ ਦੇ ਕੰਮ ਵਿਚ ਸਾਨੂੰ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਕੰਮ ਕਰਨਾ ਚਾਹੀਦਾ ਹੈ, ਜੋ ਕਿ ਅੱਜ ਹੋ ਰਿਹਾ ਹੈ।ਸਾਨੂੰ ਇਸ ਗੱਲ ਤੋਂ ਨਸ਼ੀਹਤ ਲੈਣੀ ਚਾਹੀਦੀ ਹੈ ਤੇ ਸੇਵਾ ਦੇ ਕੰਮਾਂ ਵਿਚ ਹਰ ਸਮੇਂ ਅੱਗੇ ਰਹਿਣਾ ਚਾਹੀਦਾ ਹੈ।ਸਮਾਗਮ ਦੇ ਮੁੱਖ ਮਹਿਮਾਨ ਰਾਇਸੀਲਾ ਗਰੁੱਪ ਧੂਰੀ ਦੇ ਚੇਅਰਮੈਨ ਏ ਆਰ ਸ਼ਰਮਾ ਨੇ ਵੀ ਕਲੱਬ ਨੂੰ ਇੱਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਅੱਜ ਦੇ ਸਮਾਗਮ ਦਾ ਮੰਚ ਸੰਚਾਲਨ ਸਤੀਸ਼ ਸਿੰਧਵਾਨੀ ਨੇ ਬਾਖੂਬੀ ਨਿਭਾਇਆ।ਇਸ ਮੌਕੇ ਰਾਈਸੀਲਾ ਗਰੁੱਪ ਧੂਰੀ ਤੇ ਜ਼ਿਲ੍ਹਾ ਇੰਡਸਟਰੀ ਚੈਂਬਰ ਸੰਗਰੂਰ ਸਮਾਗਮ ਵਿੱਚ ਬੋਲਦਿਆਂ ਸਟੇਟ ਐਵਾਰਡੀ ਤੇ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਦੇ ਪ੍ਰਧਾਨ ਭੋਲਾ ਸਿੰਘ ਵਿਰਕ ਨੇ ਕਿਹਾ ਕਿ ਇਨ੍ਹਾਂ ਦੋਵਾਂ ਕਲੱਬਾਂ ਵੱਲੋਂ ਹਰ ਸਮੇਂ ਕੋਈ ਨਾ ਕੋਈ ਨੇਕ ਕੰਮ ਕੀਤਾ ਹੀ ਜਾਂਦਾ ਹੈ। ਵਿਵੇਕ ਸਿੰਧਵਾਨੀ ਦੀ ਅਗਵਾਈ ਵਿਚ ਇਨ੍ਹਾਂ ਦੋਵਾਂ ਕਲੱਬਾਂ ਵਲੋਂ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ।ਅਕਾਲੀ ਦਲ ਹਲਕਾ ਭਦੌੜ ਦੇ ਇੰਚਾਰਜ ਐਡਵੋਕੇਟ ਸਤਨਾਮ ਸਿੰਘ ਰਾਹੀਂ ਨੇ ਕਿਹਾ ਕਿ ਆਮ ਤੌਰ 'ਤੇ ਸੰਸਥਾਵਾਂ ਵਲੋਂ ਕੱਪੜੇ ਤਾਂ ਵੰਡੇ ਜਾਂਦੇ ਹਨ, ਪਰ ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਦੇਖ ਰਿਹਾ ਹਾਂ ਕਿ ਬਰਨਾਲਾ ਵੈੱਲਫੇਅਰ ਕਲੱਬ ਤੇ ਲਾਇਨਜ਼ ਕਲੱਬ ਵੱਲੋਂ ਵਿਵੇਕ ਸਿੰਧਵਾਨੀ ਦੀ ਅਗਵਾਈ ਵਿਚ ਬਰਾਂਡਡ ਕੰਪਨੀਆਂ ਦੇ ਗਰਮ ਕੱਪੜੇ ਵੰਡੇ ਜਾ ਰਹੇ ਹਨ, ਜੋ ਕਿ ਆਪਣੇ ਆਪ ਵਿਚ ਇੱਕ ਵੱਡੀ ਗੱਲ ਹੈ। ਇਸ ਗੱਲ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਉਨੀ ਹੀ ਘੱਟ ਹੈ।ਸਮਾਜ ਸੇਵੀ ਡਾ: ਵਿਪਨ ਗੁਪਤਾ ਭਦੌੜ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਮੈਂ ਬਰਨਾਲਾ ਵੈੱਲਫੇਅਰ ਕਲੱਬ ਦੇ ਸਮਾਗਮਾਂ ਵਿੱਚ ਆ ਰਿਹਾ ਹਾਂ। ਵਿਵੇਕ ਸਿੰਧਵਾਨੀ ਸਮਾਜ ਸੇਵਾ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ ਹਨ, ਜੋ ਕਿ ਆਪਣੇ ਆਪ ਵਿੱਚ ਇੱਕ ਮਿਸ਼ਾਲ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਵਿਜੇ ਕੁਮਾਰ ਭਦੌੜ ਨੇ ਕਿਹਾ ਕਿ ਅੱਜ ਤੋਂ 11 ਸਾਲ ਪਹਿਲਾਂ ਵਿਵੇਕ ਸਿੰਧਵਾਨੀ ਦੇ ਸਹਿਯੋਗ ਨਾਲ ਭਦੌੜ ਵਿਚ ਵੀ ਇਨਸਾਨੀਅਤ ਦਾ ਬੂਟਾ ਲਗਾਇਆ ਗਿਆ ਸੀ। ਇਨ੍ਹਾਂ ਸੰਸਥਾਵਾਂ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਨੀ ਹੀ ਘੱਟ ਹੈ।ਕੈਬਨਿਟ ਮੰਤਰੀ ਮੀਤ ਹੇਅਰ ਦੇ ਓਐੱਸਡੀ ਹਸ਼ਨਪ੍ਰੀਤ ਭਾਰਦਵਾਜ ਨੇ ਕਿਹਾ ਕਿ ਅੱਜ ਦੇ ਸਮਾਗਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸਾਰੇ ਹੀ ਰਾਜਨੀਤਕ ਪਾਰਟੀਆਂ ਦੇ ਆਗੂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਅੱਜ ਇੱਕ ਮੰਚ 'ਤੇ ਇੱਕਠੇ ਹਨ, ਸੇਵਾ ਦੇ ਕੰਮ ਵਿਚ ਸਾਨੂੰ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਕੰਮ ਕਰਨਾ ਚਾਹੀਦਾ ਹੈ, ਜੋ ਕਿ ਅੱਜ ਹੋ ਰਿਹਾ ਹੈ।ਸਾਨੂੰ ਇਸ ਗੱਲ ਤੋਂ ਨਸ਼ੀਹਤ ਲੈਣੀ ਚਾਹੀਦੀ ਹੈ ਤੇ ਸੇਵਾ ਦੇ ਕੰਮਾਂ ਵਿਚ ਹਰ ਸਮੇਂ ਅੱਗੇ ਰਹਿਣਾ ਚਾਹੀਦਾ ਹੈ।ਸਮਾਗਮ ਦੇ ਮੁੱਖ ਮਹਿਮਾਨ ਰਾਇਸੀਲਾ ਗਰੁੱਪ ਧੂਰੀ ਦੇ ਚੇਅਰਮੈਨ ਏ ਆਰ ਸ਼ਰਮਾ ਨੇ ਵੀ ਕਲੱਬ ਨੂੰ ਇੱਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਅੱਜ ਦੇ ਸਮਾਗਮ ਦਾ ਮੰਚ ਸੰਚਾਲਨ ਸਤੀਸ਼ ਸਿੰਧਵਾਨੀ ਨੇ ਬਾਖੂਬੀ ਨਿਭਾਇਆ।



# ਸਰਦੀ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਐਡਵਾਈਜ਼ਰੀ ਜਾਰੀ

- ਸਰਦੀ 'ਚ ਬਜ਼ੁਰਗਾਂ ਤੇ ਬੱਚਿਆਂ ਦਾ ਰੱਖਿਆ ਜਾਵੇ ਖਾਸ ਖਿਆਲ
- ਬੰਦ ਕਮਰੇ 'ਚ ਅੰਗੀਠੀ ਬਾਲ ਕੇ ਸੌਣਾ ਹੋ ਸਕਦਾ ਹੈ ਘਾਤਕ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਕੜਾਕੇ ਦੀ ਪੈ ਰਹੀ ਸਰਦੀ ਨੂੰ ਮੁੱਖ ਰੱਖਦੇ ਹੋਏ ਇਸ ਮੌਸਮ ਵਿੱਚ ਬਿਮਾਰੀਆਂ ਤੋਂ ਬਚਾਅ ਲਈ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਅਡਵਾਇਜ਼ਰੀ ਜਾਰੀ ਕਰਦਿਆਂ ਕਿਹਾ ਕਿ ਇਸ ਸਮੇਂ ਸਰਦੀ ਦੇ ਨਾਲ-ਨਾਲ ਸ਼ੀਤ ਲਹਿਰ ਵੀ ਸ਼ੁਰੂ ਹੋ ਚੁੱਕੀ ਹੈ, ਜਿਸ ਵਿੱਚ ਜ਼ਿਆਦਾਤਰ ਬਜ਼ੁਰਗ ਤੇ ਛੋਟੇ ਬੱਚੇ ਜ਼ਿਆਦਾ ਪ੍ਰਭਾਵਤ ਹੁੰਦੇ ਹਨ। ਉਨ੍ਹਾਂ ਨੂੰ ਸਰਦੀ ਲੱਗਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਸ ਲਈ ਬਜ਼ੁਰਗ ਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਢ ਤੇ ਧੁੰਦ ਹੋਣ 'ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨ। ਛੋਟੇ ਬੱਚਿਆਂ ਨੂੰ ਇਸ ਮੌਸਮ ਵਿੱਚ ਨਿਮੋਨੀਆ ਹੋਣ ਦਾ ਖਤਰਾ ਜ਼ਿਆਦਾ ਰਹਿੰਦਾ ਹੈ ਤੇ ਠੰਢ ਲੱਗਣ ਨਾਲ ਛੋਟੇ ਬੱਚਿਆਂ ਨੂੰ ਉਲਟੀ, ਦਸਤ ਵੀ ਲੱਗ ਸਕਦੇ ਹਨ। ਇਸ ਲਈ ਬੱਚਿਆਂ ਦੀ ਸੰਭਾਲ ਵੱਲ ਖਾਸ ਧਿਆਨ ਦਿੰਦੇ ਹੋਏ ਸਰਦੀ ਤੋਂ ਬਚਾਅ ਲਈ ਛੋਟੇ ਬੱਚਿਆਂ ਨੂੰ ਪੂਰੀ ਤਰ੍ਹਾਂ ਸਰੀਰ ਢਕਣ ਵਾਲੇ ਗਰਮ ਕੱਪੜੇ ਪਾਉਣ ਦੇ ਨਾਲ ਸਿਰ 'ਤੇ ਟੋਪੀ ਤੇ ਪੈਰਾਂ ਵਿੱਚ ਜੁਰਾਬਾਂ ਜ਼ਰੂਰ ਪਾਈਆਂ ਜਾਣ। ਸਰਦੀ ਦੇ ਮੌਸਮ ਵਿੱਚ ਘਰਾਂ 'ਚ ਬੰਦ ਕਮਰੇ ਵਿੱਚ ਅੰਗੀਠੀ ਬਾਲ ਕੇ ਕਦੇ ਵੀ ਅੱਗ ਨਾ ਸੇਕੀ ਜਾਵੇ ਤੇ ਨਾ ਹੀ ਸੌਇਆ ਜਾਵੇ, ਕਿਉਂਕਿ ਅੱਗ ਬਲਣ ਨਾਲ ਕਾਰਬਨ ਮੋਨੋਆਕਸਾਈਡ ਗੈਸ ਬਣਦੀ ਹੈ, ਜਿਸ ਨਾਲ ਬੰਦ ਕਮਰੇ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋ ਸਾਡੇ ਲਈ ਜਾਨਲੇਵਾ ਵੀ ਸਾਬਿਤ ਹੋ ਸਕਦੀ ਹੈ। ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਦਮਾ ਤੇ ਸਾਹ ਦੀ ਬਿਮਾਰੀ ਦੇ ਮਰੀਜ਼ ਬਹੁਤੀ ਜ਼ਿਆਦਾ ਠੰਢ ਹੋਣ 'ਤੇ ਘਰੋਂ ਬਾਹਰ ਨਾ ਜਾਣ ਤੇ ਖੁਰਾਕ ਵਿੱਚ ਵੀ ਗਰਮ ਚੀਜ਼ਾਂ ਜਿਵੇਂ ਸੂਪ, ਚਾਹ, ਕਾਫੀ, ਸੰਤੁਲਿਤ ਖੁਰਾਕ ਦਾ ਸੇਵਨ ਕਰਨ।

ਇਸ ਮੌਸਮ ਵਿੱਚ ਗਰਮ ਕੱਪੜੇ ਦੋ ਜਾਂ ਤਿੰਨ ਪਰਤਾਂ ਵਿੱਚ ਪਾਏ ਜਾਣ ਤਾਂ ਜੋ ਸਰੀਰ ਦਾ ਤਾਪਮਾਨ ਨਾਰਮਲ ਬਣਿਆ ਰਹੇ। ਸਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਥੋੜ੍ਹੇ ਥੋੜ੍ਹੇ ਸਮੇਂ ਜਾਂ ਲੋੜ ਅਨੁਸਾਰ ਕੋਸਾ ਜਾਂ ਗਰਮ ਗੁਨਗੁਨਾ ਪਾਣੀ ਪੀਤਾ ਜਾਵੇ, ਸੰਤੁਲਿਤ ਖੁਰਾਕ ਦਾ ਸੇਵਨ ਕੀਤਾ ਜਾਵੇ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ



**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਨੇੜਲੇ ਪਿੰਡ ਸ਼ੇਖੂ ਵਿਖੇ ਪਿੰਡ ਵਾਸੀਆਂ ਵੱਲੋਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ ਗੁਰਦੁਆਰਾ ਸ੍ਰੀ ਚਰਨਸਰ ਸਾਹਿਬ ਵਿਖੇ ਲਗਾਇਆ ਗਿਆ।ਇਸ ਮੌਕੇ ਖ਼ੂਨਦਾਨੀਆਂ ਵੱਲੋਂ 40 ਯੂਨਿਟ ਖ਼ੂਨ ਦਾਨ ਕੀਤਾ ਗਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਚੈਰੀਟੇਬਲ ਬਲੱਡ ਸੈਂਟਰ ਬਠਿੰਡਾ ਦੀ ਟੀਮ ਖ਼ੂਨ ਇਕੱਤਰ ਕਰਨ ਲਈ ਪਹੁੰਚੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਾਹਿਬਜ਼ਾਦਿਆਂ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਬੜੀ ਬਹਾਦਰੀ ਨਾਲ ਜ਼ੁਰਮ ਤੇ ਅੱਤਿਆਚਾਰਾਂ ਦਾ ਸਾਹਮਣਾ ਕੀਤਾ ਅਤੇ ਧਰਮ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਉਨ੍ਹਾਂ ਸਮੂਹ ਸੰਗਤਾਂ ਨੂੰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਜ਼ੁਰਮ ਤੇ ਅੱਤਿਆਚਾਰ ਦਾ ਦਲੇਰੀ ਨਾਲ ਸਾਹਮਣਾ ਕਰਨ ਦੀ ਅਪੀਲ ਕੀਤੀ।ਇਸ ਮੌਕੇ ਗੱਗੂ ਸ਼ਰਮਾ, ਬਿੱਕਰ ਭੱਟੀ, ਅਜਰੂ ਖਾਨ, ਅਜੈ ਕੁਮਾਰ ਤੇ ਸਮੂਹ ਪਿੰਡ ਵਾਸੀ ਮੌਜੂਦ ਸਨ।

# ਪੰਜਾਬ ਦੀ ਝਾਕੀ ਨੂੰ ਰੱਦ ਕਰਨ ਵਿਰੁੱਧ ਮੋਦੀ ਸਰਕਾਰ ਦਾ ਪੁਤਲਾ ਸਾੜਿਆ



**ਸਮਰਾਲਾ (ਸੁਰਜੀਤ ਸਿੰਘ)**
ਇੱਥੇ ਨੇੜਲੇ ਪਿੰਡ ਪੰਜ ਗਰਾਈਆਂ ਤੇ ਸਬਾਜ਼ਪੁਰ ਦੇ ਮਨਰੇਗਾ ਮਜ਼ਦੂਰਾਂ ਵੱਲੋਂ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਸੱਦੇ 'ਤੇ 26 ਜਨਵਰੀ ਨੂੰ ਗਣਤੰਤਰ ਦਿਵਸ 'ਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਭੇਜੀ ਝਾਕੀ ਨੂੰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਰੱਦ ਕਰਨ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਉਸ ਦਾ ਪੁਤਲਾ ਸਾੜ ਕੇ ਰੋਸ ਦੀ ਅਵਾਜ਼ ਬੁਲੰਦ ਕੀਤੀ।

ਇਸ ਰੋਸ ਐਕਸ਼ਨ ਸਮੇਂ ਸੀਟੂ ਪੰਜਾਬ ਦੇ ਸੂਬਾ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ ਤੇ ਸਾਥੀ ਹਰੀ ਰਾਮ ਭੱਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਫਿਰਕੂ ਫਾਸ਼ੀਵਾਦੀ ਰੁਚੀਆਂ ਦੀ ਧਾਰਨੀ ਆਰ. ਐੱਸ. ਐੱਸ. ਦੇ ਰਿਮੋਟ ਕੰਟਰੋਲ ਹੇਠ ਚਲਦੀ ਭਾਜਪਾ ਦੀ ਕੇਂਦਰੀ ਮੋਦੀ ਸਰਕਾਰ ਪੰਜਾਬ ਦੀ ਮਹਾਨ ਦੇਸ਼ ਭਗਤ ਤੇ ਇਨਕਲਾਬੀ ਵਿਰਸੇ ਨੂੰ ਅਤੇ ਨਾਰੀ ਸ਼ਕਤੀ ਨੂੰ ਦਰਸਾਉਣ ਵਾਲੀ ਪੰਜਾਬ ਦੀ ਝਾਕੀਆਂ ਨੂੰ ਰੱਦ ਕਰਨਾ ਪੰਜਾਬ, ਪੰਜਾਬੀਅਤ ਤੇ ਨਾਰੀ ਸ਼ਕਤੀ ਮਾਈ ਭਾਗੋ, ਮਾਤਾ ਗੁਲਾਬ ਕੌਰ, ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ, ਊਧਮ ਸਿੰਘ ਸੁਨਾਮ ਵਰਗੇ ਸਾਡੇ ਮਹਾਨ ਪੁਰਖਿਆਂ ਨੂੰ ਨਫ਼ਰਤ ਕਰਨ ਦਾ ਸਬੂਤ ਹੈ, ਜਿਸ ਨੂੰ ਅਪਣੇ ਅਮੀਰ ਸੱਭਿਆਚਾਰ ਤੇ ਭਾਈਚਾਰਕ ਇਨਕਲਾਬੀ ਵਿਰਸੇ ਨੂੰ ਦਿਲੋਂ ਮੁਹੱਬਤ ਕਰਨ ਵਾਲੇ ਸਮੂਹ ਪੰਜਾਬੀ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ।ਸੀਟੂ ਵੱਲੋਂ ਸਾਥੀ ਅਮਰ ਨਾਥ ਕੂੰਮਕਲਾਂ ਨੇ ਨਵੇਂ ਸਾਲ ਦੀਆਂ ਪੰਜਾਬ/ਦੇਸ਼ ਵਾਸੀਆਂ ਤੇ ਵਿਦੇਸ਼ਾਂ ਵਿੱਚ ਸੰਮੂਹ ਦੇਸ਼ ਵਾਸੀਆਂ ਨੂੰ ਇਨਕਲਾਬੀ ਵਧਾਈਆਂ ਪੇਸ਼ ਕਰਦੇ ਹੋਏ ਅਪੀਲ ਕਰਦਿਆਂ ਕਿਹਾ ਕਿ ਅਪਣੇ ਸੰਵਿਧਾਨਕ ਹੱਕਾਂ-ਦੇਸ਼ ਦੀ ਏਕਤਾ ਅਖੰਡਤਾ ਤੇ ਦੇਸ਼ ਦੇ ਸੰਵਿਧਾਨ ਦੀ ਰਾਖੀ ਲਈ ਤੇ 2024 ਦੀਆਂ ਚੋਣਾਂ ਵਿੱਚ ਮੋਦੀ ਸਰਕਾਰ ਦਫਾ ਕਰਨ ਲਈ ਲੋਕ ਪੱਖੀ ਏਕਤਾ ਉਸਾਰ ਕੇ ਇੱਕਮੁੱਠ-ਇੱਕਜੁੱਟ ਹੋ ਕੇ ਹੰਭਲਾ ਮਾਰੋ ਇਸੇ ਵਿੱਚ ਦੇਸ਼ ਦੇ ਕਿਸਾਨ, ਮਜ਼ਦੂਰ, ਮੁਲਾਜ਼ਮ ਮੇਹਨਤਕਸ਼ ਲੋਕਾਂ ਦੀ ਭਲਾਈ ਭਲਾਈ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ, ਮਨਪ੍ਰੀਤ ਕੌਰ, ਹਰਜਿੰਦਰ ਕੌਰ, ਦਲਜੀਤ ਕੌਰ, ਭੂਪਿੰਦਰ ਕੌਰ, ਰਿੰਪੀ, ਦਲੀਪ ਕੌਰ, ਕਮਲਾ, ਜਸਪਾਲ ਕੌਰ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਅਰਦਾਸ ਦਿਵਸ/ਸਨਮਾਨ ਸਮਾਗਮ ਅੱਜ



**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)**
ਪਿਛਲੇ 37 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਨਵੇਂ ਵਰ੍ਹੇ 2024 ਦੀ ਆਮਦ ਨੂੰ ਸਮਰਪਿਤ ਅਰਦਾਸ ਦਿਵਸ, ਸਨਮਾਨ ਸਮਾਗਮ ਅਤੇ ਕਵੀ ਦਰਬਾਰ ਅੱਜ ਇੱਕ ਜਨਵਰੀ 2024, ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਮੱਖਣ ਭੈਣੀਵਾਲਾ ਅਤੇ ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ ਨੇ ਦੱਸਿਆ ਹੈ ਕਿ ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸੇਲਿੰਦਰਜੀਤ ਸਿੰਘ ਰਾਜਨ ਅਤੇ ਸਕੱਤਰ ਸ: ਦੀਪ ਦਵਿੰਦਰ ਸਿੰਘ ਕਰਨਗੇ। ਇਸ ਮੌਕੇ ਸ: ਪਲਵਿੰਦਰ ਸਿੰਘ ਰੰਧਾਵਾ (ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ), ਗਿਆਨੀ ਸੰਤੋਖ ਸਿੰਘ ਆਸਟਰੇਲੀਆ, ਸ: ਬੂਟਾ ਸਿੰਘ ਬਸੀ (ਸੀ.ਈ.ਓ. ਸਾਂਝੀ ਸੋਚ ਟੀ. ਵੀ. ਚੈਨਲ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਹਾਜ਼ਰੀਨ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਵੀ ਦਰਬਾਰ ਹੋਵੇਗਾ।

# ਕਿਸਾਨ ਯੂਨੀਅਨਾਂ ਵੱਲੋਂ ਲਾਡੋਵਾਲ ਟੋਲ ਪਲਾਜ਼ਾ ਵਾਂਗ ਸਾਰੇ ਟੋਲ ਬੰਦ ਕਰਵਾਏ ਜਾਣ : ਹਨੀ ਫੱਤਣਵਾਲਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਲੁਧਿਆਣਾ ਕੋਲ ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਬੰਦ ਕਰਵਾ ਕੇ ਕਿਸਾਨ ਯੂਨੀਅਨਾਂ ਵੱਲੋਂ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾ ਇਹ ਕਿਹਾ ਕਿ ਬੇਸ਼ੱਕ ਇਹ ਟੋਲ ਪਲਾਜ਼ਾ ਰਾਹੋਂ ਰੋਡ ਦੀ ਹੋ ਚੁੱਕੀ ਬੁਰੀ ਹਾਲਤ ਕਰਕੇ ਬੰਦ ਕਰਵਾਇਆ ਹੈ, ਪਰ ਜੇਕਰ ਪੰਜਾਬ ਦੇ ਸਾਰੇ ਹੀ ਟੋਲ ਪਲਾਜ਼ਾ ਕਿਸਾਨ ਜਥੇਬੰਦੀਆਂ ਇਕੱਠੀਆਂ ਹੋ ਕੇ ਬੰਦ ਕਰਵਾ ਦੇਣ ਤਾਂ ਇਹ ਇੱਕ ਪੰਜਾਬ ਦੇ ਲੋਕਾਂ ਦੇ ਹੱਕ ਵਿੱਚ ਪੁੰਨ ਵਾਲਾ ਕੰਮ ਹੋਵੇਗਾ।ਹਨੀ ਫੱਤਣਵਾਲਾ ਨੇ ਕਿਹਾ ਕਿ ਸਰਕਾਰਾਂ ਲੋਕਾਂ ਕੋਲੋ ਐਨੇ ਵੱਡੇ ਪੱਧਰ 'ਤੇ ਹਰ ਤਰ੍ਹਾਂ ਦਾ ਟੈਕਸ ਲੈ ਰਹੀਆਂ ਹਨ ਤਾਂ ਇਨ੍ਹਾਂ ਟੋਲ ਪਲਾਜਿਆਂ ਦੀ ਲੋੜ ਨਹੀਂ ਹੈ।ਇਸ ਮੌਕੇ ਹਨੀ ਫੱਤਣਵਾਲਾ ਨਾਲ ਬਹੁਤ ਸਾਰੇ ਯੂਥ ਵਰਕਰ ਹਾਜ਼ਰ ਸਨ।

# ਸਰਦਾਰਨੀ ਸਵਰਨਜੀਤ ਕੌਰ ਮਜੀਠਾ ਨਮਿਤ ਅੰਤਮ ਅਰਦਾਸ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਮਜੀਠਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ, ਕੌਂਸਲਰ ਤੇ ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਮਜੀਠਾ ਨਵਦੀਪ ਸਿੰਘ ਸੋਨਾ ਦੇ ਸਤਿਕਾਰਯੋਗ ਮਾਤਾ ਸਰਦਾਰਨੀ ਸਵਰਨਜੀਤ ਕੌਰ ਸੇਵਾਮੁਕਤ ਅਧਿਆਪਕ ਜੋ ਬੀਤੇ ਦਿਨੀਂ ਸਵਰਗਵਾਸ ਹੋ ਗਏ ਸਨ, ਦੇ ਨਮਿੱਤ ਦਾਣਾ ਮੰਡੀ ਮਜੀਠਾ ਵਿਖੇ ਅੰਤਿਮ ਅਰਦਾਸ ਹੋਈ ਜਿਸ ਵਿੱਚ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੋਂ ਇਲਾਵਾ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਤੇ ਇਲਾਕਾ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੇ ਵੈਰਾਗਮਈ ਕੀਰਤਨ ਤੇ ਅਰਦਾਸ ਭਾਈ ਕੁਲਵਿੰਦਰ ਸਿੰਘ ਨੇ ਕੀਤੀ। ਇਸ ਮੌਕੇ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਸਾਬਕਾ ਪ੍ਰਧਾਨ ਤੇ ਮਜੀਠਾ ਹਲਕੇ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੇ ਅਤਿ ਨਜ਼ਦੀਕੀ ਪਰਿਵਾਰ ਨਵਦੀਪ ਸਿੰਘ ਸੋਨਾ, ਨਵਜੋਤ ਸਿੰਘ ਤੇ ਮਾਸਟਰ ਬਲਬੀਰ ਸਿੰਘ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਵੀ ਅਫਸੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ, ਸਾਬਕਾ ਵਿਧਾਇਕ ਤੇ ਦਿਹਾਤੀ ਕਾਂਗਰਸ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ, ਸਾਂਸਦ ਗੁਰਜੀਤ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਸੁੱਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ, ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ, ਤਰਸੇਮ ਸਿੰਘ ਸਿਆਲਕਾ, ਅਰਦਾਸੀਏ ਭਾਈ ਕੁਲਵਿੰਦਰ ਸਿੰਘ, ਪ੍ਰਦੀਪ ਸਿੰਘ ਭੁੱਲਰ, ਮਨਜੀਤ ਸਿੰਘ ਭੋਮਾ, ਗੁਰਮੀਤ ਸਿੰਘ ਭੀਲੋਵਾਲ, ਨਵਤੇਜ ਪਾਲ ਸਿੰਘ ਸੋਹੀਆਂ, ਸਤਨਾਮ ਸਿੰਘ ਸਰਪੰਚ ਕਾਜ਼ੀਕੋਟ, ਸੁੱਖ-ਚੈਨ ਸਿੰਘ ਭੰਗਵਾਂ, ਬਲਜੀਤ ਸਿੰਘ ਵਡਾਲਾ ਵੀਰਮ, ਦਲਜੀਤ ਸਿੰਘ ਪਾਖਰਪੁਰ, ਝਿਲਮਿਲ ਸਿੰਘ ਸਾਧਪੁਰ, ਜੇਪੀ ਸਰਪੰਚ ਸਹਿਣੇਵਾਲੀ ਵੀ ਹਾਜ਼ਰ ਸਨ।

# ਜਾਖੜ ਪੰਜਾਬ ਦੇ ਲੋਕਾਂ ਤੋਂ ਮੰਗਣ ਮਾਫੀ : ਕੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਗਣਤੰਤਰ ਦਿਵਸ ਦੀ ਝਾਕੀ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਨੇ ਇਕ ਵਾਰ ਫਿਰ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ 'ਤੇ ਹਮਲਾ ਬੋਲਿਆ ਹੈ ਅਤੇ ਝਾਂਕੀ 'ਤੇ ਉਨ੍ਹਾਂ ਦੇ ਬਿਆਨ ਨੂੰ ਝੂਠਾ ਕਰਾਰ ਦਿੱਤਾ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਝਾਂਕੀ ਦੇ ਮੁੱਦੇ 'ਤੇ ਰੱਖਿਆ ਮੰਤਰਾਲੇ ਦੇ ਸਪੱਸ਼ਟੀਕਰਨ ਤੋਂ ਬਾਅਦ ਹੁਣ ਸੁਨੀਲ ਜਾਕੜ ਦਾ ਝੂਠ ਸਾਬਤ ਹੋ ਗਿਆ ਹੈ।ਕੰਗ ਨੇ ਕਿਹਾ ਕਿ ਹੁਣ ਸੁਨੀਲ ਜਾਖੜ ਨੂੰ ਜਾਂ ਤਾਂ ਪੰਜਾਬ ਸਰਕਾਰ ਦੀ ਉਸ ਝਾਂਕੀ ਦਾ ਕਾਨਸੈਪਟ ਦਿਖਾਉਣਾ ਚਾਹੀਦਾ ਹੈ ਜਿਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੀ ਤਸਵੀਰ ਲੱਗੀ ਹੋਈ ਹੈ ਜਾਂ ਫਿਰ ਉਹ ਆਪਣੇ ਝੂਠ ਲਈ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣ।ਕੰਗ ਨੇ ਕਿਹਾ ਕਿ ਸੁਨੀਲ ਜਾਖੜ ਨੇ ਝੂਠ ਬੋਲ ਕੇ ਪੰਜਾਬ ਦੇ ਸ਼ਹੀਦਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਲਾਲਾ ਲਾਜਪਤ ਰਾਏ, ਸਰਦਾਰ ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਅਤੇ ਮਹਿਲਾ ਸਸ਼ਕਤੀਕਰਨ ਦੇ ਪ੍ਰਤੀਕ ਮਾਈ ਭਾਗੋ ਦਾ ਅਪਮਾਨ ਕੀਤਾ ਹੈ।ਕੰਗ ਨੇ ਕਿਹਾ ਕਿ ਝੂਠ ਬੋਲ ਕੇ ਜਾਖੜ ਨੇ ਸ਼ਹੀਦਾਂ ਦਾ ਹੀ ਨਹੀਂ ਸਗੋਂ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਵੀ ਅਪਮਾਨ ਕੀਤਾ ਹੈ।ਉਸ ਨੂੰ ਆਪਣੇ ਕੀਤੇ ਲਈ ਪੰਜਾਬ ਦੇ ਲੋਕਾਂ ਤੋਂ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ।

# ਪ੍ਰਿੰ. ਡਾ. ਸੁਨੀਤਾ ਕੌਸ਼ਲ ਵੱਲੋਂ ਜਗਰੂਪ ਸੇਖਵਾਂ ਨਾਲ ਮੁਲਾਕਾਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਇੱਥੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਪ੍ਰਿੰ. ਡਾ. ਸੁਨੀਤਾ ਕੌਸ਼ਲ ਵੱਲੋਂ ਹਲਕਾ ਇੰਚਾਰਜ ਅਤੇ ਚੇਅਰਮੈਨ ਜ਼ਿਲਾ ਯੋਜਨਾ ਬੋਰਡ ਗੁਰਦਾਸਪੁਰ ਸ. ਜਗਰੂਪ ਸਿੰਘ ਸੇਖਵਾਂ ਨਾਲ ਵਿਸ਼ੇਸ਼ ਮੁਲਾਕਤ ਕਰਕੇ ਸਕੂਲ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ ਗਿਆ ।ਇਸ ਮੌਕੇ ਸ. ਸੇਖਵਾਂ ਨੇ ਪ੍ਰਿੰਸੀਪਲ ਕੌਸ਼ਲ ਵੱਲੋਂ ਮਿਹਨਤ ਅਤੇ ਇਮਾਨਦਾਰੀ ਨਾਲ ਕਰਵਾਏ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਸਕੂਲ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਰਕੇਸ਼ ਕੌਸ਼ਲ ਬੀ. ਐੱਮ. ਕਾਦੀਆਂ -1 ਅਤੇ ਗੁਰਟੇਕ ਸਿੰਘ ਆਦਿ ਹਾਜ਼ਰ ਸਨ।

# ਸ਼ੈਰੀ ਕਲਸੀ ਵੱਲੋਂ ਨਵੇਂ ਸਾਲ ਦੀਆਂ ਮੁਬਾਰਕਾਂ



**ਬਟਾਲਾ (ਡਾ. ਮਲਵਿੰਦਰ ਸਿੰਘ)**-ਸ.ਅਮਨਸ਼ੇਰ ਸਿੰਘ ਸ਼ੈਰੀ ਕਲਸੀ ਹਲਕਾ ਵਿਧਾਇਕ ਬਟਾਲਾ ਨੇ ਲੋਕਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਸਾਰਿਆਂ ਲਈ ਖੁਸ਼ਹਾਲੀ ਤੇ ਅਮਨ-ਸ਼ਾਂਤੀ ਦੀ ਕਾਮਨਾ ਕੀਤੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਰਾਜ ਅੰਦਰ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਹਲਕਾ ਬਟਾਲਾ ਅੰਦਰ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਦੇ ਸੁਚਾਰੂ ਢੰਗ ਨਾਲ ਕਰਵਾਏ ਗਏ ਹਨ ਅਤੇ ਉਹ ਲੋਕਾਂ ਦੀ ਸੇਵਾ ਲਈ 24 ਘੰਟੇ ਹਾਜ਼ਰ ਹਨ ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਾਲ, 2023 ਵਿੱਚ ਰਿਕਾਰਡ ਵਿਕਾਸ ਕਾਰਜ ਕੀਤੇ ਗਏ ਹਨ, ਸਾਲ 2024 ਵਿੱਚ ਹਲਕੇ ਅੰਦਰ ਸਰਬਪੱਖੀ ਵਿਕਾਸ ਕਾਰਜਾਂ ਦੀ ਲੜੀ ਨਿਰੰਤਰ ਜਾਰੀ ਰਹੇਗੀ

# ਮਹਾਂਰਿਸ਼ੀ ਵਾਲਮੀਕਿ ਬਾਰੇ ਅਪਸ਼ਬਦ ਬੋਲਣ ਦਾ ਮਾਮਲਾ ਭਖਿਆ

- ਸਾਬਕਾ ਵਿਧਾਇਕ ਰਿੰਕੂ ਅਟਵਾਲ ਨੇ ਸ਼ਿਕਾਇਤ ਦਰਜ ਕਰਵਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਦਿਨੀਂ ਯੂ-ਟਿਊਬ ਅਤੇ ਬ੍ਰਜ ਭੂਸ਼ਣ ਮਾਰਕੰਡੇ ਵਲੋਂ ਵਾਲਮੀਕਿ ਭਾਈਚਾਰੇ, ਮਜ਼ਬੀ ਸਿੱਖਾਂ ਤੇ ਮਹਾਂਰਿਸ਼ੀ ਵਾਲਮੀਕਿ ਦੇ ਪੈਰੋਕਾਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਭਖਦਾ ਜਾ ਰਿਹਾ ਹੈ ਜਿਸ ਸਬੰਧੀ ਅੱਜ ਭਾਰਤੀ ਜਨਤਾ ਪਾਰਟੀ ਦੇ ਸੂਬਾ ਉਪ ਪ੍ਰਧਾਨ ਤੇ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੇ ਇਸ ਸਬੰਧੀ ਉਕਤ ਕਥਿਤ ਦੋਸ਼ੀਆਂ ਖਿਲਾਫ਼ ਡੀ. ਜੀ. ਪੀ. ਪੰਜਾਬ ਪਾਸ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਦਰਜ ਕਰਵਾਉਣ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਾਬਕਾ ਵਿਧਾਇਕ ਰਿੰਕੂ ਅਟਵਾਲ ਨੇ ਦੱਸਿਆ ਕਿ ਸੋਸ਼ਲ ਮੀਡੀਆ ਪਲੇਟਫਾਰਮ ਯੂਟਿਊਬ ਚੈਨਲ ਅਤੇ ਬ੍ਰਜ ਭੂਸ਼ਣ ਮਾਰਕੰਡੇ ਨੇ ਵਾਲਮੀਕਿ ਭਾਈਚਾਰੇ ਵਿਰੁੱਧ ਇਤਰਾਜ਼ਯੋਗ ਸਮੱਗਰੀ ਅਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਮਹਾਂਰਿਸ਼ੀ ਵਾਲਮੀਕਿ ਜੀ ਨੂੰ 'ਡਾਕੂ' ਆਦਿ ਅਪਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਬਹੁਤ ਹੀ ਨਿੰਦਣਯੋਗ ਗੱਲ ਹੈ ਅਤੇ ਇਸ ਘਟਨਾ ਨਾਲ ਪੰਜਾਬ ਦੇ ਸਮੁੱਚੇ ਵਾਲਮੀਕਿ ਤੇ ਮਜ਼ਬੀ ਸਿੱਖ ਭਾਈਚਾਰੇ ਅਤੇ ਮਹਾਂਰਿਸ਼ੀ ਵਾਲਮੀਕਿ ਜੀ ਦੇ ਪੈਰੋਕਾਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪੁੱਜੀ ਹੈ। ਸ਼ਿਕਾਇਤ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਬ੍ਰਜ ਭੂਸ਼ਣ ਮਾਰਕੰਡੇ ਅਤੇ ਯੂ-ਟਿਊਬ ਚੈਨਲ ਵੱਲੋਂ 29 ਦਸੰਬਰ ਨੂੰ 'ਡਾਕੂ ਸੇ ਮਹਾਰਿਸ਼ੀ ਕੀ ਯਾਤਰਾ' ਮਹਾਰਿਸ਼ੀ ਵਾਲਮੀਕਿ ਕੇ ਨਾਮ ਪਰ 'ਅਯੁੱਧਿਆ ਏਅਰਪੋਰਟ' ਲਿੰਕ ਵਿਚ ਵਾਲਮੀਕਿ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀ ਬਹੁਤ ਹੀ ਅਪਮਾਨਜਨਕ ਅਤੇ ਪੱਖਪਾਤੀ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ, ਜਿਸ ਵਿਚ ਖਾਸ ਤੌਰ 'ਤੇ ਮਹਾਰਿਸ਼ੀ ਵਾਲਮੀਕਿ ਨੂੰ ਸੰਬੋਧਿਤ ਕਰਦਿਆਂ ਧਰਮ ਦੀ ਬੇਅਦਬੀ ਕੀਤੀ ਗਈ ਹੈ। ਅਟਵਾਲ ਨੇ ਕਿਹਾ ਕਿ ਉਕਤ ਵੀਡੀਓ ਵਿਚ ਮਾਰਕੰਡੇ ਨੇ ਵਾਲਮੀਕਿ ਸਮਾਜ ਦੀ ਸਤਿਕਾਰਤ ਹਸਤੀ ਮਹਾਰਿਸ਼ੀ ਵਾਲਮੀਕਿ ਜੀ ਨੂੰ 'ਡਾਕੂ' ਕਿਹਾ ਹੈ ਅਤੇ ਵਾਲਮੀਕੀਆਂ ਲਈ ਹੋਰ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਅਜਿਹੀ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਕੇ ਸਮੁੱਚੇ ਵਾਲਮੀਕਿ ਅਤੇ ਮਜ਼ਬੀ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਜੋ ਵੀਡੀਓ ਮਾਰਕੰਡੇ ਵੱਲੋਂ ਅਪਲੋਡ ਕੀਤੀ ਗਈ ਹੈ, ਉਹ ਜਾਣਬੁੱਝ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਇਰਾਦੇ ਨਾਲ ਕੀਤੀ ਗਈ ਹੈ। ਇਸ ਤੋਂ ਇਲਾਵਾ ਮਾਰਕੰਡੇ ਦੀਆਂ ਅਪਮਾਨਜਨਕ ਟਿੱਪਣੀਆਂ ਸਮੁੱਚੇ ਭਾਈਚਾਰਿਆਂ ਵਿਚ ਵੰਡ ਪਾਉਣ ਦੀ ਕੋਸ਼ਿਸ਼ਾਂ ਹਨ। ਅਟਵਾਲ ਨੇ ਪੰਜਾਬ ਪੁਲਸ ਦੇ ਮੁੱਖੀ ਨੂੰ ਅਪੀਲ ਕੀਤੀ ਕਿ ਇਸ ਘਟਨਾ ਸਬੰਧੀ ਯੂ-ਟਿਊਬ ਅਤੇ ਬ੍ਰਜ ਭੂਸ਼ਣ ਮਾਰਕੰਡੇ ਵਿਰੁੱਧ ਐਸ.ਸੀ./ਐਸ.ਟੀ. ਐਕਟ ਅਤੇ ਹੋਰ ਧਾਰਾਵਾਂ ਤਹਿਤ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

# ਯਾਦਗਾਰੀ ਹੋ ਨਿੱਬੜਿਆ ਹੈਲਿਕਸ ਸਕੂਲ ਦਾ ਸਾਲਾਨਾ ਸਮਾਗਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਹੈਲਿਕਸ ਆਕਸਫੋਰਡ ਸਮਾਰਟ ਸਕੂਲ ਪਾਤੜਾਂ ਵੱਲੋਂ ਸਾਲਾਨਾ ਸਮਾਗਮ ਦਾ ਆਯੋਜਨ ਕਰਵਾਇਆ ਗਿਆ ।ਸਮਾਗਮ ਦਾ ਆਰੰਭ ਸਕੂਲ ਮੈਨੇਜਮੈਂਟ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਗਿਆ ।ਇਨਾਮ ਵੰਡ ਸਮਾਰੋਹ ਦੌਰਾਨ ਖੇਡਾਂ ਸਿੱਖਿਆ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ।ਸਾਲਾਨਾ ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਤੋਂ ਬਾਅਦ ਵੱਖ-ਵੱਖ ਤਰ੍ਹਾਂ ਦੇ ਰੰਗਾ-ਰੰਗ ਪ੍ਰੋਗਰਾਮਾਂ ਜਿਵੇਂ ਕਿ ਗਨੇਸ਼ ਵੰਦਨਾ, ਸੈਲਫੀ ਡਾਂਸ, ਭੂਤ ਡਾਂਸ, ਕਵੀਸ਼ਰੀ, ਡਿਸਕੋ ਡਾਂਸ, ਮਾਇਮ, ਰਾਜਸਥਾਨੀ ਡਾਂਸ, ਹਰਿਆਣਵੀ ਡਾਂਸ, ਮਸਤਾਨੀ ਡਾਂਸ, ਕਵਾਲੀ, ਹਿਪ-ਹੋਪ ਆਦਿ ਸ਼ਾਨਦਾਰ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ ।ਇਸ ਮੌਕੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਕੋਰੀਓਗ੍ਰਾਫੀਆਂ ਅਤੇ ਡਾਂਸ ਗੀਤ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ । ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਅਤੇ ਦੇਸ਼ ਭਗਤੀ ਭਾਵ ਨਾਲ ਪੇਸ਼ ਕੀਤੀ ਗਈ ਕੋਰੀਓਗ੍ਰਾਫੀ ਨੇ ਆਜ਼ਾਦੀ ਲਹਿਰ ਵਿੱਚ ਦੇਸ਼ ਭਗਤਾਂ ਵੱਲੋਂ ਪਾਏ ਗਏ ਯੋਗਦਾਨ ਸਬੰਧੀ ਬਾਖੂਬੀ ਜਾਣਕਾਰੀ ਦਿੱਤੀ। ਅਖੀਰ ਵਿੱਚ ਨੌਜਵਾਨਾਂ ਵੱਲੋਂ ਪਾਇਆ ਗਿਆ ਪੰਜਾਬੀ ਭੰਗੜਾ ਅਤੇ ਮੁਟਿਆਰਾਂ ਦਾ ਗਿੱਧਾ ਨੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ।ਸਮਾਗਮ ਦੀ ਖਾਸ ਗੱਲ ਇਹ ਰਹੀ ਕਿ ਜੋ ਮੁੱਖ-ਮਹਿਮਾਨ ਇਥੇ ਆਏ ਸੀ ਉਹ ਕੋਈ ਬਾਹਰੋਂ ਨਹੀਂ ਸਗੋਂ ਸਕੂਲ ਦੇ ਪੁਰਾਣੇ ਵਿਦਿਆਰਥੀ ਹੀ ਸੀ ਜੋ ਕਿ ਮੈਡੀਕਲ ਖੇਤਰ, ਇੰਜੀਨੀਅਰਿੰਗ ਖੇਤਰ ਵਿੱਚ ਡਿਗਰੀਆਂ ਪ੍ਰਾਪਤ ਕਰਕੇ ਵਧੀਆ ਅਹੁਦਿਆਂ 'ਤੇ ਸਥਾਪਿਤ ਹਨ ਅਤੇ ਵਿਦਿਆਰਥੀਆਂ ਨੂੰ ਸ਼ਾਨਦਾਰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ ।ਪ੍ਰਿੰ. ਅਮਰਜੋਤ ਕੌਰ ਹਰੀਕਾ ਅਤੇ ਡਾਇਰੈਕਟਰ ਮੈਡਮ ਦਵਿੰਦਰ ਕੌਰ ਨੇ ਸੂਬਾ ਪੱਧਰੀ ਖੇਡਾਂ ਵਿੱਚ ਵੱਖ-ਵੱਖ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਹੌਸਲਾ ਅਫਜ਼ਾਈ ਕੀਤੀ ।

# ਐਕਸਪਰਟ ਇੰਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਨੇ ਲਗਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ




**ਬਾਘਾ ਪੁਰਾਣਾ (ਮਨੀ ਸਿਗਲਾ)**-ਸਥਾਨਕ ਸ਼ਹਿਰ ਦੇ ਮੋਗਾ ਰੋਡ 'ਤੇ ਇਕੋ ਇਕ ਸੰਸਥਾ ਐਕਸਪਰਟ ਇੰਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਦੇ ਹੈੱਡ ਦੇਵਾਂਸ਼ੂ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਗੁਰਲਾਲ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਸਮਾਧ ਭਾਈ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਸਿਰਫ 7 ਦਿਨਾਂ ਵਿਚ ਲਗਵਾ ਕੇ ਦਿੱਤਾ ਗਿਆ ।ਗੁਰਲਾਲ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਸਮਾਧ ਭਾਈ ਨੇ ਵੀਜ਼ਾ ਲਗਵਾਉਣ 'ਤੇ ਸੰਸਥਾ ਹੈੱਡ ਦੇਵਾਂਸ਼ੂ ਗੋਇਲ ਦਾ ਧੰਨਵਾਦ ਕੀਤਾ ।ਇਸ ਮੌਕੇ ਦੇਵਾਸ਼ੂ ਗੋਇਲ ਨੇ ਗੁਰਲਾਲ ਸਿੰਘ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ ।ਇਸ ਮੌਕੇ ਸੰਸਥਾ ਦਾ ਸਮੁੱਚਾ ਸਟਾਫ ਹਾਜ਼ਰ ਸੀ।।

# ਅਕਸ਼ਤ ਕਲਸ਼ ਯਾਤਰਾ ਭਲਕੇ ਮਾਛੀਵਾੜਾ ਪੁੱਜੇਗੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-22 ਜਨਵਰੀ ਨੂੰ ਅਯੁੱਧਿਆ ਵਿਖੇ ਭਗਵਾਨ ਸ਼੍ਰੀ ਰਾਮ ਜੀ ਦੇ ਪਵਿੱਤਰ ਮੰਦਰ ਦੇ ਉਦਘਾਟਨ ਕੀਤੇ ਜਾਣ ਨੂੰ ਲੈ ਕੇ ਕੱਢੀ ਜਾ ਰਹੀ ਅਕਸ਼ਤ ਕਲਸ਼ ਯਾਤਰਾ 2 ਜਨਵਰੀ ਨੂੰ ਮਾਛੀਵਾੜਾ ਸਾਹਿਬ ਪੁੱਜ ਰਹੀ ਹੈ ਜਿਸਦੇ ਸੰਬੰਧ ਵਿਚ ਮਾਛੀਵਾੜਾ ਦੀਆਂ ਸਮੂਹ ਧਾਰਮਿਕ ਜਥੇਬੰਦੀਆਂ ਦੀ ਇੱਕ ਮੀਟਿੰਗ ਹੋਈ। ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਅਕਸ਼ਤ ਕਲਸ਼ ਯਾਤਰਾ 2 ਜਨਵਰੀ ਨੂੰ ਬਾਅਦ ਦੁਪਹਿਰ 2 ਵਜੇ ਮੇਨ ਚੌਂਕ ਵਿਖੇ ਪੁੱਜੇਗੀ ਜਿਸ ਦਾ ਬੜੇ ਜ਼ੋਰਦਾਰ ਢੰਗ ਨਾਲ ਸਵਾਗਤ ਕੀਤਾ ਜਾਵੇਗਾ। ਇਸ ਤੋਂ ਬਾਅਦ ਇਹ ਯਾਤਰਾ ਦੁਰਗਾ ਸ਼ਕਤੀ ਮੰਦਰ ਵਿਖੇ ਜਾਵੇਗੀ। ਪ੍ਰਬੰਧਕਾਂ ਨੇ ਦੱਸਿਆ ਕਿ ਰਾਮ ਭਗਤਾਂ ਲਈ ਬੜੀ ਵੱਡੀ ਖੁਸ਼ਖਬਰੀ ਹੈ ਕਿ 22 ਜਨਵਰੀ ਨੂੰ ਭਗਵਾਨ ਸ਼੍ਰੀ ਰਾਮ ਜੀ ਦੀ ਮੂਰਤੀ ਅਯੁੱਧਿਆ ਵਿਖੇ ਸਥਾਪਿਤ ਕੀਤੀ ਜਾਵੇਗੀ ਅਤੇ ਆਪਣੇ ਸਮੇਂ ਦੀ ਅਦਭੁੱਤ ਦੀਵਾਲੀ ਹੋਵੇਗੀ। ਸਮੂਹ ਰਾਮ ਭਗਤ 22 ਜਨਵਰੀ ਨੂੰ ਆਪਣੇ ਘਰ, ਦੁਕਾਨਾਂ ਤੇ ਮੰਦਰਾਂ 'ਤੇ ਦੀਪਮਾਲਾ ਕਰਨ ਤਾਂ ਜੋ ਅਯੁੱਧਿਆ ਵਿਖੇ ਰਾਮ ਮੰਦਰ ਦੇ ਉਦਘਾਟਨ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਸਕੇ।

# ਰਾਮ ਮੰਦਰ ਦੇ ਨਿਰਮਾਣ ਦੀ ਖੁਸ਼ੀ 'ਚ ਰਮਾਇਣ ਦੇ ਪਾਠ ਦੇ ਭੋਗ ਪਾਏ



**ਬਾਘਾ ਪੁਰਾਣਾ (ਮਨੀ ਸਿਗਲਾ)**-ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਦੀਪਕ ਤਲਵਾੜ ਦੀ ਅਗਵਾਈ ਵਿਚ ਬੀਜੇਪੀ ਵਰਕਰਾਂ ਵੱਲੋਂ ਕੋਟਕਪੂਰਾ ਰੋਡ ਬੀਜੇਪੀ ਦਫਤਰ ਵਿਖੇ ਨਵੇਂ ਸਾਲ 2024 ਅਤੇ ਸ਼੍ਰੀ ਰਾਮ ਮੰਦਿਰ ਦੇ ਨਿਰਮਾਣ ਦੀ ਖੁਸ਼ੀ ਵਿਚ ਸ਼੍ਰੀ ਰਾਮਾਇਣ ਦੇ ਪਾਠ ਦੇ ਭੋਗ ਪਾਏ ਗਏ, ਜਿਸ ਵਿਚ ਵੱਡੀ ਗਿਣਤੀ ਵਿਚ ਪਾਰਟੀ ਆਗੂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ ।ਮੰਡਲ ਪ੍ਰਧਾਨ ਦੀਪਕ ਤਲਵਾੜ ਦੀ ਅਗਵਾਈ ਵਿਚ ਹੋਏ ਸਮਾਗਮ ਵਿਚ ਜ਼ਿਲਾ ਪ੍ਰਧਾਨ ਡਾ. ਸੀਮਾਂਤ ਗਰਗ ਵਿਸ਼ੇਸ਼ ਤੌਰ 'ਤੇ ਪੁੱਜੇ। ਭੋਗ ਪਾਉਣ ਉਪਰੰਤ ਸਮਾਗਮ ਵਿਚ ਪੁੱਜੇ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਦੀਪਕ ਤਲਵਾੜ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੋਦੀ ਨੇ ਆਪਣੇ 108ਵੇਂ ਮਨ ਕੀ ਬਾਤ ਐਪੀਸੋਡ ਪ੍ਰੋਗਰਾਮ ਵਿਚ ਦੇਸ਼ ਦੇ ਲੋਕਾਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੇਣ ਤੋਂ ਬਾਅਦ ਆਪਣੇ ਸੰਬੋਧਨ ਵਿਚ ਕਿਹਾ ਕਿ 108 ਨੰਬਰ ਦੀ ਮਹੱਤਤਾ ਭਾਰਤ ਦੀ ਧਾਰਮਿਕ ਅਤੇ ਪਵਿੱਤਰਤਾ ਹੈ, ਜੋ ਡੂੰਘਾਈ ਨਾਲ ਅਧਿਐਨ ਦਾ ਵਿਸ਼ਾ ਹੈ । ਇੱਕ ਮਾਲਾ ਵਿਚ 108 ਮਣਕੇ, 108 ਵਾਰ ਜਾਪ, 108 ਬ੍ਰਹਮ ਗੋਲੇ, 108 ਮੰਦਰਾਂ ਵਿਚ ਪੌੜੀਆਂ, 108 ਘੰਟੀਆਂ, 108 ਦੀ ਇਹ ਗਿਣਤੀ ਅਥਾਹ ਆਸਥਾ ਨਾਲ ਜੁੜੀ ਹੋਈ ਹੈ ।ਇਸ ਲਈ ਮਨ ਕੀ ਬਾਤ ਦਾ 108ਵਾਂ ਐਪੀਸੋਡ ਮੇਰੇ ਲਈ ਹੋਰ ਖਾਸ ਹੋ ਗਿਆ ਹੈ। ਉਨ੍ਹਾਂ ਕਹਾ ਕਿ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2023 ਨੂੰ ਸਫਲ ਸਾਲ ਅਤੇ ਆਉਣ ਵਾਲੇ ਸਾਲ 2024 ਨੂੰ ਆਸ਼ਾਵਾਦੀ ਦੱਸਿਆ ਅਤੇ ਕਿਹਾ ਕਿ ਭਾਰਤ ਦੁਨੀਆ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਕਈ ਲੋਕ ਮੈਨੂੰ ਚੰਦਰਯਾਨ-3 ਦੀ ਸਫ਼ਲਤਾ ਨੂੰ ਲੈ ਕੇ ਸੰਦੇਸ਼ ਭੇਜ ਰਹੇ ਹਨ । ਮੈਨੂੰ ਯਕੀਨ ਹੈ ਕਿ ਮੇਰੀ ਤਰ੍ਹਾਂ ਤੁਸੀਂ ਵੀ ਸਾਡੇ ਵਿਗਿਆਨੀਆਂ ਅਤੇ ਖਾਸ ਤੌਰ 'ਤੇ ਮਹਿਲਾ ਵਿਗਿਆਨੀਆਂ 'ਤੇ ਮਾਣ ਮਹਿਸੂਸ ਕਰੋਗੇ। ਪ੍ਰਧਾਨ ਮੰਤਰੀ ਨੇ ਇਕ ਨਵੀਂ ਰੇਲ ਗੱਡੀ ਅੰਮ੍ਰਿਤ ਭਾਰਤ ਐਕਸਪ੍ਰੈਸ ਸ਼ੁਰੂ ਕੀਤੀ ਹੈ ਜੋ ਕਿ 26 ਜਨਵਰੀ ਤੋਂ ਅਪ੍ਰੈਲ ਤੱਕ ਦੇਸ਼ ਭਰ ਤੋਂ ਅਯੁੱਧਿਆ ਜਾਣ ਲਈ ਆਮ ਲੋਕਾਂ ਲਈ ਇੱਕ ਲਗਜ਼ਰੀ ਰੇਲ ਗੱਡੀ ਹੈ ਤਾਂ ਜੋ ਸਾਰੇ ਭਾਰਤ ਦੇ ਲੋਕ ਭਗਵਾਨ ਰਾਮ ਮੰਦਰ ਦੇ ਦਰਸ਼ਨ ਕਰ ਸਕਣ ।ਉਨ੍ਹਾਂ ਕਿਹਾ ਕਿ ਮੋਗਾ ਜ਼ਿਲੇ ਦੇ ਲੋਕਾਂ ਨੂੰ ਵੀ ਇਸ ਰੇਲ ਗੱਡੀ ਵਿਚ ਅਯੁੱਧਿਆ ਜਾਣ ਲਈ ਤਰੀਕ ਮਿਲੇਗੀ, ਜਿਸ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ ।ਉਨ੍ਹਾਂ ਜ਼ਿਲਾ ਵਾਸੀਆਂ ਦੇ ਸਮੂਹ ਨੂੰ ਵੀ ਅਪੀਲ ਕੀਤੀ ਕਿ ਉਹ 22 ਜਨਵਰੀ ਨੂੰ ਅਯੁੱਧਿਆ ਵਿਚ ਭਗਵਾਨ ਰਾਮ ਦੇ ਮੰਦਰ ਦੇ ਦਰਸ਼ਨਾਂ ਲਈ ਖੁੱਲ੍ਹਣ ਮੌਕੇ ਦੀਵਾਲੀ ਵਾਂਗ ਮਨਾਉਣ ।ਇਸ ਮੌਕੇ ਆਈ. ਟੀ. ਸੈੱਲ ਇੰਚਾਰਜ ਮੁਕੇਸ਼ ਸ਼ਰਮਾ, ਮੰਡਲ ਪ੍ਰਧਾਨ ਅਮਿਤ ਗੁਪਤਾ, ਜਨਰਲ ਸਕੱਤਰ ਨਾਨਕ ਚੋਪੜਾ, ਓਵਰਸੀਜ਼ ਸੈੱਲ ਇੰਚਾਰਜ ਵਿਜੇ ਮਿਸ਼ਰਾ, ਐਸ. ਸੀ. ਮੋਰਚਾ ਦੇ ਜ਼ਿਲਾ ਪ੍ਰਧਾਨ ਸੂਰਜ ਭਾਨ, ਮੰਡਲ ਪ੍ਰਧਾਨ ਬਾਘਾ ਪੁਰਾਣਾ ਦੀਪਕ ਤਲਵਾੜ, ਪ੍ਰਦੀਪ ਤਲਵਾੜ, ਸੁਖਾਨੰਦਨ ਅਗਰਵਾਲ, ਵਿਨੋਦ ਕੁਮਾਰ, ਰਜਿੰਦਰ ਵਰਮਾ, ਸੁਰਿੰਦਰ ਕੁਮਾਰ, ਪਵਨ ਸ਼ਰਮਾ, ਗਗਨਦੀਪ ਲੂੰਬਾ, ਰਾਮਤੀਰਥ ਗੁੰਬਰ, ਪੰਕਜ ਗੁੰਬਰ, ਸੁਭਾਸ਼ ਸ਼ਰਮਾ, ਜਤਿਨ ਬਾਠਲਾ, ਨਵਦੀਪ ਤਲਵਾੜ, ਰਾਜ ਹੰਸ, ਮਮਤਾ ਸਿੰਗਲ, ਸਵਰਨਜੀਤ ਕੌਰ, ਪੱਲਵੀ ਰਾਣੀ, ਸੁਖਦੇਵ ਸਿੰਘ, ਅਜੈ ਗੁੰਬਰ, ਚੰਦਨ ਸ਼ਰਮਾ, ਲਖਵਿੰਦਰ ਸਿੰਘ, ਅਨਿਲ ਤਲਵਾੜ, ਹਰਜਿੰਦਰ ਸਿੰਘ, ਹੇਮੰਤ ਸੂਦ ਆਦਿ ਹਾਜ਼ਰ ਸਨ ।

# ਮਨਰੇਗਾ ਮਜ਼ਦੂਰਾਂ ਨੇ ਪੰਜਾਬ ਦੀ ਝਾਕੀ ਰੱਦ ਕਰਨ ਵਿਰੁੱਧ ਮੋਦੀ ਸਰਕਾਰ ਦਾ ਪੁਤਲਾ ਫੂਕਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਸੱਦੇ 'ਤੇ 26 ਜਨਵਰੀ ਨੂੰ ਗਣਤੰਤਰ ਦਿਵਸ 'ਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਭੇਜੀ ਝਾਕੀ ਨੂੰ ਕੇਂਦਰ ਦੀ ਮੋਦੀ ਸਰਕਾਰ ਵਲੋਂ ਰੱਦ ਕਰਨ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਨੇੜਲੇ ਪਿੰਡ ਪੰਜ ਗਰਾਈਆਂ ਅਤੇ ਸਹਿਬਾਜ਼ਪੁਰ ਦੇ ਮਨਰੇਗਾ ਮਜ਼ਦੂਰਾਂ ਵੱਲੋਂ ਉਸ ਦਾ ਪੁਤਲਾ ਸਾੜ ਕੇ ਰੋਸ ਦੀ ਆਵਾਜ਼ ਬੁਲੰਦ ਕੀਤੀ। ਇਸ ਰੋਸ ਐਕਸ਼ਨ ਸਮੇਂ ਸੀਟੂ ਦੇ ਸੂਬਾ ਸਕੱਤਰ ਅਮਰਨਾਥ ਕੂੰਮਕਲਾਂ ਅਤੇ ਹਰੀ ਰਾਮ ਭੱਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਫਿਰਕੂ ਫਾਸ਼ੀਵਾਦੀ ਰੁਚੀਆਂ ਦੀ ਧਾਰਨੀ ਆਰ. ਐੱਸ. ਐੱਸ. ਦੇ ਰਿਮੋਟ ਕੰਟਰੋਲ ਹੇਠ ਚਲਦੀ ਭਾਜਪਾ ਦੀ ਕੇਂਦਰ ਸਰਕਾਰ ਪੰਜਾਬ ਦੀ ਮਹਾਨ ਦੇਸ਼ ਭਗਤ ਤੇ ਇਨਕਲਾਬੀ ਵਿਰਸੇ ਅਤੇ ਨਾਰੀਸ਼ਕਤੀ ਕਰਨ ਨੂੰ ਦਰਸਾਉਣ ਵਾਲੀ ਪੰਜਾਬ ਦੀ ਝਾਕੀਆਂ ਨੂੰ ਰੱਦ ਕਰਨਾ ਪੰਜਾਬ, ਪੰਜਾਬੀਅਤ ਅਤੇ ਨਾਰੀ ਸ਼ਕਤੀ ਮਾਈ ਭਾਗੋ, ਮਾਤਾ ਗੁਲਾਬ ਕੌਰ, ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ, ਊਧਮ ਸਿੰਘ ਸੁਨਾਮ ਵਰਗੇ ਸਾਡੇ ਮਹਾਨ ਪੁਰਖਿਆਂ ਨੂੰ ਨਫ਼ਰਤ ਕਰਨ ਦਾ ਸਬੂਤ ਹੈ। ਇਸ ਮੌਕੇ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ, ਮਨਪ੍ਰੀਤ ਕੌਰ, ਹਰਜਿੰਦਰ ਕੌਰ, ਦਲਜੀਤ ਕੌਰ, ਭੂਪਿੰਦਰ ਕੌਰ, ਰਿੰਪੀ, ਜਸਪਾਲ ਕੌਰ, ਕੁਲਵਿੰਦਰ ਕੌਰ, ਦਲੀਪ ਕੌਰ, ਕਮਲਾ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

ਸੋਮਵਾਰ, 1 ਜਨਵਰੀ, 2024
17 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 212

# ਨਵਾਂ ਜ਼ਮਾਨਾ

DAILY NAWAN ZAMANA • MONDAY, 1 JANUARY, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਰਾਮ ਮੰਦਰ ਦੇ ਨਾਂਅ 'ਤੇ ਚੰਦਾ ਇਕੱਠਾ ਕਰਨ ਵਾਲੇ ਸਰਗਰਮ

## ਵਿਹਿਪ ਨੇ ਭਗਤਾਂ ਨੂੰ ਜਾਲ੍ਹਸਾਜ਼ਾਂ ਖਿਲਾਫ ਕੀਤਾ ਖਬਰਦਾਰ



**ਅਯੁੱਧਿਆ** : ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇੱਥੇ 22 ਜਨਵਰੀ ਨੂੰ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਮਾਰੋਹ ਤੋਂ ਪਹਿਲਾਂ ਭਗਤਾਂ ਨੂੰ ਘੁਟਾਲੇਬਾਜ਼ਾਂ ਤੋਂ ਖਬਰਦਾਰ ਰਹਿਣ ਲਈ ਕਿਹਾ ਹੈ। ਉਸ ਨੇ ਐਤਵਾਰ ਚਿਤਾਵਨੀ ਜਾਰੀ ਕੀਤੀ ਕਿ ਭਗਤ ਦਾਨ ਮੰਗਣ ਵਾਲੇ ਫਰਜ਼ੀ ਸੋਸ਼ਲ ਮੀਡੀਆ ਸੰਦੇਸ਼ਾਂ ਤੋਂ ਸਾਵਧਾਨ ਰਹਿਣ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਿਹਾ ਹੈ ਕਿ ਲੋਕ ਅਜਿਹੇ ਗਰੁੱਪਾਂ ਜਾਂ ਵਿਅਕਤੀਆਂ ਨੂੰ ਫੰਡ ਨਾ ਦੇਣ। ਪ੍ਰੀਸ਼ਦ ਦੇ ਬੁਲਾਰੇ ਵਿਨੋਦ ਬਾਂਸਲ ਨੇ ਇਸ ਮੁੱਦੇ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਦਿੱਲੀ ਤੇ ਯੂ ਪੀ ਦੇ ਪੁਲਸ ਮੁਖੀਆਂ ਕੋਲ ਉਠਾਇਆ ਹੈ। ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੂੰ ਵੀ ਜਾਲ੍ਹਸਾਜ਼ਾਂ ਖਿਲਾਫ ਫੌਰੀ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਬਾਂਸਲ ਨੇ ਕਿਹਾ ਹੈ ਕਿ ਜਾਲ੍ਹਸਾਜ਼ ਕਿਊਆਰ ਕੋਡ ਦੇ ਸਕਰੀਨ ਸ਼ਾਟ ਭੇਜ ਕੇ ਰਾਮ ਮੰਦਰ ਦੇ ਨਾਂਅ 'ਤੇ ਚੰਦਾ ਮੰਗ ਰਹੇ ਹਨ। ਉਨ੍ਹਾ ਨੂੰ ਇਸ ਬਾਰੇ ਹਾਲ ਹੀ ਵਿਚ ਪਤਾ ਲੱਗਾ ਹੈ। ਸ੍ਰੀ ਰਾਮ ਜਨਮ ਭੂਮੀ ਤੀਰਥ ਸ਼ੇਤਰ ਨਿਆਸ ਨੇ ਕਿਸੇ ਨੂੰ ਚੰਦਾ ਇਕੱਠਾ ਕਰਨ ਦਾ ਅਧਿਕਾਰ ਨਹੀਂ ਦਿੱਤਾ। ਪ੍ਰੀਸ਼ਦ ਦੇ ਜਨਰਲ ਸਕੱਤਰ ਮਿਲਿੰਦ ਪਰਾਂਡੇ ਨੇ ਕਿਹਾ ਕਿ ਮੰਦਰ ਦੇ ਅਭਿਸ਼ੇਕ ਸਮਾਰੋਹ ਲਈ ਕਿਸੇ ਨੂੰ ਚੰਦਾ ਇਕੱਠਾ ਕਰਨ ਲਈ ਵੱਖਰੀ ਕਮੇਟੀ ਬਣਾਉਣ ਜਾਂ ਰਸੀਦਾਂ ਛਾਪਣ ਦੀ ਆਗਿਆ ਨਹੀਂ ਦਿੱਤੀ ਗਈ।

## 2024 ਦਾ ਸਵਾਗਤ



ਨਵੇਂ ਸਾਲ ਦਾ ਸਵਾਗਤ ਸਭ ਤੋਂ ਪਹਿਲਾਂ ਕੇਂਦਰੀ ਪ੍ਰਸ਼ਾਂਤ ਸਾਗਰ ਵਿਚ ਟਾਪੂਆਂ ਦੇ ਦੇਸ਼ ਕਿਰੀਬੱਸ ਨੇ ਕੀਤਾ। ਇਸ ਦੀ ਆਬਾਦੀ ਇੱਕ ਲੱਖ 20 ਹਜ਼ਾਰ ਹੈ। ਉਸ ਵੇਲੇ ਭਾਰਤ ਵਿਚ 31 ਦਸੰਬਰ ਦੇ ਬਾਅਦ ਦੁਪਹਿਰ ਦੇ ਸਾਢੇ ਤਿੰਨ ਵੱਜੇ ਸਨ।

## ਹਿਮਾਚਲ ਦੀ ਸੈਰ ਕਰਨ ਵਾਲੇ ਇਹ ਛੱਡ ਕੇ ਆ ਰਹੇ



**ਸ਼ਿਮਲਾ** : ਭਾਰਤੀ ਜੰਗਲਾਤ ਸੇਵਾ ਦੇ ਅਧਿਕਾਰੀ ਪ੍ਰਵੀਨ ਕਾਸਵਾਨ ਨੇ ਐਤਵਾਰ ਇਹ ਤਸਵੀਰ 'ਐੱਕਸ' 'ਤੇ ਸ਼ੇਅਰ ਕਰਦਿਆਂ ਦੱਸਿਆ ਕਿ ਹਿਮਾਚਲ ਦੀ ਸੈਰ ਕਰਨ ਵਾਲੇ ਸੈਲਾਨੀ ਉੱਥੇ ਕੀ ਗੰਦ ਪਾ ਕੇ ਆ ਰਹੇ ਹਨ। ਇਹ ਤਸਵੀਰ ਮਨਾਲੀ ਤੋਂ 40 ਕਿੱਲੋਮੀਟਰ ਦੂਰ ਲਾਹੌਲ ਵਾਦੀ ਦੇ ਕਸਬਾ ਸੀਸੂ ਦੀ ਹੈ। ਅਟਲ ਸੁਰੰਗ ਨੂੰ ਪਾਰ ਕਰਦਿਆਂ ਹੀ ਸੀਸੂ ਤੇ ਖੋਕਸਰ ਆਉਂਦੇ ਹਨ। ਸੁਰੰਗ ਵਿੱਚੋਂ ਰੋਜ਼ਾਨਾ ਹਜ਼ਾਰਾਂ ਵਾਹਨ ਲੰਘਦੇ ਹਨ।

## ਅੱਜ ਤੋਂ ਸਕੂਲ 10 ਵਜੇ ਖੁੱਲ੍ਹਣਗੇ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਸਰਦੀਆਂ ਦੇ ਮੌਸਮ ਦੇ ਮੱਦੇਨਜ਼ਰ 1 ਜਨਵਰੀ, 2024 ਤੋਂ ਸਕੂਲ ਖੁੱਲ੍ਹਣ ਦਾ ਸਮਾਂ ਸਵੇਰੇ 10 ਵਜੇ ਕਰਨ ਦਾ ਫ਼ੈਸਲਾ ਕੀਤਾ ਹੈ। ਸਕੂਲ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਕੂਲ ਸਵੇਰੇ 10 ਵਜੇ ਖੁੱਲ੍ਹਣਗੇ ਅਤੇ ਬਾਅਦ ਦੁਪਹਿਰ 3 ਵਜੇ ਬੰਦ ਹੋਣਗੇ। ਇਹ ਹੁਕਮ 14 ਜਨਵਰੀ ਤੱਕ ਲਾਗੂ ਰਹਿਣਗੇ।ਇਸੇ ਦੌਰਾਨ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਹੈ ਕਿ ਆਂਗਨਵਾੜੀ ਸੈਂਟਰ ਵੀ ਸਵੇਰੇ 10 ਵਜੇ ਖੁੱਲ੍ਹਣਗੇ।

## ਦਸਤਾਨਾ ਫੈਕਟਰੀ 'ਚ ਅੱਗ ਨਾਲ ਛੇ ਵਰਕਰਾਂ ਦੀ ਮੌਤ



**ਛਤਰਪਤੀ ਸਾਂਬਾਜੀਨਗਰ** : ਮਹਾਰਾਸ਼ਟਰ ਦੇ ਛਤਰਪਤੀ ਸਾਂਬਾਜੀ ਨਗਰ ਜ਼ਿਲ੍ਹੇ ਦੇ ਵਾਲੁਜ ਸਨਅਤੀ ਖੇਤਰ ਵਿੱਚ ਸਨਸ਼ਾਈਨ ਐਂਟਰਪ੍ਰਾਈਜਿਜ਼ ਦੇ ਦਸਤਾਨੇ ਬਣਾਉਣ ਵਾਲੇ ਯੂਨਿਟ 'ਚ ਐਤਵਾਰ ਵੱਡੇ ਤੜਕੇ ਅੱਗ ਲੱਗਣ ਕਰਕੇ ਛੇ ਵਰਕਰਾਂ ਦੀ ਮੌਤ ਹੋ ਗਈ। ਹਾਦਸੇ ਮੌਕੇ ਫੈਕਟਰੀ ਵਿੱਚ 13 ਕਾਮੇ ਸੁੱਤੇ ਹੋਏ ਸਨ। ਸੱਤ ਹੋਰਨਾਂ ਨੂੰ ਟੀਨ ਵਾਲੀ ਛੱਤ ਤੋੜ ਕੇ ਬਾਹਰ ਕੱਢਿਆ ਗਿਆ।

# ਵਿਦਿਆਰਥਣ ਨਾਲ ਗੈਂਗਰੇਪ ਦੇ ਦੋਸ਼ 'ਚ ਤਿੰਨ ਭਾਜਪਾਈ ਨੌਜਵਾਨ ਗ੍ਰਿਫਤਾਰ

**ਵਾਰਾਨਸੀ** : ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਵਿਦਿਆਰਥਣ ਨਾਲ ਇਕ ਨਵੰਬਰ ਨੂੰ ਗੈਂਗਰੇਪ ਕਰਨ ਦੇ ਦੋਸ਼ ਵਿਚ ਤਿੰਨ ਨੌਜਵਾਨਾਂ ਨੂੰ ਦੋ ਮਹੀਨਿਆਂ ਬਾਅਦ ਕਾਬੂ ਕਰ ਲਿਆ ਗਿਆ ਹੈ। ਇਹ ਤਿੰਨੋਂ ਭਾਜਪਾ ਦੇ ਆਈ ਟੀ ਸੈੱਲ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀ ਪਛਾਣ ਕੁਣਾਲ ਪਾਂਡੇ, ਆਨੰਦ ਉਰਫ ਅਭਿਸ਼ੇਕ ਚੌਹਾਨ ਤੇ ਸਕਸ਼ਮ ਪਟੇਲ ਵਜੋਂ ਹੋਈ ਹੈ। ਤਿੰਨੋਂ ਸ਼ਹਿਰ ਦੇ ਰਸੂਖਦਾਰ ਪਰਵਾਰਾਂ ਵਿੱਚੋਂ ਹਨ। ਕੁਣਾਲ ਭਾਜਪਾ ਕੌਂਸਲਰ ਦਾ ਦਾਮਾਦ ਹੈ।

ਯੂਨੀਵਰਸਿਟੀ ਵਿਚ ਆਈ ਆਈ ਟੀ ਤੋਂ ਬੀ ਟੈੱਕ ਕਰ ਰਹੀ ਵਿਦਿਆਰਥਣ ਦੇਰ ਰਾਤ ਹੋਸਟਲ ਤੋਂ ਸੈਰ ਲਈ ਨਿਕਲੀ ਸੀ। ਇਸ ਦੌਰਾਨ ਉਸ ਦਾ ਦੋਸਤ ਮਿਲ ਗਿਆ ਤੇ ਉਹ ਦੋਵੇਂ ਸੈਰ ਕਰਨ ਲੱਗੇ। ਆਈ ਆਈ ਟੀ ਦੇ ਪਿਛਲੇ ਪਾਸੇ ਕਰਮਨਬੀਰ ਬਾਬਾ ਮੰਦਰ ਤੋਂ ਥੋੜ੍ਹਾ ਪਹਿਲਾਂ ਬੁਲੇਟ ਸਵਾਰ ਤਿੰਨ ਨੌਜਵਾਨ ਪੁੱਜੇ ਤੇ ਦੋਹਾਂ ਨੂੰ ਫੜ ਲਿਆ। ਉਨ੍ਹਾਂ ਕੋਲ ਹਥਿਆਰ ਵੀ ਸਨ। ਤਿੰਨਾਂ ਨੇ ਵਿਦਿਆਰਥਣ ਤੇ ਵਿਦਿਆਰਥੀ ਧਮਕਾ ਕੇ ਮੋਬਾਇਲ ਖੋਹ ਲਿਆ। ਵਿਦਿਆਰਥਣ ਦਾ ਮੂੰਹ ਦਬਾ ਕੇ ਲੈ ਗਏ ਅਤੇ ਕੱਪੜੇ ਲੁਹਾ ਕੇ ਵੀਡੀਓ ਬਣਾਇਆ। ਉਸ ਨਾਲ ਗੈਂਗਰੇਪ ਵੀ ਕੀਤਾ ਤੇ ਧਮਕਾ ਕੇ ਚਲੇ ਗਏ। ਵਿਦਿਆਰਥਣ ਜਾਨ ਬਚਾਉਣ ਲਈ ਉੱਥੋਂ ਭੱਜ ਕੇ ਪ੍ਰੋਫੈਸਰ ਦੇ ਘਰ ਪੁੱਜੀ। ਅਗਲੇ ਦਿਨ ਯੂਨੀਵਰਸਿਟੀ ਵਿਚ ਇਸ ਘਿਨਾਉਣੇ ਕਾਰੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਹੋਇਆ। ਕਾਂਗਰਸ ਦੇ ਸੂਬਾ ਪ੍ਰਧਾਨ ਅਜੈ ਰਾਇ ਨੇ ਕਿਹਾ ਕਿ ਪਹਿਲਾਂ ਭਾਜਪਾ ਸਰਕਾਰ ਨੇ ਮਾਮਲੇ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਦਬਾਅ ਬਣਨ 'ਤੇ ਐੱਫ



ਆਈ ਆਰ ਲਿਖੀ। ਦੋ ਮਹੀਨਿਆਂ ਬਾਅਦ ਇਨ੍ਹਾਂ ਮੁਲਜ਼ਮਾਂ ਨੂੰ ਫੜਿਆ ਗਿਆ। ਇਹ ਸਾਰੇ ਭਾਜਪਾ ਦੇ ਅਹੁਦੇਦਾਰ ਹਨ। ਭਾਜਪਾ ਦੇ ਆਈ ਟੀ ਸੈੱਲ ਵਿਚ ਇਨ੍ਹਾਂ ਦੀ ਚੰਗੀ ਪੁਜ਼ੀਸ਼ਨ ਹੈ। ਕੁਣਾਲ ਪਾਂਡੇ ਭਾਜਪਾ ਆਈ ਟੀ ਸੈੱਲ ਦਾ ਵਾਰਾਨਸੀ ਦਾ ਕਨਵੀਨਰ ਹੈ। ਉਸ ਦੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੌਮੀ ਭਾਜਪਾ ਪ੍ਰਧਾਨ ਜੇ ਪੀ ਨੱਢਾ, ਮੁੱਖ ਮੰਤਰੀ ਆਦਿੱਤਿਆ ਨਾਥ ਯੋਗੀ ਤੇ ਭਾਜਪਾ ਦੇ ਹੋਰਨਾਂ ਵੱਡੇ ਆਗੂਆਂ ਨਾਲ ਤਸਵੀਰਾਂ ਦੇਖੀਆਂ ਜਾ ਸਕਦੀਆਂ ਹਨ। ਸਕਸ਼ਮ ਪਟੇਲ ਵੀ ਭਾਜਪਾ ਦਾ ਅਹੁਦੇਦਾਰ ਹੈ ਅਤੇ ਵਰਤਮਾਨ ਕਾਸ਼ੀ ਪ੍ਰਾਂਤ ਪ੍ਰਧਾਨ ਦਲੀਪ ਪਟੇਲ ਦਾ ਸਹਿਯੋਗੀ ਹੈ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਤਿੰਨਾਂ ਮੁਲਜ਼ਮਾਂ ਦੀ ਫੋਟੋ ਸ਼ੇਅਰ ਕਰਦਿਆਂ ਪੋਸਟ ਪਾਈ ਹੈ—ਇਹ ਹਨ ਭਾਜਪਾ ਦੇ ਵੱਡੇ ਆਗੂਆਂ ਦੀ ਛਤਰ-ਛਾਇਆ ਵਿਚ ਸਰੇਆਮ ਪਨਪਦੇ ਤੇ ਘੁੰਮਦੇ ਭਾਜਪਾਈਆਂ ਦੀ ਉਹ ਨਸਲ, ਜਿਨ੍ਹਾਂ ਦੀ ਅਖੌਤੀ ਜ਼ੀਰੋ ਟਾਲਰੈਂਸ ਸਰਕਾਰ ਵਿਚ ਦਿਖਾਵਟੀ ਤਲਾਸ਼ ਜਾਰੀ ਸੀ, ਪਰ ਪੁਖਤਾ ਸਬੂਤਾਂ ਤੇ ਲੋਕਾਂ ਦੇ ਦਬਾਅ ਵਿਚ ਭਾਜਪਾ ਸਰਕਾਰ ਨੂੰ ਆਖਰ ਇਨ੍ਹਾਂ ਨੂੰ ਗ੍ਰਿਫਤਾਰ ਕਰਨਾ ਪਿਆ।

## ਤਹਿਰੀਕ-ਏ-ਹੁਰੀਅਤ ਗੈਰਕਾਨੂੰਨੀ ਕਰਾਰ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਤਹਿਰੀਕ-ਏ-ਹੁਰੀਅਤ ਨੂੰ ਗੈਰਕਾਨੂੰਨੀ ਐਲਾਨ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਵੀਟ ਰਾਹੀਂ ਦੱਸਿਆ ਕਿ ਜੰਮੂ-ਕਸ਼ਮੀਰ ਦੀ ਜਥੇਬੰਦੀ ਨੂੰ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਤਹਿਤ ਗੈਰਕਾਨੂੰਨੀ ਐਲਾਨਿਆ ਗਿਆ ਹੈ। ਭਾਰਤ ਸਰਕਾਰ ਮੁਤਾਬਕ ਤਹਿਰੀਕ-ਏ-ਹੁਰੀਅਤ ਜੰਮੂ-ਕਸ਼ਮੀਰ 'ਚ ਪਿਛਲੇ ਕਈ ਸਾਲਾਂ ਤੋਂ ਵੱਖਵਾਦੀ ਵਿਚਾਰਧਾਰਾ ਨੂੰ ਉਤਸ਼ਾਹਤ ਕਰਨ ਲਈ ਕੰਮ ਕਰ ਰਹੀ ਸੀ। ਇਹ ਜੰਮੂ-ਕਸ਼ਮੀਰ 'ਚ ਵੱਖਵਾਦ ਨੂੰ ਭੜਕਾਉਣ ਲਈ ਭਾਰਤ ਵਿਰੋਧੀ ਪ੍ਰਚਾਰ ਅਤੇ ਦਹਿਸ਼ਤੀ ਗਤੀਵਿਧੀਆਂ ਨੂੰ ਜਾਰੀ ਰੱਖਦੀ ਪਾਈ ਗਈ ਹੈ। ਇਹ ਜਥੇਬੰਦੀ ਜੰਮੂ-ਕਸ਼ਮੀਰ ਨੂੰ ਭਾਰਤ ਤੋਂ ਵੱਖ ਕਰਨ ਅਤੇ ਇਸਲਾਮਿਕ ਸ਼ਾਸਨ ਸਥਾਪਤ ਕਰਨ ਲਈ ਮਨਾਹੀ ਵਾਲੀਆਂ ਗਤੀਵਿਧੀਆਂ 'ਚ ਸ਼ਾਮਲ ਹੈ। ਇਸ ਤੋਂ ਪਹਿਲਾਂ 27 ਦਸੰਬਰ ਨੂੰ ਮੁਸਲਿਮ ਲੀਗ ਜੰਮੂ-ਕਸ਼ਮੀਰ (ਮਸਰਤ ਆਲਮ ਧੜੇ) ਨੂੰ ਅਗਲੇ ਪੰਜ ਸਾਲਾਂ ਲਈ ਤੁਰੰਤ ਪ੍ਰਭਾਵ ਨਾਲ ਗੈਰਕਾਨੂੰਨੀ ਜਥੇਬੰਦੀ ਐਲਾਨਿਆ ਗਿਆ ਸੀ। ਸ਼ਾਹ ਨੇ ਕਿਹਾ ਸੀ ਕਿ ਦੇਸ਼ ਦੀ ਏਕਤਾ, ਪ੍ਰਭੁੱਸਤਾ ਅਤੇ ਅਖੰਡਤਾ ਦੇ ਵਿਰੁੱਧ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਸ ਨੂੰ ਕਾਨੂੰਨ ਦੇ ਪੂਰੇ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ।

## ਢੈਪਈ ਟੋਲ ਪਲਾਜ਼ੇ ਖਿਲਾਫ ਮੋਰਚੇ ਦਾ ਸੀ ਪੀ ਆਈ ਵੱਲੋਂ ਸਮਰਥਨ



**ਭੀਖੀ ਮਾਨਸਾ (ਪਮਾਰ)**

ਸਰਕਾਰਾਂ ਦਾ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਤੇ ਕੰਪਨੀਆਂ ਨੂੰ ਨਿਵੇਸ਼ ਕਰਨ ਲਈ ਦਿੱਤੀ ਜਾ ਖੁੱਲ੍ਹ ਆਮ ਲੋਕਾਂ ਦੀ ਲੁੱਟ ਦਾ ਕਾਰਨ ਬਣ ਰਹੀ ਹੈ। ਭੀਖੀ ਨੇੜਲੇ ਪਿੰਡ ਢੈਪਈ 'ਤੇ ਬਣੇ ਟੋਲ, ਜੋ ਕਿ ਆਪਣੀ ਮਿਆਦ ਪੁਗਾ ਚੁੱਕਾ ਹੈ ਅਤੇ ਲੰਮੇ ਸਮੇਂ ਤੋਂ ਬੰਦ ਰਹਿਣ ਕਾਰਨ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਟੋਲ ਨੂੰ ਚੁਕਵਾਉਣ ਸੰਬੰਧੀ ਲੱਗੇ ਮੋਰਚੇ ਵਿੱਚ ਸ਼ਾਮਲ ਹੋਣ ਉਪਰੰਤ ਕੀਤਾ। ਸੀਨੀਅਰ ਕਮਿਊਨਿਸਟ ਆਗੂ ਅਰਸ਼ੀ ਨੇ ਸਰਕਾਰ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਮਿਆਦ ਪੂਰੀ ਹੋਏ ਟੋਲ ਪਲਾਜ਼ਾ ਨੂੰ ਸਰਕਾਰ ਬਿਨਾਂ ਦੇਰੀ ਚੁੱਕੇ, ਕਿਉਂਕਿ ਇਹਨਾਂ ਕਰਕੇ ਜਿਥੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਤੇ ਕਤਲੇਆਮ ਵਿੱਚ ਵਾਧਾ ਹੋ ਰਿਹਾ ਹੈ, ਉੱਥੇ ਹਾਦਸਿਆਂ ਕਰਕੇ ਅਨੇਕਾਂ ਪਰਵਾਰਾਂ ਦੇ ਚਿਰਾਗ ਵੀ ਬੁਝ ਰਹੇ ਹਨ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਨੇ ਲੱਗੇ ਮੋਰਚੇ ਦਾ ਸੀ ਪੀ ਆਈ ਵੱਲੋਂ ਸਮਰਥਨ ਕੀਤਾ ਅਤੇ ਇਨਸਾਫ਼ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਬੰਦ ਪਏ ਟੋਲ ਪਲਾਜ਼ਾ ਕਰਕੇ ਆਮ ਰਾਹਗੀਰਾਂ ਦੀ ਹੋ ਰਹੀ ਲੁੱਟ ਤੇ ਹਾਦਸਿਆਂ ਨੂੰ ਰੋਕਣ ਲਈ ਸਰਕਾਰ ਨੂੰ ਜਗਾਉਣ ਵਿੱਚ ਸਹਿਯੋਗ ਕਰਨ।

## ਅਜਿਹਾ ਜ਼ੁਲਮ ਦੇਖ ਕੇ ਦਰਦ ਹੁੰਦੈ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮਹਿਲਾ ਭਲਵਾਨ ਵਿਨੇਸ਼ ਫੋਗਾਟ ਵੱਲੋਂ ਆਪਣਾ ਖੇਲ ਰਤਨ ਤੇ ਅਰਜੁਨ ਐਵਾਰਡ ਸਰਕਾਰ ਨੂੰ ਮੋੜੇ ਜਾਣ ਦੇ ਹਵਾਲੇ ਨਾਲ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਪੀ ਐੱਮ ਦੇਸ਼ ਦੇ ਰਖਵਾਲੇ ਹਨ ਤੇ ਉਨ੍ਹਾ ਵੱਲੋਂ 'ਅਜਿਹਾ ਜ਼ੁਲਮ' ਦੇਖ ਕੇ ਦਰਦ ਹੁੰਦਾ ਹੈ। ਰਾਹੁਲ ਨੇ ਫੋਗਾਟ ਦੀ ਕਰਤੱਵਿਆ ਪੱਥ ਵਾਲੀ ਤਸਵੀਰ ਸਾਂਝੀ ਕਰਦਿਆਂ ਐੱਕਸ 'ਤੇ ਇਕ ਪੋਸਟ ਵਿੱਚ ਕਿਹਾ—ਦੇਸ਼ ਦੀ ਹਰ ਧੀ ਲਈ ਸਵੈ-ਮਾਣ ਸਭ ਤੋਂ ਪਹਿਲਾਂ, ਜਦੋਂਕਿ ਤਮਗੇ ਜਾਂ ਹੋਰ ਸਨਮਾਨ ਬਾਅਦ ਵਿਚ ਹਨ। ਕੀ ਕਿਸੇ 'ਅਖੌਤੀ ਬਾਹੂਬਲੀ' ਤੋਂ ਮਿਲੇ 'ਸਿਆਸੀ ਲਾਭ' ਦੀ ਕੀਮਤ ਇਨ੍ਹਾਂ ਬਹਾਦਰ ਧੀਆਂ ਦੇ ਹੰਝੂਆਂ ਤੋਂ ਵੱਧ ਹੈ? ਵਿਨੇਸ਼ ਫੋਗਾਟ ਨੇ ਸ਼ਨੀਵਾਰ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ ਤਾਂ ਦਿੱਲੀ ਪੁਲਸ ਨੇ ਉਸ ਨੂੰ ਪੀ ਐੱਮ ਦਫ਼ਤਰ ਜਾਣ ਤੋਂ ਰੋਕ ਦਿੱਤਾ ਸੀ। ਮਗਰੋਂ ਫੋਗਾਟ ਨੇ ਦਿੱਲੀ ਦੇ ਕਰਤੱਵਿਆ ਪੱਥ ਦੇ ਐਨ ਵਿਚਾਲੇ ਆਪਣਾ ਖੇਲ ਰਤਨ ਤੇ ਅਰਜੁਨ ਐਵਾਰਡ ਰੱਖ ਕੇ ਸਰਕਾਰ ਨੂੰ ਮੋੜ ਦਿੱਤੇ ਸਨ। ਫੋਗਾਟ ਨੇ ਉਲੰਪਿਕ ਤਗ਼ਮਾ ਜੇਤੂ ਭਲਵਾਨ ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਨਾਲ ਮਿਲ ਕੇ ਸੰਜੈ ਸਿੰਘ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਨਵਾਂ ਪ੍ਰਧਾਨ ਚੁਣੇ ਜਾਣ 'ਤੇ ਇਤਰਾਜ਼ ਜਤਾਇਆ ਸੀ। ਭਲਵਾਨਾਂ ਨੇ ਸੰਜੈ ਸਿੰਘ ਨੂੰ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਭਾਜਪਾ ਆਗੂ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਵਫਾਦਾਰ ਦੱਸਿਆ ਸੀ।

## ਦੱਸ ਸਾਨੂੰ ਛੱਡ ਕੇ...?

**ਸ਼ਾਹਕੋਟ (ਗਿਆਨ ਸੈਦਪੁਰੀ)**

ਸਿਆਸਤ ਵਿੱਚ ਸਿਆਸੀ ਵਫ਼ਾਦਾਰੀਆਂ ਬਦਲ ਲੈਣੀਆਂ ਹੁਣ ਆਮ ਵਰਤਾਰਾ ਹੋ ਗਿਆ ਹੈ। ਕਿਸੇ ਇੱਕ ਸਿਆਸੀ ਆਗੂ ਵੱਲੋਂ ਪਹਿਲੀ ਛੱਡ ਕੇ ਦੂਸਰੀ ਪਾਰਟੀ ਵਿੱਚ ਚਲੇ ਜਾਣ ਦੇ ਵਰਤਾਰੇ ਨਾਲ ਸਮਰਥਕਾਂ ਵੱਲੋਂ ਆਪੋ-ਆਪਣੇ ਆਗੂ ਬਦਲ ਲੈਣ ਦਾ ਰੁਝਾਨ ਵੇਖਣ ਨੂੰ ਮਿਲਣਾ ਵੀ ਸੁਭਾਵਕ ਹੈ। ਸ਼ਾਹਕੋਟ ਦੀ ਸਿਆਸਤ ਵਿੱਚ ਅਜਿਹਾ ਕੁਝ ਵੱਡੇ ਪੱਧਰ 'ਤੇ ਵਾਪਰਿਆ ਹੈ।

ਸਮਾਜਕ ਤੇ ਪਰਵਾਰਕ ਸਮਾਗਮਾਂ ਵਿੱਚ ਜਦੋਂ ਕਿਤੇ ਰਕੀਬਾਂ ਦਾ ਇੱਕੋ ਸਮੇਂ ਸ਼ਾਮਲ ਹੋਣ ਦਾ ਸਬੱਬ ਬਣ ਜਾਵੇ ਤਾਂ ਕਈ ਵਾਰ ਮਾਹੌਲ ਵਿੱਚ ਤਲਖ਼ੀ ਪੈਦਾ ਹੋ ਜਾਂਦੀ ਹੈ ਤੇ ਕਦੇ-ਕਦੇ ਮੰਜ਼ਰ ਦਿਲਚਸਪੀ ਵਾਲਾ ਵੀ ਨਜ਼ਰ ਆਉਂਦਾ ਹੈ।

ਸ਼ਾਹਕੋਟ ਵਿੱਚ ਐਤਵਾਰ ਨੂੰ ਇੱਕ ਸਮੂਹਿਕ ਵਿਆਹ ਸਮਾਗਮ ਵਿੱਚ ਉਪਰ ਵਰਣਨ ਕੀਤੇ ਮਾਹੌਲ ਦੇ ਦੂਸਰੇ ਹਿੱਸੇ ਵਰਗਾ ਮਾਹੌਲ ਨਜ਼ਰ ਆਇਆ। ਸਮਾਗਮ ਵਿੱਚ ਸਭ ਤੋਂ ਪਹਿਲਾਂ ਬੀਬੀ ਰਣਜੀਤ ਕੌਰ ਆਪਣੇ ਸਮਰਥਕਾਂ ਨਾਲ ਸ਼ਾਮਲ ਹੋਏ। ਰਣਜੀਤ ਕੌਰ ਕੁਵੇਲੇ ਅੱਖਾਂ ਮੀਟ ਗਏ ਆਪ ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਦੀ ਪਤਨੀ ਹੈ। ਉਹ ਸਮਾਗਮ ਵਿੱਚ ਥੋੜ੍ਹਚਿਰੀ ਹਾਜ਼ਰੀ ਲਗਵਾ ਕੇ ਆਪਣੇ ਸਮਰਥਕਾਂ ਸਮੇਤ ਚਲੇ ਗਏ। ਉਨ੍ਹਾ ਨੂੰ ਸ਼ਾਇਦ ਕਨਸੋਅ ਲੱਗ ਗਈ ਸੀ ਕਿ ਸਿਆਸਤ ਦੇ ਤੇਜ਼-ਤਰਾਰ ਆਗੂ ਰਾਣਾ ਹਰਦੀਪ ਸਿੰਘ ਸਮਾਗਮ ਵਿੱਚ ਜਲਦੀ ਪਹੁੰਚਣ ਵਾਲੇ ਹਨ। ਰਾਣਾ ਹੁਰੀਂ ਜਦੋਂ ਵਿਆਹ ਸਮਾਗਮ ਵਿੱਚ ਪਹੁੰਚੇ ਤਾਂ ਉਨ੍ਹਾ ਦੇ ਨਾਲ ਸਮਰਥਕ ਹੋਰ ਸਨ। ਰਾਣਾ ਹਰਦੀਪ ਸਿੰਘ ਸਿੰਘ ਤੇ ਬੀਬੀ ਰਣਜੀਤ ਕੌਰ ਦੋਵੇਂ 'ਆਪ' ਆਗੂ ਹਨ। ਪ੍ਰਬੰਧਕਾਂ ਨੂੰ ਜਦੋਂ ਪਤਾ ਲੱਗਾ ਕਿ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵੀ ਹੁਣੇ ਸਮਾਗਮ ਦਾ ਹਿੱਸਾ ਬਣਨ ਵਾਲੇ ਹਨ। ਪ੍ਰਬੰਧਕਾਂ ਦੇ ਹਾਵ-ਭਾਵ ਤੋਂ ਅਹਿਸਾਸ ਹੋ ਰਿਹਾ ਸੀ ਕਿ ਸ਼ਾਇਦ ਉਹ ਸੋਚਦੇ ਹੋਣ ਕਿ ਦੋ ਤਲਵਾਰਾਂ ਇੱਕੋ ਮਿਆਨ ਵਿੱਚ ਕਿਵੇਂ ਪਾਵਾਂਗੇ। ਇਸ ਤਰ੍ਹਾਂ ਸੋਚਣ ਦੀ ਵਾਜਬੀਅਤ ਇਹ ਸੀ ਕਿ ਪਿੱਛੇ ਜਿਹੇ ਇੱਕ ਸਮਾਗਮ ਵਿੱਚ ਉਕਤ ਦੋ 'ਤਲਵਾਰਾਂ ਖੜਕ' ਪਈਆਂ ਸਨ, ਜਦੋਂ ਹਲਕਾ ਵਿਧਾਇਕ ਸ਼ੇਰੋਵਾਲੀਆ ਦਾ ਕਾਫ਼ਲਾ ਸਮਾਗਮ ਵਿੱਚ ਸ਼ਾਮਲ ਹੋਇਆ ਤਾਂ ਮਾਹੌਲ ਦਿਲਚਸਪ ਬਣ ਗਿਆ।

ਰਾਣਾ ਹਰਦੀਪ ਸਿੰਘ ਦੇ ਨਾਲ ਬੈਠੇ ਸਮਰਥਕਾਂ ਵਿੱਚ ਕੁਝ ਉਹ ਸਨ, ਜਿਹੜੇ ਕੁਝ ਮਹੀਨੇ ਪਹਿਲਾਂ ਸ਼ੇਰੋਵਾਲੀਆ ਦੀ 'ਹਿੱਕ ਦੇ ਵਾਲ' ਸਨ ਤੇ ਸ਼ੇਰੋਵਾਲੀਆ ਦੇ ਨਾਲ ਆਇਆਂ ਵਿੱਚ ਇੱਕ-ਦੋ ਅਜਿਹੇ ਵੀ ਸਨ, ਜੋ ਰਾਣਾ ਦੀ ਸਿਆਸਤ ਦੀ ਚਾਲ-ਢਾਲ ਦੇ ਹਾਮੀ ਸਨ। ਹੁਣ ਦੋਵੇਂ ਆਗੂਆਂ ਦੇ ਸਮਰਥਕ ਆਪਸ ਵਿੱਚ ਅੱਖਾਂ ਮਿਲਾਉਣ ਤਾਂ ਕਿਵੇਂ ਮਿਲਾਉਣ? ਉਨ੍ਹਾਂ ਦੇ ਮਨਾਂ ਵਿੱਚ ਚਲਦੇ ਸੰਵਾਦਾਂ ਵਿੱਚ ਮਨਮੋਹਣ ਵਾਰਿਸ ਦਾ ਮਸ਼ਹੂਰ ਗੀਤ, 'ਦੱਸ ਸਾਨੂੰ ਛੱਡ ਕੇ ਕਿੱਦਾਂ ਦਾ ਮਹਿਸੂਸ ਹੋ ਰਿਹਾ ਏ..', ਵੀ ਸ਼ਾਮਲ ਹੋਵੇਗਾ।

# ਲੰਘੇ ਸਾਲ ਬਿਜਲੀ ਵਿਭਾਗ ਨੇ ਨਵੇਂ ਰਿਕਾਰਡ ਕਾਇਮ ਕੀਤੇ : ਹਰਭਜਨ ਸਿੰਘ ਈ ਟੀ ਓ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸਾਲ 2023 ਦੌਰਾਨ ਬਿਜਲੀ ਵਿਭਾਗ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਪੇਸ਼ ਕਰਦਿਆਂ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਐਤਵਾਰ ਦੱਸਿਆ ਕਿ ਵਿਭਾਗ ਨੇ ਇਸ ਸਾਲ ਦੌਰਾਨ ਨਵੇਂ ਰਿਕਾਰਡ ਕਾਇਮ ਕਰਨ ਦੇ ਨਾਲ-ਨਾਲ ਕਈ ਚੁਣੌਤੀਆਂ ਦਾ ਸਫਲਤਾਪੂਰਵਕ ਸਾਹਮਣਾ ਕੀਤਾ ਅਤੇ 2 ਮਹੀਨਿਆਂ ਲਈ 600 ਯੂਨਿਟ ਅਤੇ 300 ਯੂਨਿਟ ਪ੍ਰਤੀ ਮਹੀਨਾ ਪਿੱਛੇ ਜ਼ੀਰੋ ਬਿਜਲੀ ਬਿੱਲ ਦੀ ਸਹੂਲਤ ਦੇ ਕੇ 90 ਫੀਸਦੀ ਤੋਂ ਵੱਧ ਘਰੇਲੂ ਲੋਕਾਂ ਨੂੰ ਮੁਫਤ ਬਿਜਲੀ ਮੁਹੱਈਆ ਕਰਵਾਈ। ਉਨ੍ਹਾ ਕਿਹਾ ਕਿ ਇਸ ਦੇ ਨਾਲ ਹੀ ਰਾਜ ਵਿੱਚ ਖੇਤੀਬਾੜੀ ਲਈ 100 ਪ੍ਰਤੀਸ਼ਤ ਟਿਊਬਵੈੱਲਾਂ ਨੂੰ ਮੁਫਤ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ।

ਬਿਜਲੀ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਨੂੰ 1 ਅਪ੍ਰੈਲ 2023 ਤੋਂ 30 ਸਤੰਬਰ 2023 ਤੱਕ 564.75 ਕਰੋੜ ਰੁਪਏ ਦਾ ਮੁਨਾਫਾ ਹੋਇਆ ਹੈ। ਪੀ ਐੱਸ ਪੀ ਸੀ ਐੱਲ ਨੇ ਪਿਛਲੇ 7 ਸਾਲਾਂ ਤੋਂ ਬੰਦ ਪਈ ਪਛਵਾੜਾ ਕੇਂਦਰੀ ਕੋਲਾ ਖਾਣ ਨੂੰ ਚਾਲੂ ਕਰਨ ਦੀਆਂ ਚੁਣੌਤੀਆਂ ਨੂੰ ਸਫਲਤਾਪੂਰਵਕ ਪਾਰ ਕੀਤਾ ਅਤੇ ਦਸੰਬਰ 2022 ਵਿੱਚ ਪੀ ਐੱਸ ਪੀ ਸੀ ਐੱਲ ਥਰਮਲ ਪਾਵਰ ਸਟੇਸ਼ਨਾਂ ਨੂੰ ਮਹਿੰਗੇ ਦਰਾਮਦ ਕੀਤੇ ਕੋਲੇ ਦੀ ਜਗ੍ਹਾ ਇਸ ਖਾਣ ਤੋਂ ਘੱਟ ਲਾਗਤ ਵਾਲੇ ਕੋਲੇ ਦੀ ਪੂਰਤੀ ਕੀਤੀ ਜਾ ਰਹੀ ਹੈ। ਹੁਣ ਤੱਕ ਵਿਭਾਗ ਦੇ ਤਾਪ ਬਿਜਲੀ ਘਰਾਂ ਨੂੰ ਕਰੀਬ 30 ਲੱਖ ਮੀਟ੍ਰਿਕ ਟਨ ਕੋਲੇ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਉਨ੍ਹਾ ਕਿਹਾ ਕਿ ਰੋਪੜ ਅਤੇ ਲਹਿਰਾ ਮੁਹੱਬਤ ਪਲਾਂਟਾਂ ਵਿੱਚ ਕਰੀਬ 30 ਦਿਨਾਂ ਲਈ ਕੋਲੇ ਦਾ ਕਾਫੀ ਸਟਾਕ ਉਪਲੱਬਧ ਹੈ। ਉਨ੍ਹਾ ਦੱਸਿਆ ਕਿ ਇਸ ਸਾਲ ਰਾਜ ਸਰਕਾਰ ਦੇ ਥਰਮਲ ਪਲਾਂਟਾਂ ਵੱਲੋਂ ਲਗਭਗ 20 ਫੀਸਦੀ ਜ਼ਿਆਦਾ ਬਿਜਲੀ ਪੈਦਾ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਪਹਿਲਾਂ ਥੋੜ੍ਹੇ ਸਮੇਂ ਦੇ ਬਿਜਲੀ ਖਰੀਦ ਸਮਝੌਤਿਆਂ ਦੀ ਪ੍ਰਥਾ ਅਪਣਾਈ ਜਾਂਦੀ ਸੀ, ਜਿਸ ਕਾਰਨ ਲੋੜ ਦੀ ਘੜੀ ਮਹਿੰਗੀ ਬਿਜਲੀ ਖਰੀਦੀ ਜਾਂਦੀ ਸੀ। ਉਨ੍ਹਾ ਕਿਹਾ ਕਿ ਹੁਣ ਪੀ ਐੱਸ ਪੀ ਸੀ ਐੱਲ ਵੱਲੋਂ ਮੁਕਾਬਲੇ ਵਾਲੀਆਂ ਕੀਮਤਾਂ 'ਤੇ ਬਿਜਲੀ ਖਰੀਦ ਪ੍ਰਬੰਧ ਕਰਨ ਲਈ ਪਹਿਲਾਂ ਤੋਂ ਹੀ ਯੋਜਨਾ ਬਣਾਈ ਜਾ ਰਹੀ ਹੈ।

ਉਹਨਾ ਦੱਸਿਆ ਕਿ ਇਸ ਸਾਲ 23 ਜੂਨ ਨੂੰ 15,293 ਮੈਗਾਵਾਟ ਦੀ ਹੁਣ ਤੱਕ ਦੀ ਬਿਜਲੀ ਦੀ ਸਭ ਤੋਂ ਉੱਚੀ ਮੰਗ ਪੂਰੀ ਕੀਤੀ ਗਈ, ਜੋ ਕਿ ਸਾਲ 2022 ਦੌਰਾਨ 29 ਜੂਨ ਨੂੰ ਪੂਰੀ ਕੀਤੀ ਗਈ ਵੱਧ ਤੋਂ ਵੱਧ 14,311 ਮੈਗਾਵਾਟ ਦੀ ਬਿਜਲੀ ਮੰਗ ਦੇ ਮੁਕਾਬਲੇ 7 ਫੀਸਦੀ ਵੱਧ ਸੀ। ਇਸ ਤੋਂ ਇਲਾਵਾ ਇਸ ਸਾਲ 9 ਸਤੰਬਰ ਨੂੰ 3427 ਲੱਖ ਯੂਨਿਟ ਦੀ ਇੱਕ ਦਿਨ ਦੀ ਰਿਕਾਰਡ ਊਰਜਾ ਮੰਗ ਨੂੰ ਪੂਰਾ ਕੀਤਾ ਗਿਆ।

## ਅੱਜ-ਨਾਮਾ

ਸਿਆਸਤ ਪਾਕਿ ਦੀ ਇੱਕ ਥਾਂ ਹੋਈ 'ਕੱਠੀ,
ਲਿਆ ਈ ਰਸਤਾ ਇਮਰਾਨ ਦਾ ਰੋਕ ਬੇਲੀ।
ਪਹਿਲਾਂ ਫੜਿਆ ਤਾਂ ਸੁੱਟਿਆ ਜੇਲ੍ਹ ਅੰਦਰ,
ਚੁਣ-ਚੁਣ ਕੇਸ ਵੀ ਪਾਏ ਗਏ ਥੋਕ ਬੇਲੀ।
ਰਾਹਤ ਮਿਲੀ ਅਦਾਲਤ ਵਿੱਚ ਕੋਈ ਡਿੱਠੀ,
ਮਾਮਲਾ ਦਿੱਤਾ ਗਿਆ ਨਵਾਂ ਸੀ ਠੋਕ ਬੇਲੀ।
ਐਵੇਂ ਨਿਕਲ ਕੇ ਚੋਣ ਨਾ ਲੜਨ ਆ ਜਾਏ,
ਦਿੱਤਾ ਈ ਚੋਣ ਕਮਿਸ਼ਨ ਤੱਕ ਝੋਕ ਬੇਲੀ।
ਵਧੀਆ ਹੋਵੇ ਜਾਂ ਨੁਕਸ ਵੀ ਲੱਖ ਹੋਵਣ,
ਅਮਲ ਕਾਨੂੰਨਾਂ ਦਾ ਹੋਵਣਾ ਚਾਹੀਦਾ ਈ।
ਏਸ਼ੀਆ ਵਿੱਚ ਨਹੀਂ ਕੋਈ ਕਾਨੂੰਨ ਪੁੱਛੇ,
ਚੋਣ ਨਕਸ਼ਾ ਸਭ ਏਦਾਂ ਹੀ ਵਾਹੀਦਾ ਈ।

-ਤੀਸ ਮਾਰ ਖਾਂ

# ਧੁੰਦ ਅਜੇ ਕੁਝ ਹੋਰ ਦਿਨ!



**ਚੰਡੀਗੜ੍ਹ** : ਸਾਲ ਦੇ ਆਖਰੀ ਦਿਨ ਪੰਜਾਬ ਤੇ ਹਰਿਆਣਾ 'ਚ ਸੰਘਣੀ ਧੁੰਦ ਰਹੀ। ਬਹੁਤੀਆਂ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਡਿੱਗਣ ਨਾਲ ਆਮ ਜਨਜੀਵਨ ਲੀਹੋਂ ਲੱਥ ਗਿਆ। ਚੰਡੀਗੜ੍ਹ ਸਣੇ ਕਈ ਥਾਵਾਂ 'ਤੇ ਦਿਸਣ ਹੱਦ ਵੀ ਘਟ ਗਈ ਹੈ, ਜਿਸ ਕਰਕੇ ਹਵਾਈ, ਰੇਲ ਤੇ ਸੜਕੀ ਆਵਾਜਾਈ 'ਤੇ ਅਸਰ ਪਿਆ।

ਮੁਹਾਲੀ ਦੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਦਸ ਉਡਾਣਾਂ ਰੱਦ ਕਰਨੀਆਂ ਪਈਆਂ। ਸਨਿੱਚਰਵਾਰ ਵੀ 16 ਉਡਾਣਾਂ ਰੱਦ ਕੀਤੀਆਂ ਗਈਆਂ ਸਨ, ਜਦੋਂਕਿ ਦੋ ਉਡਾਣਾਂ ਨੂੰ ਦੂਜੇ ਪਾਸੇ ਡਾਇਵਰਟ ਕੀਤਾ ਗਿਆ ਸੀ।

ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ 9.7 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਅੰਮ੍ਰਿਤਸਰ 'ਚ 9.2, ਲੁਧਿਆਣਾ 9.1, ਪਟਿਆਲਾ 8.7 ਅਤੇ ਬਠਿੰਡਾ ਤੇ ਫਰੀਦਕੋਟ 'ਚ 7.9 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਇਸੇ ਦੌਰਾਨ ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਐਤਵਾਰ ਕਿਹਾ ਕਿ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ 'ਚ 2 ਜਨਵਰੀ ਦੀ ਸਵੇਰ ਤੱਕ ਅਤੇ ਕੁਝ ਹਿੱਸਿਆਂ 'ਚ ਉਸ ਦੇ ਬਾਅਦ ਦੇ ਤਿੰਨ ਦਿਨਾਂ ਤੱਕ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਦੀ ਸਥਿਤੀ ਬਣੇ ਰਹਿਣ ਦੀ ਸੰਭਾਵਨਾ ਹੈ।

## ਸੱਤਾ ਦੇ ਹੰਕਾਰ 'ਚ ਝੱਲੀ ਭਾਜਪਾ ਸਰਕਾਰ ਨੇ ਪੰਜਾਬੀਆਂ ਦੀਆਂ ਮਹਾਨ ਕੁਰਬਾਨੀਆਂ ਦਾ ਨਿਰਾਦਰ ਕੀਤਾ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਗਣਤੰਤਰ ਦਿਵਸ ਪਰੇਡ ਲਈ ਪੰਜਾਬ ਦੀ ਝਾਕੀ ਰੱਦ ਕੀਤੇ ਜਾਣ ਨੂੰ ਲੈ ਕੇ ਪੰਜਾਬ ਦੀ 'ਆਪ' ਸਰਕਾਰ ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਰਮਿਆਨ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਕੇਂਦਰੀ ਰੱਖਿਆ ਮੰਤਰਾਲੇ ਨੇ ਐਤਵਾਰ ਸਪੱਸ਼ਟ ਕੀਤਾ ਕਿ ਕਲਾ, ਸੱਭਿਆਚਾਰ, ਪੇਂਟਿੰਗ, ਮੂਰਤੀ ਕਲਾ, ਸੰਗੀਤ, ਭਵਨ ਨਿਰਮਾਣ ਕਲਾ, ਕੋਰੀਓਗ੍ਰਾਫ਼ੀ ਆਦਿ ਨਾਲ ਖੇਤਰਾਂ ਨਾਲ ਸੰਬੰਧਤ ਉੱਘੀਆਂ ਹਸਤੀਆਂ ਦੀ ਸ਼ਮੂਲੀਅਤ ਵਾਲੀ ਮਾਹਰਾਂ ਦੀ ਕਮੇਟੀ ਨੇ ਪਹਿਲੇ ਤਿੰਨ ਗੇੜਾਂ ਤੱਕ ਪੰਜਾਬ ਵੱਲੋਂ ਭੇਜੀ ਝਾਕੀ 'ਤੇ ਵਿਚਾਰ ਕੀਤਾ ਸੀ। ਇਸ ਸਾਲ ਦੀ ਝਾਕੀ ਦੇ ਵਿਆਪਕ ਵਿਸ਼ਿਆਂ ਦੇ ਥੀਮ ਨਾਲ ਮੇਲ ਨਾ ਖਾਣ ਕਰਕੇ ਪੰਜਾਬ ਦੀ ਝਾਕੀ ਨੂੰ ਹੋਰ ਵਿਚਾਰ ਲਈ ਅੱਗੇ ਨਹੀਂ ਲਿਜਾਇਆ ਜਾ ਸਕਿਆ। ਉਧਰ, ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੱਤਾ ਦੇ ਹੰਕਾਰ 'ਚ ਝੱਲੀ ਹੋਈ ਕੇਂਦਰ ਸਰਕਾਰ ਪੰਜਾਬੀਆਂ ਵੱਲੋਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਪਾਈਆਂ ਮਹਾਨ ਕੁਰਬਾਨੀਆਂ ਦਾ ਨਿਰਾਦਰ ਕਰ ਰਹੀ ਹੈ। ਇਸ ਦੌਰਾਨ ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਕ ਪੱਤਰ ਲਿਖਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਣੇ ਹੋਰਨਾਂ ਰਾਜਾਂ ਦੀਆਂ ਜਿਹੜੀਆਂ ਝਾਕੀਆਂ ਗਣਤੰਤਰ ਦਿਵਸ ਪਰੇਡ 'ਚ ਸ਼ਾਮਲ ਹੋਣ ਤੋਂ ਰਹਿ ਗਈਆਂ ਹਨ, ਉਨ੍ਹਾਂ ਨੂੰ 23 ਤੋਂ 31 ਜਨਵਰੀ ਤੱਕ ਲਾਲ ਕਿਲ੍ਹੇ ਵਿੱਚ ਲੱਗਣ ਵਾਲੇ 'ਭਾਰਤ ਪਰਵ' ਵਿੱਚ ਸ਼ਾਮਲ ਕੀਤਾ ਜਾਵੇਗਾ। ਪੰਜਾਬ ਸਰਕਾਰ ਨੇ 'ਭਾਰਤ ਪਰਵ' ਲਈ ਝਾਕੀ ਭੇਜਣ ਤੋਂ ਨਾਂਹ ਕਰ ਦਿੱਤੀ ਹੈ। ਮਾਨ ਸਰਕਾਰ ਨੇ ਕਿਹਾ ਕਿ ਕੇਂਦਰ ਨੇ ਸੂਬੇ ਦੀ ਝਾਕੀ ਰੱਦ ਕਰਕੇ ਆਜ਼ਾਦੀ ਘੁਲਾਟੀਆਂ ਦਾ ਅਪਮਾਨ ਕੀਤਾ ਹੈ। ਮਾਨ ਨੇ ਐੱਕਸ 'ਤੇ ਇਕ ਟਵੀਟ ਵਿੱਚ ਕਿਹਾ—ਅਸੀਂ ਸਾਡੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਊਧਮ ਸਿੰਘ, ਮਾਈ ਭਾਗੋ, ਸਰਾਭੇ, ਗ਼ਦਰੀ ਬਾਬਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਕੁਰਬਾਨੀਆਂ ਨੂੰ ਰੱਦ ਕੀਤੀਆਂ ਸ਼੍ਰੇਣੀਆਂ ਵਿੱਚ ਨਹੀਂ ਭੇਜਣਾ, ਇਹ ਸਾਡੇ ਹੀਰੋ ਨੇ, ਇਨ੍ਹਾਂ ਦਾ ਮਾਣ-ਸਨਮਾਨ ਕਰਨਾ ਅਸੀਂ ਜਾਣਦੇ ਹਾਂ। ਭਾਜਪਾ ਦੇ ਐੱਨ ਓ ਸੀ ਦੀ ਲੋੜ ਨਹੀਂ।

ਨਵਾਂ ਜ਼ਮਾਨਾ
ਸੋਮਵਾਰ, 1 ਜਨਵਰੀ 2024

# ਯੂ ਜੀ ਸੀ ਦਾ ਨਵਾਂ ਫਰਮਾਨ

*ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ ਜੀ ਸੀ) ਨੇ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਨੌਜਵਾਨ ਵਿਦਿਆਰਥੀਆਂ ਨੂੰ ਵੋਟਰ ਬਣਾਉਣ ਲਈ ਕਿਹਾ ਹੈ। ਕਮਿਸ਼ਨ ਦੇ ਸਕੱਤਰ ਮਨੀਸ਼ ਜੋਸ਼ੀ ਨੇ ਸਾਰੇ ਵਾਈਸ ਚਾਂਸਲਰਾਂ ਤੇ ਕਾਲਜ ਪ੍ਰਿੰਸੀਪਲਾਂ ਨੂੰ ਬੀਤੀ 19 ਦਸੰਬਰ ਨੂੰ ਘੱਲੇ ਪੱਤਰ ਵਿਚ 17 ਸਾਲ ਤੋਂ ਉਪਰਲੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਬਾਰੇ ਜਾਗਰੂਕ ਕਰਨ ਦੀ ਗੱਲ ਕਹੀ ਹੈ। ਪੱਤਰ ਵਿਚ ਸਿੱਖਿਆ ਮੰਤਰਾਲੇ ਵੱਲੋਂ ਚੋਣ ਕਮਿਸ਼ਨ ਨਾਲ ਕੀਤੇ ਗਏ ਕਰਾਰ ਦੀ ਜਾਣਕਾਰੀ ਦਿੱਤੀ ਗਈ ਹੈ। ਕਰਾਰ ਵਿਚ ਸਿੱਖਿਆ ਮੰਤਰਾਲੇ ਨੇ ਚੋਣ ਕਮਿਸ਼ਨ ਨਾਲ ਸਲਾਹ ਕਰਕੇ ਉੱਚ ਸਿੱਖਿਆ ਸਿਸਟਮ ਵਿਚ ਵੋਟਰ ਸਿੱਖਿਆ ਤੇ ਚੋਣ ਸਾਖਰਤਾ ਨੂੰ ਸ਼ਾਮਲ ਕਰਨ ਦਾ ਵਾਅਦਾ ਕੀਤਾ ਹੈ। ਕਰਾਰ ਮੁਤਾਬਕ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਕੌਮੀ ਵੋਟਰ ਦਿਵਸ ਅਤੇ ਚੋਣਾਂ ਵੇਲੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵਿਆਪਕ ਮੁਹਿੰਮਾਂ ਚਲਾਈਆਂ ਜਾਣਗੀਆਂ।*

*ਮੋਦੀ ਸਰਕਾਰ ਹੈਟਟ੍ਰਿਕ ਬਣਾਉਣ ਦੇ ਚੱਕਰ ਵਿਚ ਨੌਜਵਾਨਾਂ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਪੂਰੀ ਤਰ੍ਹਾਂ ਸਰਗਰਮ ਹੈ, ਬੇਸ਼ੱਕ ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਕਿੰਨਾ ਵੀ ਨੁਕਸਾਨ ਹੋ ਜਾਵੇ। ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਵਿਚ ਸੁਧਾਈ ਦਾ ਸਰਕਾਰੀ ਮੁਲਾਜ਼ਮ ਵੱਡੀ ਪੱਧਰ 'ਤੇ ਕੰਮ ਕਰਦੇ ਹਨ, ਪਰ ਹੁਣ ਇਸ ਲਈ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਲੋਕ ਸਭਾ ਚੋਣਾਂ ਮਈ ਵਿਚ ਹੋਣੀਆਂ ਹਨ ਤੇ ਉਦੋਂ ਹੀ ਵਿਦਿਆਰਥੀਆਂ ਦੇ ਇਮਤਿਹਾਨ ਹੋਣੇ ਹਨ। ਦਿੱਲੀ ਦੇ ਮਿਰਾਂਡਾ ਹਾਊਸ ਕਾਲਜ ਦੀ ਪ੍ਰੋਫੈਸਰ ਆਭਾ ਦੇਵ ਹਬੀਬ ਦਾ ਕਹਿਣਾ ਹੈ ਕਿ ਯੂਨੀਵਰਸਿਟੀਆਂ ਤੇ ਕਾਲਜ ਪੜ੍ਹਾਈ ਤੇ ਖੋਜ ਦੀਆਂ ਥਾਵਾਂ ਹਨ, ਇਨ੍ਹਾਂ ਨੂੰ ਵੋਟਰ ਰਜਿਸਟ੍ਰੇਸ਼ਨ ਜਾਂ ਵੋਟਰ ਜਾਗਰੂਕਤਾ ਮੁਹਿੰਮ ਚਲਾਉਣ ਲਈ ਵਰਤਣਾ ਠੀਕ ਨਹੀਂ। ਉਨ੍ਹਾ ਖਦਸ਼ਾ ਪ੍ਰਗਟਾਇਆ ਹੈ ਕਿ ਵੋਟਰ ਰਜਿਸਟ੍ਰੇਸ਼ਨ ਮੁਹਿੰਮ ਵੀ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਤੇ ਕੈਂਪਸ ਵਿਚਲੀਆਂ ਉਸ ਵਰਗੀਆਂ ਹੋਰ ਜਥੇਬੰਦੀਆਂ ਵੱਲੋਂ ਪਾਰਟੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਵਰਤੀ ਜਾਵੇਗੀ। ਪਿੱਛੇ ਜਿਹੇ ਯੂ ਜੀ ਸੀ ਨੇ ਇਹ ਹਦਾਇਤ ਕੀਤੀ ਸੀ ਕਿ ਸਰਕਾਰੀ ਸਰਗਰਮੀਆਂ ਤੇ ਪ੍ਰੋਗਰਾਮਾਂ ਬਾਰੇ ਸੁਨੇਹਾ ਫੈਲਾਉਣ ਲਈ ਕੈਂਪਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੱਟ-ਆਊਟਾਂ ਵਾਲੇ ਸੈਲਫੀ ਪੁਆਇੰਟ ਬਣਾਏ ਜਾਣ। ਪ੍ਰਧਾਨ ਮੰਤਰੀ ਦੀ ਤਸਵੀਰ ਵਾਲੇ ਚਿੱਟੇ ਤੇ ਕੇਸਰੀ ਰੰਗ ਦੇ ਸੈਲਫੀ ਪੁਆਇੰਟ ਭਾਰਤ ਦੀਆਂ ਪ੍ਰਾਪਤੀਆਂ ਬਾਰੇ ਜਾਗਰੂਕ ਕਰਦੇ ਨਹੀਂ ਜਾਪਦੇ। ਇਹ ਉਸੇ ਤਰ੍ਹਾਂ ਦੇ ਹਨ, ਜਿਵੇਂ ਭਾਜਪਾ ਜਾਂ ਆਰ ਐੱਸ ਐੱਸ ਦੇ ਦਫਤਰਾਂ ਦੇ ਬਾਹਰ ਹੋਰਡਿੰਗ ਲੱਗੇ ਹੁੰਦੇ ਹਨ। ਵੋਟਰ ਬਣਾਉਣ ਦਾ ਨਵਾਂ ਹੁਕਮ ਸਰਕਾਰ ਦੇ ਵਿਦਿਅਕ ਅਦਾਰਿਆਂ ਪ੍ਰਤੀ ਰਵੱਈਏ ਨੂੰ ਦਰਸਾਉਂਦਾ ਹੈ।*

## ਪਾਠਕ-ਮੰਚ

### ਬਜ਼ੁਰਗਾਂ ਦਾ ਘਟਦਾ ਸਤਿਕਾਰ

30 ਦਸੰਬਰ ਦੇ 'ਨਵਾਂ ਜ਼ਮਾਨਾ' ਵਿੱਚ ਜਸਵਿੰਦਰਪਾਲ ਸ਼ਰਮਾ ਦਾ ਲਿਖਿਆ ਲੇਖ 'ਅਜੋਕੇ ਸਮੇਂ 'ਚ ਬਜ਼ੁਰਗਾਂ ਦਾ ਘਟਦਾ ਜਾ ਰਿਹਾ ਸਤਿਕਾਰ' ਪੜ੍ਹਿਆ, ਜੋ ਅਸਲੀਅਤ ਦੱਸਣ ਦਾ ਯਤਨ ਇੱਕ ਉਪਰਾਲਾ ਹੈ। ਸਤਿਕਾਰ ਕਿਉਂ ਡਿਗਦਾ ਜਾ ਰਿਹਾ, ਵੀ ਲਿਖਣਾ ਬਣਦਾ ਸੀ। ਅੱਜ ਦੇ ਪੂੰਜੀਵਾਦੀ ਪ੍ਰਬੰਧ ਅੰਦਰ ਮਨੁੱਖ ਦੀ ਦੌੜ ਪੈਸੇ ਮਗਰ ਲੱਗੀ ਹੋਈ ਹੈ।

ਏਥੇ ਉਸ ਵਸਤੂ ਦੀ ਪੁੱਛ ਹੈ, ਜੋ ਪੂੰਜੀਪਤੀ ਨੂੰ ਕੋਈ ਲਾਭ ਦੇਵੇ, ਨੈਤਿਕ ਕਦਰਾਂ-ਕੀਮਤਾਂ ਦਾ ਕੋਈ ਮਕਸਦ ਨਹੀਂ। ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦੇ ਕਥਨ ਮੁਤਾਬਕ, 'ਕਿਸੇ ਵਸਤੂ ਦਾ ਕੋਈ ਮੁੱਲ ਨਹੀ ਹੁੰਦਾ', ਪੂੰਜੀਵਾਦ ਨੇ ਮਨੁੱਖ ਨੂੰ ਵਸਤੂ ਬਣਾ ਦਿੱਤਾ ਹੈ।

ਬੁਰਜੂਆਜੀ ਨੇ ਪਰਵਾਰ ਤੋਂ ਆਪਣਾ ਭਾਵਨਾਤਮਕ ਪਰਦਾ ਫਾੜ ਦਿੱਤਾ ਹੈ ਅਤੇ ਪਰਵਾਰ ਦੇ ਰਿਸ਼ਤੇ ਨੂੰ ਸਿਰਫ਼ ਪੈਸੇ ਦੇ ਰਿਸ਼ਤੇ ਵਿੱਚ ਘਟਾ ਦਿੱਤਾ ਹੈ।

**-ਪਵਨ ਕੁਮਾਰ ਕੌਸ਼ਲ, 98550-04500**

### ਪ੍ਰਦੂਸ਼ਣ ਦੀ ਸਮੱਸਿਆ

ਪ੍ਰਦੂਸ਼ਣ ਅੱਜ ਦੇ ਯੁੱਗ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜਦੋਂ ਤੱਕ ਆਬਾਦੀ ਘੱਟ ਸੀ ਅਤੇ ਕੁਦਰਤੀ ਸੋਮੇ ਬਹੁਤੇ ਸਨ, ਉਦੋ ਤੱਕ ਪ੍ਰਦੂਸ਼ਣ ਦੀ ਕੋਈ ਸਮੱਸਿਆ ਨਹੀਂ ਸੀ। ਵਧਦੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਵੀ ਵਧ ਗਈ ਹੈ। ਲੋੜਾਂ ਦੀ ਪੂਰਤੀ ਲਈ ਵੱਡੇ-ਵੱਡੇ ਕਾਰਖਾਨੇ ਲਾਏ ਗਏ, ਇਹਨਾਂ ਤੋਂ ਪੈਦਾ ਹੋਣ ਵਾਲੇ ਬੇਅੰਤ ਧੂੰਏਂ ਅਤੇ ਹੋਰ ਰਹਿੰਦ-ਖੂੰਹਦ ਨਾਲ ਵਾਤਾਵਰਨ ਪਲੀਤ ਹੋਣ ਲੱਗਿਆ। ਦੂਜੇ ਪਾਸੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖਾਂ ਨੇ ਜੰਗਲਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ । ਹਵਾ ਨੂੰ ਸਾਫ ਕਰਨ ਵਾਲੇ ਰੁੱਖਾਂ ਦੀ ਗਿਣਤੀ ਲਗਾਤਾਰ ਘੱਟ ਹੁੰਦੀ ਗਈ । ਨਤੀਜੇ ਵਜੋਂ ਸਮੁੱਚੇ ਵਾਤਾਵਰਨ ਵਿੱਚ ਇੱਕ ਅਸੰਤੁਲਨ ਪੈਦਾ ਹੋ ਗਿਆ ਹੈ, ਇਸ ਨਾਲ ਪ੍ਰਕਿਰਤਕ ਵਾਤਾਵਰਨ ਵਿੱਚ ਬਹੁਤ ਸਾਰੇ ਅਣਚਾਹੇ ਕਾਰਕ ਆ ਗਏ, ਜਿਨਾਂ ਕਾਰਨ ਵਾਤਾਵਰਨ ਪ੍ਰਦੂਸ਼ਤ ਹੋਣ ਲੱਗਿਆ। ਪ੍ਰਦੂਸ਼ਣ ਪੈਦਾ ਕਰਨ ਵਾਲੇ ਇਨਾਂ ਕਾਰਕਾਂ ਨੂੰ ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਕ ਕਿਹਾ ਜਾਂਦਾ ਹੈ। ਧਰਤੀ ਉੱਤੇ ਜੀਵਨ ਦੀ ਰੱਖਿਆ ਲਈ ਅਤੇ ਜੀਵਨ ਨੂੰ ਚਲਦਾ ਰਹਿਣ ਲਈ ਪ੍ਰਦੂਸ਼ਣ ਨੂੰ ਘਟਾਉਣਾ ਬਹੁਤ ਜ਼ਰੂਰੀ ਹੈ। ਜੇਕਰ ਅਸੀਂ ਸਮੇਂ ਸਿਰ ਇਸ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਨਾ ਕੀਤਾ ਤਾਂ ਸਾਨੂੰ ਆਉਣ ਵਾਲੇ ਸਮੇਂ ਵਿੱਚ ਬਹੁਤ ਗੰਭੀਰ ਨਤੀਜੇ ਭੁਗਤਣੇ ਪੈਣਗੇ।

**- ਗਗਨਦੀਪ ਕੌਰ**

### ਗਰੀਬ ਬਨਾਮ ਡਿਜੀਟਲ ਇੰਡੀਆ

ਅੱਜਕੱਲ ਅਨੇਕਾਂ ਤਰ੍ਹਾਂ ਦੀਆਂ ਸਹੂਲਤਾਂ ਆਨਲਾਈਨ ਹੋਣ ਕਰਕੇ ਕੰਮ ਤਾਂ ਭਾਵੇਂ ਬਹੁਤ ਛੇਤੀ ਹੋ ਜਾਂਦਾ ਹੈ। ਪ੍ਰੰਤੂ ਇਹਨਾਂ ਸਹੂਲਤਾਂ) ਸਕੀਮਾਂ ਦਾ ਲਾਭ ਪ੍ਰਾਪਤ ਕਰਨਾ ਦਿਹਾੜੀਦਾਰ ਗਰੀਬ ਲੋਕਾਂ ਦੇ ਵੱਸ ਵਿੱਚ ਨਹੀਂ ਹੈ। ਕਿਉਂਕਿ ਕਿਸੇ ਵੀ ਤਰ੍ਹਾਂ ਦੀ ਆਨਲਾਈਨ ਸਹੂਲਤ ਦਾ ਲਾਭ ਲੈਣ ਲਈ ਕੰਪਿਊਟਰ ਕੈਫੇ ਤੇ ਜਾਣਾ ਪੈਂਦਾ ਹੈ। ਜਿੱਥੇ ਅੱਗੋਂ ਕੈਫੇ ਵਾਲੇ ਕਾਫੀ ਪੈਸੇ ਲੈਂਦੇ ਹਨ। ਦੂਜੇ ਪਾਸੇ ਗਰੀਬ ਲੋਕਾਂ ਲਈ ਆਪਣੇ ਘਰ ਵਿੱਚ ਕੰਪਿਊਟਰ ਰੱਖਣਾ ਤੇ ਇੰਟਰਨੈਟ ਦਾ ਕਨੈਕਸਨ ਚਲਾਉਣਾ ਵੱਸ ਤੋਂ ਬਾਹਰ ਦੀ ਗੱਲ ਹੈ। ਪਹਿਲੀ ਗੱਲ ਤਾਂ ਕੰਪਿਊਟਰ ਤੇ ਉਸ ਨਾਲ ਸੰਬੰਧਿਤ ਸਮਾਨ ਹੀ ਗਰੀਬ ਆਦਮੀ ਤੋਂ ਨਹੀਂ ਖਰੀਦਿਆ ਜਾਂਦਾ। ਫਿਰ ਮਹਿੰਗੇ ਭਾਅ ਦਾ ਇੰਟਰਨੈਟ ਲਗਵਾਉਣਾ/ਚਲਾਉਣਾ ਤਾਂ ਗਰੀਬ ਆਦਮੀ ਦੇ ਵਿੱਤੋਂ ਹੀ ਬਾਹਰ ਦੀ ਗੱਲ ਹੈ। ਵੋਟਾਂ ਵੇਲੇ ਤਾਂ ਬਹੁਤ ਸਾਰੀਆਂ ਪਾਰਟੀਆਂ ਮੁਫਤ ਵਾਈ ਫਾਈ ਦੇਣ ਦੀਆਂ ਗੱਲਾਂ/ਵਾਅਦੇ ਕਰਦੀਆਂ ਹਨ। ਪਰ ਸਰਕਾਰ ਬੰਦਦਿਆਂ ਸਾਰ ਹੀ, ਕੀਤੇ ਹੋਏ ਵਾਅਦੇ ਭੁੱਲ ਜਾਂਦੀਆਂ ਹਨ। ਦੂਜੇ ਪਾਸੇ ਸਾਡੇ ਦੇਸ ਦੇ ਪ੍ਰਧਾਨ ਮੰਤਰੀ ਸਾਹਿਬ ਵੀ ਭਾਰਤ ਨੂੰ ਡਿਜੀਟਲ ਬਣਾਉਣ ਦੀਆਂ ਗੱਲਾਂ/ਦਾਅਵੇ ਕਰਦੇ ਹਨ, ਪ੍ਰੰਤੂ ਇੰਟਰਨੈੱਟ ਦਿਨੋਂ ਦਿਨ ਹੋਰ ਮਹਿੰਗਾ ਹੋ ਰਿਹਾ ਹੈ। ਮਹਿੰਗੇ ਇੰਟਰਨੈੱਟ ਕਰਕੇ ਹੀ ਅਨੇਕਾਂ ਗਰੀਬ ਲੋਕ ਹਕੀਕਤ ਰੂਪ ਵਿੱਚ ਡਿਜੀਟਲ ਇੰਡੀਆ ਦਾ ਹਿੱਸਾ ਬਣਨ ਤੋਂ ਵਾਂਝੇ ਹੀ ਰਹਿ ਰਹੇ ਹਨ। ਜੇਕਰ ਸੱਚ ਮੁੱਚ ਹੀ ਡਿਜੀਟਲ ਇੰਡੀਆ ਬਣਾਉਣਾ ਹੈ,ਤਾਂ ਹਰ ਭਾਰਤੀ ਨੂੰ ਇੰਟਰਨੈੱਟ ਦੀ ਸਹੂਲਤ ਬਿਲਕੁੱਲ ਮੁਫਤ ਦੇਣੀ ਪਵੇਗੀ।

**-ਅੰਗਰੇਜ ਸਿੰਘ ਵਿੱਕੀ, 98888-70822**

# ਨਵੇਂ ਵਰ੍ਹੇ ਦੀ ਸਰਦਲ 'ਤੇ ਪੈਰ ਧਰਦਿਆਂ



ਮੰਗਤ ਰਾਮ ਪਾਸਲਾ

ਨਵਾਂ ਸਾਲ ਮੁਬਾਰਕ.... ਨਵੇਂ ਵਰ੍ਹੇ ਦੀ ਸਰਦਲ 'ਤੇ ਪੈਰ ਧਰਦਿਆਂ ਇਹ ਸ਼ਬਦ ਹਰ ਵਿਅਕਤੀ ਦੇ ਮਨ 'ਚੋਂ ਆਪ-ਮੁਹਾਰੇ ਹੀ ਫੁੱਟ ਪੈਂਦੇ ਨੇ। ਇਹ ਰਸਮ 2024 ਦੀ ਆਮਦ ਨਾਲ ਵੀ ਉਵੇਂ ਹੀ ਰਹਿਣੀ ਜਾਰੀ ਹੈ। ਭਾਵੇਂ ਪਿਛਲਾ ਵਰ੍ਹਾ ਦੁਨੀਆਂ ਭਰ ਦੇ ਲੋਕਾਂ ਲਈ ਮਾਰੂ ਜੰਗਾਂ ਦੇ ਡਰਾਉਣੇ ਪ੍ਰਛਾਵਿਆਂ ਹੇਠਾਂ ਗੁਜ਼ਰਿਆ ਤੇ ਮਿਹਨਤਕਸ਼ ਲੋਕਾਂ ਨੂੰ ਅਨੇਕਾਂ ਕਿਸਮ ਦੀਆਂ ਆਰਥਿਕ ਤੰਗੀਆਂ ਨਾਲ ਦੋ-ਚਾਰ ਹੋਣਾ ਪਿਆ, ਪ੍ਰੰਤੂ ਮਨੁੱਖ ਦੇ ਮਨ ਅੰਦਰ ਉਜਲੇ ਭਵਿੱਖ ਦੀ ਆਸ ਬੱਝੀ ਰਹਿਣ ਕਰਕੇ, ਬੀਤੇ ਦੀਆਂ ਦਰਦਾਂ ਨੂੰ ਭੁਲਾਉਣ ਦੀ ਪ੍ਰਵਿਰਤੀ ਤੇ 'ਸੋਨੇ ਦੀ ਸਵੇਰ' ਲਈ ਉਡੀਕ ਨਿਰੰਤਰ ਜਾਰੀ ਰਹਿੰਦੀ ਹੈ। ਮੁੱਠੀ ਭਰ ਹੁਕਮਰਾਨੀ ਟੋਲੇ, ਜਿਨ੍ਹਾਂ ਨੇ ਹਰ ਯੁੱਗ 'ਚ ਕੁਦਰਤੀ ਤੇ ਮਾਨਵੀ ਸਰੋਤਾਂ 'ਤੇ ਕਬਜ਼ਾ ਬਣਾਈ ਰੱਖਿਆ ਸੀ, ਤੋਂ ਮੁਕਤੀ ਹਾਸਲ ਕਰਨ ਲਈ ਪੀੜਤ ਲੋਕਾਈ ਨੇ ਬੇਸ਼ੁਮਾਰ ਖੂੰਖਾਰ ਜੰਗਾਂ ਲੜੀਆਂ। ਸਮਾਜਕ ਵਿਕਾਸ ਦੇ ਮੁਢਲੇ ਦੌਰ ਅੰਦਰ ਜ਼ਿੰਦਗੀ ਬਸਰ ਕਰਨ ਦੀ ਲਾਲਸਾ ਅਧੀਨ ਕੁਦਰਤ ਵਲੋਂ ਦਰਪੇਸ਼ ਮੁਸ਼ਕਿਲਾਂ ਦਾ ਟਾਕਰਾ ਕਰਦਿਆਂ ਮਾਨਵ ਜਾਤੀ ਨੇ ਅਨੇਕਾਂ ਜਫ਼ਰ ਜਾਲੇ। ਗਰਮੀ-ਸਰਦੀ ਅਤੇ ਸਾਰੀਆਂ ਮੌਸਮੀ ਕਰੋਪੀਆਂ ਦਾ ਟਾਕਰਾ ਕਰਦਿਆਂ ਉਸ ਨੇ ਪੇਟ ਭਰਨ ਤੇ ਸੁਰੱਖਿਅਤ ਜੀਵਨ ਜੀਉਣ ਲਈ ਹਰ ਮੋਰਚੇ 'ਤੇ ਕੁਦਰਤ ਨਾਲ ਆਢਾ ਲਿਆ। ਆਪਣੇ ਗਲੋਂ ਗੁਲਾਮਦਾਰੀ ਦਾ ਜੂਲਾ ਲਾਹੁਣ ਵਾਸਤੇ ਗੁਲਾਮਾਂ ਨੇ ਆਪਣੇ ਮਾਲਕਾਂ ਵਿਰੁੱਧ ਲਹੂ ਵੀਟਵੇਂ ਸੰਘਰਸ਼ ਲੜੇ। ਇਸ 'ਗੁਨਾਹ' ਦੀ ਸਜ਼ਾ ਵਜੋਂ ਉਨ੍ਹਾਂ ਨੂੰ ਜਿਉਂਦਿਆਂ ਸੂਲੀ 'ਤੇ ਟੰਗਿਆ ਗਿਆ, ਪਸ਼ੂਆਂ ਵਾਂਗ ਵਰਤਿਆ ਗਿਆ ਤੇ ਮਾਲ ਦੀ ਤਰ੍ਹਾਂ ਮੰਡੀਆਂ 'ਚ ਵੇਚਿਆ-ਖਰੀਦਿਆ ਗਿਆ, ਪ੍ਰੰਤੂ ਕਿਸੇ ਵੀ ਕਿਸਮ ਦਾ ਜਬਰ ਗੁਲਾਮਦਾਰੀ ਢਾਂਚੇ ਨੂੰ ਫ਼ਨਾਹ ਹੋਣ ਤੋਂ ਨਹੀਂ ਬਚਾ ਸਕਿਆ। ਇਹ ਵੀ ਹਕੀਕਤ ਹੈ ਕਿ ਗੁਲਾਮਦਾਰੀ ਦੀਆਂ ਜੰਜ਼ੀਰਾਂ ਤੋੜ ਕੇ ਆਜ਼ਾਦੀ ਦੇ ਸੁਪਨੇ ਲੈਣ ਵਾਲਾ ਮਨੁੱਖ ਅਗਲੇ ਪੜਾਅ ਅੰਦਰ ਜਗੀਰਦਾਰੀ ਯੁੱਗ ਦੇ ਦਮਨਕਾਰੀ ਚੱਕਰ 'ਚ ਫਸ ਗਿਆ, ਜਿੱਥੇ 'ਦੈਵੀ ਸ਼ਕਤੀ' ਦੇ ਨਾਂਅ 'ਤੇ ਉਸ ਦੇ ਹਿੱਸੇ ਹਰ ਜ਼ੁਲਮ 'ਖਿੜੇ ਮੱਥੇ' ਸਹਿਣ ਦਾ ਸੰਤਾਪ ਆਇਆ ਤੇ ਨਵੇਂ ਹਾਕਮ ਵਰਗ, ਰਾਜਵਾੜਾਸ਼ਾਹੀ ਨੂੰ ਹਰ ਅੱਤਿਆਚਾਰ ਕਰਨ ਦਾ ਅਧਿਕਾਰ ਪ੍ਰਾਪਤ ਹੋ ਗਿਆ। ਏਥੇ ਵੀ ਮਨੁੱਖ ਨੇ ਚੰਗੇ ਜੀਵਨ ਦੀ ਆਸ ਨਹੀਂ ਛੱਡੀ ਤੇ ਉਹ ਨਵੇਂ ਯੁੱਗ ਦੀ ਤਲਾਸ਼ 'ਚ ਜਗੀਰੂ ਨਿਜ਼ਾਮ ਵਿਰੁੱਧ ਜੂਝਿਆ।

ਸਮਾਜਿਕ ਵਿਕਾਸ ਦੀ ਅਗਲੀ ਪੌੜੀ 'ਪੂੰਜੀਵਾਦੀ ਢਾਂਚੇ' ਦੀ ਅਮਾਨਵੀ ਲੁੱਟ-ਖਸੁੱਟ ਨੇ ਪੁਰਾਣੇ ਸਾਰੇ ਰਿਕਾਰਡ ਤੋੜ ਦਿੱਤੇ। ਇਸ ਅਮਾਨਵੀ ਪ੍ਰਬੰਧ ਵਿਰੁੱਧ ਫਤਿਹ ਹਾਸਲ ਕਰਕੇ ਕਿਰਤੀ ਲੋਕਾਂ ਨੇ 'ਰਾਜ ਸੱਤਾ' ਆਪਣੇ ਹੱਥ ਲੈਣ ਦੀ ਵਿਧੀ ਦੁਨੀਆ ਦੇ ਮਹਾਨ ਫਿਲਾਸਫਰ ਤੇ ਇਨਕਲਾਬੀ ਯੋਧੇ ਕਾਰਲ ਮਾਰਕਸ ਵੱਲੋਂ ਰਚੇ ਦਰਸ਼ਨ ਤੋਂ ਪ੍ਰਾਪਤ ਕੀਤੀ। ਉਨ੍ਹਾ ਦੀਆਂ ਸਿੱਖਿਆਵਾਂ ਤੋਂ ਸੇਧ ਲੈਂਦਿਆਂ ਅਕਤੂਬਰ 1917 ਅੰਦਰ ਰੂਸ ਦੀ ਧਰਤੀ 'ਤੇ ਲੁੱਟ-ਖਸੁੱਟ ਰਹਿਤ ਬਰਾਬਰੀ ਵਾਲੇ ਸਮਾਜ (ਸਮਾਜਵਾਦ) ਦੀ ਨਿਵੇਕਲੀ ਇਮਾਰਤ ਦਾ ਨੀਂਹ ਪੱਥਰ ਵੀ ਰੱਖ ਦਿੱਤਾ ਗਿਆ। ਇਸ ਨਵੇਂ ਆਰਥਿਕ ਤੇ ਰਾਜਸੀ ਢਾਂਚੇ ਅੰਦਰ ਧਰਤੀ 'ਤੇ ਪਹਿਲੀ ਵਾਰ ਮਨੁੱਖ ਨੂੰ ਦੂਸਰੇ ਮਨੁੱਖ ਹੱਥੋਂ ਕੀਤੀ ਜਾਂਦੀ ਲੁੱਟ ਦਾ ਸਿਲਸਿਲਾ ਤੋੜਨ ਦਾ ਤਜਰਬਾ ਹਾਸਲ ਹੋਇਆ ਸੀ। ਭਾਵੇਂ ਕਿਰਤੀਆਂ ਦੇ ਹੱਥਾਂ 'ਚ 'ਰਾਜ ਸੱਤਾ' ਆਉਣ ਵਾਲੇ ਸਮਾਜਵਾਦੀ ਪ੍ਰਬੰਧ ਦਾ ਇਹ ਪਹਿਲਾ ਨਮੂਨਾ 1990ਵਿਆਂ ਦੇ ਸ਼ੁਰੂ 'ਚ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਦੇ 73 ਸਾਲਾਂ ਬਾਅਦ ਕਈ ਸਿਧਾਂਤਕ ਕਮਜ਼ੋਰੀਆਂ, ਜਥੇਬੰਦਕ ਘਾਟਾਂ ਤੇ ਸਮਾਜਵਾਦ ਦੇ ਵੈਰੀਆਂ ਵੱਲੋਂ ਸਿਰਜੇ ਛੜਯੰਤਰਾਂ ਦਾ ਸ਼ਿਕਾਰ ਹੋਣ ਕਾਰਨ ਢਹਿ-ਢੇਰੀ ਹੋ ਗਿਆ ਸੀ, ਪ੍ਰੰਤੂ ਸਮਾਜਿਕ ਤਬਦੀਲੀ ਦਾ ਗਿਆਨ ਹਾਸਲ ਹੋਣ ਸਦਕਾ ਸੋਵੀਅਤ ਰੂਸ ਅੰਦਰ ਸਮਾਜਵਾਦੀ ਪ੍ਰਬੰਧ ਨੂੰ ਵੱਜੀਆਂ ਵੱਡੀਆਂ ਪਛਾੜਾਂ ਦੇ ਬਾਵਜੂਦ ਦੁਨੀਆਂ ਭਰ ਦੇ ਕਿਰਤੀਆਂ ਨੇ ਬਰਾਬਰੀ ਦੇ ਅਸੂਲਾਂ 'ਤੇ ਆਧਾਰਤ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਨੂੰ ਅੱਜ ਵੀ ਜਾਰੀ ਰੱਖਿਆ ਹੋਇਆ ਹੈ। ਇਸੇ ਭਾਵਨਾ ਦਾ ਪ੍ਰਗਟਾਵਾ ਹੈ ਜਦੋਂ ਸਾਰੀਆਂ ਮੁਸ਼ਕਿਲਾਂ ਝੱਲਣ ਦੇ ਬਾਵਜੂਦ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਇਨਸਾਨ ਨਵੀਆਂ ਆਸਾਂ-ਉਮੰਗਾਂ ਨਾਲ ਨਵੇਂ ਸਾਲ ਨੂੰ ਜੀ ਆਇਆਂ ਆਖ ਰਿਹਾ ਹੈ ਤੇ ਲੁਟੇਰੇ ਪੂੰਜੀਵਾਦੀ ਪ੍ਰਬੰਧ ਨੂੰ ਪਲਟਾ ਕੇ 'ਸਾਂਝੀਵਾਲਤਾ' ਤੇ ਬਰਾਬਰੀ ਦੇ ਅਸੂਲਾਂ 'ਤੇ ਅਧਾਰਤ ਸਮਾਜ ਸਿਰਜਣ ਲਈ ਲੜੇ ਜਾ ਰਹੇ ਮਾਨਵਤਾਵਾਦੀ ਸੰਘਰਸ਼ਾਂ ਨੂੰ ਨਵੀਆਂ ਜ਼ਰਬਾਂ ਦੇ ਰਿਹਾ ਹੈ।

ਸਾਲ 2024 ਵੀ ਇਕ ਪਾਸੇ ਨਵੀਆਂ ਮੁਸ਼ਕਿਲਾਂ ਨਾਲ ਘਿਰਿਆ ਹੋਇਆ ਸਪੱਸ਼ਟ ਨਜ਼ਰ ਆ ਰਿਹਾ ਹੈ, ਨਾਲ ਹੀ ਦੂਜੇ ਬੰਨੇ ਇਸੇ ਘਟਨਾਕ੍ਰਮ 'ਚੋਂ ਨਵੀਆਂ ਉਮੀਦਾਂ ਤੇ ਸਫਲਤਾਵਾਂ ਦੀ ਝਲਕ ਵੀ ਦਿੱਸ ਰਹੀ ਹੈ। ਸੰਸਾਰ ਭਰ ਦੇ ਲੋਕ ਪੂੰਜੀਵਾਦੀ ਲੁੱਟ ਤੋਂ ਛੁਟਕਾਰਾ ਕਿਵੇਂ ਹਾਸਲ ਕਰਨ, ਮਨੁੱਖ ਖਾਣੀਆਂ ਜੰਗਾਂ ਦਾ ਖਾਤਮਾ ਕਰਕੇ ਲੋਕ ਅਮਨ ਤੇ ਸ਼ਾਂਤੀ ਦੀ ਜ਼ਿੰਦਗੀ ਕਿਵੇਂ ਬਸਰ ਕਰਨ ਤੇ ਰੋਟੀ-ਰੋਜ਼ੀ, ਰਿਹਾਇਸ਼, ਵਿੱਦਿਆ, ਸਿਹਤ ਸੇਵਾਵਾਂ, ਸਮਾਜਿਕ ਸੁਰੱਖਿਆ ਵਰਗੀਆਂ ਮਾਨਵ ਜਾਤੀ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਿਵੇਂ ਹੋਵੇ? ਇਹ ਸਵਾਲ ਨਵੇਂ ਸਾਲ ਅੰਦਰ ਵੀ ਉਵੇਂ ਹੀ ਮੂੰਹ ਅੱਡੀ ਖੜ੍ਹੇ ਹਨ। ਜਿਸ ਢੰਗ ਨਾਲ ਹਵਾ, ਪਾਣੀ, ਧਰਤੀ, ਵਾਤਾਵਰਨ ਸਭ ਕੁਝ ਹੀ ਪ੍ਰਦੂਸ਼ਤ ਹੋ ਕੇ ਸਮੁੱਚੀ ਮਨੁੱਖਤਾ ਲਈ ਕਾਲ ਬਣ ਖਲੋਤਾ ਹੈ, ਉਹ ਸਾਰਾ ਡਰਾਉਣਾ ਦ੍ਰਿਸ਼ ਪੂੰਜੀਵਾਦੀ ਢਾਂਚੇ ਵੱਲੋਂ ਕਿਰਤ ਸ਼ਕਤੀ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਦੀ ਹਨੇਰੀ ਤੇ ਕਾਰਪੋਰੇਟ ਘਰਾਣਿਆਂ ਤੇ ਧਨਵਾਨ ਲੋਕਾਂ ਦੀ ਵੱਧ ਤੋਂ ਵੱਧ ਪੂੰਜੀ ਇਕੱਤਰ ਕਰਨ ਦੀ ਹਵਸ ਦਾ ਹੀ ਨਤੀਜਾ ਹੈ। ਇਸ ਅਮਾਨਵੀ ਢਾਂਚੇ ਵਿਰੁੱਧ ਸੰਸਾਰ ਵਿਆਪੀ ਸੰਘਰਸ਼ ਸਮੇਂ ਦੀ ਅਜਿਹੀ ਮੁੱਖ ਲੋੜ ਬਣ ਗਿਆ ਹੈ, ਜਿਸ ਦੀ ਪੂਰਤੀ ਲਈ ਲੜੇ ਜਾ ਰਹੇ ਸੁਵੱਲੇ ਸੰਘਰਸ਼ਾਂ ਸਦਕਾ ਨਵੇਂ ਸਾਲ ਦੀ ਆਮਦ ਧਰਤ ਦੇ ਸਾਰੇ ਵਾਸੀਆਂ ਲਈ ਰਸ ਭਿੰਨੀ ਸਿੱਧ ਹੋ ਸਕਦੀ ਹੈ, ਪਰ ਜੇਕਰ ਅਸੀਂ ਆਪਣਾ ਇਹ ਜ਼ਿੰਮਾ ਸਿਰੇ ਚਾੜ੍ਹਨ ਦੀਆਂ ਲੋੜਾਂ ਨਾਲ ਮੇਚਵੇਂ ਘੋਲ ਵਿੱਢਣ 'ਚ ਅਸਫਲ ਰਹਿੰਦੇ ਹਾਂ ਤੇ ਪੂੰਜੀਵਾਦ 'ਤੇ ਜਿੱਤ ਹਾਸਲ ਨਹੀਂ ਕਰਦੇ, ਤਾਂ ਫਿਰ ਇਸ ਪ੍ਰਬੰਧ (ਸਰਮਾਏਦਾਰੀ) ਦੇ ਜਾਰੀ ਰਹਿਣ ਦਾ ਨਤੀਜਾ 'ਜੰਗਲ ਰਾਜ' (Barbarism) ਕਾਇਮ ਹੋਣ ਦੇ ਰੂਪ 'ਚ ਨਿਕਲਣਾ ਤੈਅ ਹੈ।

ਭਾਰਤ ਅੰਦਰ ਆਰਥਿਕ ਖੇਤਰ 'ਚ ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਲੁੱਟ-ਖਸੁੱਟ, ਸਾਮਰਾਜੀ ਤੇ ਜਗੀਰੂ ਤਾਕਤਾਂ ਵਲੋਂ ਕੁਦਰਤੀ ਤੇ ਮਾਨਵੀ ਸਰੋਤਾਂ 'ਤੇ ਕੀਤੇ ਗਏ ਕਬਜ਼ੇ ਦੇ ਨਤੀਜੇ ਵਜੋਂ ਨਵੀਆਂ ਬੁਲੰਦੀਆਂ ਛੂਹ ਰਹੀ ਬੇਰੁਜ਼ਗਾਰੀ, ਭੁੱਖਮਰੀ, ਕੁਪੋਸ਼ਨ ਤੇ ਸਮਾਜਿਕ ਸੁਰੱਖਿਆ ਦਾ ਖਾਤਮਾ ਇਤਿਆਦਿ ਮੁਸ਼ਕਿਲਾਂ ਵੱਡੇ ਖਤਰਿਆਂ ਤੇ ਚਿੰਤਾਵਾਂ ਦੇ ਵਿਸ਼ੇ ਬਣ ਚੁੱਕੇ ਹਨ। ਸੱਤਾ 'ਤੇ ਬਿਰਾਜਮਾਨ ਸੰਘ ਸਮਰਥਤ ਭਾਜਪਾ ਸਰਕਾਰ ਸਾਮਰਾਜੀ ਤਾਕਤਾਂ ਨਾਲ ਯੁੱਧਨੀਤਕ ਸਾਂਝਾਂ ਪਾ ਕੇ ਪੂੰਜੀਵਾਦੀ ਢਾਂਚੇ ਦਾ ਸਭ ਤੋਂ ਖੂੰਖਾਰ (ਫਾਸ਼ੀਵਾਦੀ) ਰੂਪ ਲਾਗੂ ਕਰਨ ਤੇ ਇਸ ਵਿਰੁੱਧ ਉਠਣ ਵਾਲੀ ਹਰ ਆਵਾਜ਼ ਨੂੰ ਕੁਚਲਣ ਲਈ ਬਜ਼ਿੱਦ ਹੈ। ਸਰਕਾਰੀ ਖੇਤਰ ਦਾ ਭੋਗ ਪਾ ਕੇ ਨਿੱਜੀਕਰਨ ਦਾ ਬੁਲਡੋਜ਼ਰ ਤੇਜ਼ੀ ਨਾਲ ਲੋਕਾਂ ਦੇ ਰੁਜ਼ਗਾਰ ਤੇ ]

ਸੱਤਾ, 'ਸੰਘੀ ਵਿਚਾਰਧਾਰਾ' ਵਾਲੇ ਤੱਤਾਂ ਦੇ ਹੱਥ ਆਉਣ ਨਾਲ ਦੇਸ਼ ਦੇ ਧਰਮ ਨਿਰਪੱਖ, ਜਮਹੂਰੀ ਤੇ ਸੰਘਾਤਮਕ ਢਾਂਚੇ ਲਈ ਵੱਡੇ ਖਤਰੇ ਖੜ੍ਹੇ ਹੋ ਗਏ ਹਨ। ਬਹੁਕੌਮੀ, ਬਹੁਧਰਮੀ, ਬਹੁਭਾਸ਼ੀ ਤੇ ਬਹੁ-ਰੰਗੇ ਸੱਭਿਆਚਾਰ ਵਾਲੇ ਦੇਸ਼ ਅੰਦਰ ਇਕ ਧਰਮ ਅਧਾਰਤ ਕੱਟੜ 'ਹਿੰਦੂ ਰਾਸ਼ਟਰ' ਦੀ ਸਥਾਪਨਾ ਤੇ ਮਨੂੰਵਾਦੀ ਸਮਾਜਿਕ ਢਾਂਚੇ ਦੀ ਕਾਇਮੀ 140 ਕਰੋੜ ਲੋਕਾਂ ਲਈ ਹੀ ਸਿਰਫ ਵੱਡੀਆਂ ਮੁਸੀਬਤਾਂ ਖੜੀਆਂ ਕਰਨ ਦਾ ਸਬੱਬ ਨਹੀਂ ਬਣੇਗੀ, ਬਲਕਿ ਇਹ ਦੇਸ਼ ਦੀ ਏਕਤਾ-ਅਖੰਡਤਾ ਤੇ ਫਿਰਕੂ ਇਕਸੁਰਤਾ ਲਈ ਵੀ ਤਬਾਹਕੁੰਨ ਸਿੱਧ ਹੋ ਸਕਦੀ ਹੈ। ਪਿਛਲੇ 10 ਸਾਲਾਂ ਦੌਰਾਨ, ਜਿਸ ਤਰ੍ਹਾਂ ਦੇਸ਼ ਦੇ ਇਤਿਹਾਸ, ਸੱਭਿਆਚਾਰ, ਵਿਦਿਅਕ ਪਾਠਕ੍ਰਮ, ਸੰਵਿਧਾਨ ਤੇ ਲੋਕਰਾਜੀ ਸੰਸਥਾਵਾਂ ਦਾ 'ਭਗਵਾਂਕਰਨ' ਕੀਤਾ ਜਾ ਰਿਹਾ ਹੈ, ਉਸ ਨੇ ਲੋਕਾਂ ਦੇ ਲਿਖਣ ਤੇ ਬੋਲਣ ਵਰਗੇ ਮੌਲਿਕ ਅਧਿਕਾਰਾਂ ਨੂੰ ਹੀ ਨਹੀਂ ਕੁਚਲਿਆ, ਬਲਕਿ ਦੇਸ਼ ਦੀ ਨਿਆਂ ਪਾਲਿਕਾ ਤੇ ਕਾਰਜ ਪਾਲਿਕਾ ਦੀ ਸੰਵਿਧਾਨ ਅਨੁਸਾਰ ਨਜ਼ਰ ਆਉਂਦੀ ਨਿਰਪੱਖਤਾ ਨਾਲ ਕੰਮ ਕਰਨ ਦੀ ਆਜ਼ਾਦੀ 'ਤੇ ਵੀ ਅੰਕੁਸ਼ ਲਗਾ ਦਿੱਤਾ ਹੈ। ਦੇਸ਼ ਦੀਆਂ ਧਾਰਮਿਕ ਘੱਟ ਗਿਣਤੀਆਂ, ਦਲਿਤ ਤੇ ਪੱਛੜੀਆਂ ਜਾਤੀਆਂ ਨਾਲ ਸੰਬੰਧਤ ਭਾਈਚਾਰਾ, ਔਰਤਾਂ ਅਤੇ ਅਗਾਂਹਵਧੂ ਲੇਖਕ ਤੇ ਬੁੱਧੀਜੀਵੀ ਹੀ 'ਸੰਘ' ਦੀ ਫਿਰਕੂ ਵਿਚਾਰਧਾਰਾ ਦੇ ਸ਼ਿਕਾਰ ਨਹੀਂ ਹੋ ਰਹੇ, ਬਲਕਿ ਦੇਸ਼ ਦੀ ਬਹੁਗਿਣਤੀ ਹਿੰਦੂ ਵਸੋਂ ਵੀ ਕੇਂਦਰੀ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਫਾਸ਼ੀ ਤਰਜ਼ ਦੀਆਂ ਰਾਜਨੀਤਕ, ਆਰਥਿਕ, ਵਿਚਾਰਧਾਰਕ ਤੇ ਸੱਭਿਆਚਾਰਕ ਸੇਧਾਂ 'ਚੋਂ ਉਪਜੀ ਪੀੜਾ ਹੰਢਾ ਰਹੀ ਹੈ। ਸੰਘ ਪਰਵਾਰ ਤੇ ਭਾਜਪਾ ਸਰਕਾਰ ਵੱਲੋਂ ਮੀਡੀਆ 'ਤੇ ਵੱਖ-ਵੱਖ ਢੰਗਾਂ ਨਾਲ ਕੀਤੇ ਜਾ ਰਹੇ ਫਿਰਕੂ-ਵੰਡਵਾਦੀ ਪ੍ਰਚਾਰ ਤੇ ਲੋਕਾਂ ਦੀ ਆਸਥਾ ਦਾ ਲਾਹਾ ਲੈ ਕੇ ਧਰਮ ਦੀ ਰਾਜਸੀ ਹਿਤਾਂ ਲਈ ਕੀਤੀ ਜਾ ਰਹੀ ਦੁਰਵਰਤੋਂ ਨਾਲ ਭਾਵੇਂ ਪੀੜਤ ਲੋਕਾਂ ਦੀ ਵੱਡੀ ਗਿਣਤੀ ਵਿਚਾਰਧਾਰਕ ਤੇ ਮਾਨਸਿਕ ਤੌਰ 'ਤੇ ਪਿਛਾਖੜੀ ਵਿਚਾਰਾਂ ਦੇ ਮੱਕੜ ਜਾਲ 'ਚ ਫਸਦੀ ਜਾ ਰਹੀ ਹੈ, ਪ੍ਰੰਤੂ ਇਹ ਵੀ ਸੱਚ ਹੈ ਕਿ ਜਦੋਂ ਵੀ ਉਨ੍ਹਾਂ ਨੂੰ ਰਾਹਤ ਦੇਣ ਵਾਲਾ ਕੋਈ ਯੋਗ ਰਾਜਸੀ ਮੁਤਬਾਦਲ ਨਜ਼ਰ ਆਉਂਦਾ ਹੈ ਤਾਂ ਜਨ-ਸਧਾਰਨ ਉਸ ਦਾ ਸਾਥ ਦੇਣ ਤੋਂ ਵੀ ਪਿਛਾਂਹ ਨਹੀਂ ਹਟਦਾ।

ਸਾਡੇ ਲਈ ਸਾਲ 2024 ਵੱਡੀਆਂ ਚਣੌਤੀਆਂ ਲੈ ਕੇ ਆ ਰਿਹਾ ਹੈ, ਜਿਸ 'ਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਅੰਦਰ ਭਾਜਪਾ ਸਰਕਾਰ ਦੀ ਸੱਤਾ ਤੋਂ ਵਿਦਾਇਗੀ ਦੇਸ਼ ਵਾਸੀਆਂ ਸਨਮੁੱਖ ਸਭ ਤੋਂ ਪਹਿਲਾ ਵੱਡਾ ਕਾਰਜ ਹੈ। ਇਸ ਮੰਤਵ ਲਈ ਸਾਰੇ ਗੈਰ-ਭਾਜਪਾ ਰਾਜਸੀ ਦਲਾਂ ਤੇ ਦੂਜੀਆਂ ਧਰਮ ਨਿਰਪੱਖ, ਜਮਹੂਰੀ ਤੇ ਖੱਬੀਆਂ ਸ਼ਕਤੀਆਂ ਦਾ ਏਕਾ ਤੇ ਪ੍ਰਭਾਵਸ਼ਾਲੀ ਆਪਸੀ ਤਾਲਮੇਲ ਅਤਿ ਜ਼ਰੂਰੀ ਹੈ। ਆਈ ਐੱਨ ਡੀ ਆਈ ਏ (9©491) ਗਠਜੋੜ, ਇਸ ਮੰਤਵ ਦੀ ਪੂਰਤੀ ਲਈ ਮਹੱਤਵਪੂਰਨ ਹਥਿਆਰ ਹੈ। ਖੱਬੀਆਂ ਪਾਰਟੀਆਂ ਨੂੰ ਫਿਰਕੂ-ਫਾਸ਼ੀਵਾਦੀ ਤਾਕਤਾਂ ਨੂੰ ਲੋਕ ਸਭਾ ਚੋਣਾਂ 'ਚ ਹਾਰ ਦੇਣ ਲਈ ਕਿਸੇ ਵੀ ਕਿਸਮ ਦੀ ਸੰਕੀਰਨ ਸੋਚ ਤੇ ਥੋੜ੍ਹੇ ਸਮੇਂ ਦੀਆਂ ਰਾਜਸੀ ਇੱਛਾਵਾਂ, ਜੋ ਪਾਰਲੀਮਾਨੀ ਲਾਭਾਂ ਤੋਂ ਪ੍ਰੇਰਤ ਹੋਣ, ਤੋਂ ਪੂਰੀ ਤਰ੍ਹਾ ਸਾਵਧਾਨ ਰਹਿਣ ਦੀ ਲੋੜ ਹੈ। ਅਜੋਕੇ ਕਠਿਨ ਦੌਰ ਅੰਦਰ ਭਾਜਪਾ ਨੂੰ ਭਾਰਤੀ ਸੱਤਾ ਤੋਂ ਲਾਂਭੇ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਚ ਕਿਸੇ ਵੀ ਕੁਤਾਹੀ ਜਾਂ ਅਵੇਸਲੇਪਨ ਨੂੰ ਦੇਸ਼ ਤੇ ਜਮਹੂਰੀ ਲਹਿਰ ਦੀ ਬਰਬਾਦੀ ਦੀ ਕੀਮਤ 'ਤੇ ਹੀ ਸਹਿਣ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਫਿਰਕੂ-ਫਾਸ਼ੀ ਵਿਚਾਰਧਾਰਾ ਵਿਰੁੱਧ ਬੇਕਿਰਕ, ਬੱਝਵੀਂ ਤੇ ਅਸਰਦਾਇਕ ਲੜਾਈ ਜਾਰੀ ਰੱਖਦਿਆਂ ਲੋਕਾਂ ਦੇ ਮਨਾਂ ਅੰਦਰ ਧਰਮ ਨਿਰਪੱਖ, ਜਮਹੂਰੀ ਤੇ ਅਗਾਂਹਵਧੂ ਸਰੋਕਾਰਾਂ ਤੇ ਖੱਬੇ ਪੱਖੀ ਵਿਚਾਰਧਾਰਾ ਦਾ ਪਸਾਰਾ ਕਰਨਾ ਹੋਵੇਗਾ। ਕਾਰਪੋਰੇਟੀ ਲੁੱਟ ਵਿਰੁੱਧ ਵਿਸ਼ਾਲ ਜਨਤਕ ਘੋਲਾਂ ਦੇ ਪਿੜ ਨੂੰ ਮਘਾਉਣ ਤੋਂ ਬਿਨਾਂ ਦੇਸ਼ ਅੰਦਰ ਸਮਾਜਿਕ ਬਦਲਾਅ ਦਾ ਮਕਸਦ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਵੱਡੇ ਕਾਰਜ ਲਈ ਖੱਬੀਆਂ ਸ਼ਕਤੀਆਂ ਦੀ ਮਜ਼ਬੂਤੀ ਤੇ ਆਪਸੀ ਏਕਤਾ ਸਾਂਝੇ ਘੋਲਾਂ ਨੂੰ ਅਮਲੀ ਰੂਪ ਦੇ ਸਕਦੀ ਹੈ ਤੇ ਲੋਕਾਂ ਦੇ ਵਿਸ਼ਾਲ ਭਾਗਾਂ ਦਾ ਵਿਸ਼ਵਾਸ਼ ਜਿੱਤ ਕੇ, ਉਨ੍ਹਾਂ ਨੂੰ ਸੰਘਰਸ਼ਾਂ ਦੇ ਭਾਗੀਦਾਰ ਬਣਾ ਸਕਦੀ ਹੈ। ਚੋਣਾਂ ਦਾ ਨਤੀਜਾ ਕੋਈ ਵੀ ਹੋਵੇ, ਕਾਰਪੋਰੇਟ ਘਰਾਣਿਆਂ ਵਿਰੁੱਧ ਤਿੱਖੇ ਜਨ-ਸੰਘਰਸ਼ਾਂ ਦਾ ਇਹ ਕੰਮ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਹਕੀਕਤ ਇਹ ਵੀ ਹੈ ਕਿ ਲੋਕ ਸਭਾ ਚੋਣਾਂ ਅੰਦਰ ਜੇਕਰ ਭਾਜਪਾ ਦੀ ਜਿੱਤ ਹੁੰਦੀ ਹੈ, ਤਾਂ ਨਵਉਦਾਰਵਾਦੀ ਨੀਤੀਆਂ ਵਿਰੁੱਧ ਸੰਗਰਾਮਾਂ ਦਾ ਇਹ ਕਾਰਜ ਵਧੇਰੇ ਜ਼ੋਖਮ ਭਰਿਆ ਤੇ ਮੁਸ਼ਕਿਲ ਬਣ ਜਾਵੇਗਾ। ਸਮਾਜਿਕ ਬਦਲਾਅ ਲਈ ਜੂਝ ਰਹੀਆਂ ਤਾਕਤਾਂ ਨੂੰ ਹਰ ਮੁਸ਼ਕਿਲ ਦੌਰ 'ਚ ਇਹ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ।

ਬਿਨਾਂ ਸ਼ੱਕ ਦੇਸ਼ ਵੱਡੀਆਂ ਮੁਸ਼ਕਿਲਾਂ ਤੇ ਚੁਣੌਤੀਆਂ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ, ਪ੍ਰੰਤੂ ਵਿਗਿਆਨਕ ਨਜ਼ਰੀਆ ਤੇ ਇਤਿਹਾਸਕ ਘਟਨਾਕ੍ਰਮ ਇਸ ਤੱਥ ਦੀ ਗਵਾਹੀ ਵੀ ਭਰਦੇ ਹਨ ਕਿ ਚੁਣੌਤੀਆਂ ਦੇ ਮੌਸਮ 'ਚ ਹੀ ਵੱਡੀਆਂ ਸੰਭਾਵਨਾਵਾਂ ਦੀ ਫਸਲ ਤਿਆਰ ਹੁੰਦੀ ਹੈ। ਆਓ! ਇਨ੍ਹਾਂ ਆਸਾਂ-ਉਮੰਗਾਂ ਨਾਲ ਨਵੇਂ ਸਾਲ ਨੂੰ ਜੀ ਆਇਆਂ ਆਖੀਏ!

**#ਸੰਪਰਕ: 98148-82998**

# ਨਵੇਂ ਵਰ੍ਹੇ ਦਿਆ ਸੂਰਜਾ...ਦੇਵੀਂ ਹਰ ਘਰ ਰੁਸ਼ਨਾਅ !

**ਬਿੰਦਰ ਸਿੰਘ ਖੁੱਡੀ ਕਲਾਂ**

ਵਰ੍ਹਾ 2023 ਮਿੱਠੇ, ਕੌੜੇ ਤਜਰਬਿਆਂ ਦੀਆਂ ਯਾਦਾਂ ਛੱਡਦਿਆਂ ਸਾਡੇ ਕੋਲੋਂ ਰਵਾਨਗੀ ਲੈ ਰਿਹਾ ਹੈ ਅਤੇ ਨਵੇਂ ਵਰ੍ਹੇ 2024 ਦੇ ਸੂਰਜ ਦੀਆਂ ਸੋਨ ਸੁਨਹਿਰੀ ਕਿਰਨਾਂ ਸਾਡੇ ਬੂਹਿਆਂ 'ਤੇ ਦਸਤਕ ਦੇ ਰਹੀਆਂ ਹਨ। ਵਿਸ਼ਵ ਭਰ ਦੇ ਸਮਾਜਾਂ ਵੱਲੋਂ ਆਪੋ-ਆਪਣੇ ਰੀਤਾਂ, ਰਿਵਾਜਾਂ ਅਨੁਸਾਰ ਪੁਰਾਣੇ ਵਰ੍ਹੇ ਨੂੰ ਅਲਵਿਦਾ ਅਤੇ ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਕਿਹਾ ਜਾਵੇਗਾ।

ਨਵੇਂ ਵਰ੍ਹੇ ਦੇ ਜਸ਼ਨ ਸਿਰਫ ਤੇ ਸਿਰਫ ਇਨਸਾਨ ਦੇ ਹਿੱਸੇ ਆਉਂਦੇ ਹਨ ।ਜੀਵਾਂ ਜਾਂ ਬਨਸਪਤੀ ਦਾ ਵਰ੍ਹਿਆਂ ਦੀ ਤਬਦੀਲੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ ।ਖੁਦ ਲਈ ਜੀਅ ਲੈਣਾ ਇਨਸਾਨੀਅਤ ਨਹੀਂ ਕਹਾਉਂਦਾ ।ਇਨਸਾਨੀਅਤ ਦੇ ਫਰਜ਼ ਤਾਂ ਨਿੱਜ ਤੋਂ ਬਹੁਤ ਵਿਸ਼ਾਲ ਹਨ । ਇਹਨਾਂ ਵਿਸ਼ਾਲ ਅਰਥਾਂ ਤੱਕ ਪਹੁੰਚਣ ਲਈ ਬੀਤੇ ਵਰ੍ਹੇ 'ਚ ਕੀਤੀਆਂ ਕੋਸ਼ਿਸ਼ਾਂ ਦੀ ਸਮੀਖਿਆ ਜ਼ਰੂਰ ਕਰਨੀ ਹੈ ਅਤੇ ਰਹਿ ਗਈਆਂ ਕਮੀਆਂ ਨੂੰ ਨਵੇਂ ਵਰ੍ਹੇ 'ਚ ਪੂਰਾ ਕਰਨ ਦਾ ਪ੍ਰਣ ਜ਼ਰੂਰ ਕਰਨਾ ਹੈ ।ਬਚਪਨ 'ਚ ਪੜ੍ਹਾਈ ਦੀ ਉਮਰੇ ਨਵੇਂ ਵਰ੍ਹੇ 'ਚ ਜਿੱਥੇ ਖੁਦ ਲਗਨ ਨਾਲ ਪੜ੍ਹਾਈ ਕਰਦਿਆਂ ਭਵਿੱਖ ਸੰਵਾਰਨ ਵੱਲ ਵਧਦਿਆਂ ਮਾਪਿਆਂ ਅਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕਰਨਾ ਹੈ, ਉੱਥੇ ਸਾਥੀਆਂ ਦੀ ਵੀ ਮਦਦ ਕਰਨੀ ਹੈ।ਸਾਥੀਆਂ ਦੀ ਪੜ੍ਹਾਈ ਸੰਬੰਧੀ ਜਰੂਰਤਾਂ ਨੂੰ ਆਪਣੀ ਸਮਰੱਥਾ ਅਨੁਸਾਰ ਜ਼ਰੂਰ ਪੂਰਿਆਂ ਕਰਨਾ ਹੈ।ਪ੍ਰਣ ਕਰੀਏ ਕਿ ਨਵੇਂ ਵਰ੍ਹੇ 'ਚ ਸਮੂਹ ਸਾਥੀਆਂ ਨੂੰ ਤਰੱਕੀ ਦੇ ਬਰਾਬਰ ਅਵਸਰ ਉਪਲੱਬਧ ਕਰਵਾਉਂਦਿਆਂ ਖੁਸ਼ਹਾਲ ਸਮਾਜ ਦੀ ਉਸਾਰੀ ਵੱਲ ਕਦਮ ਪੁੱਟਣੇ ਹਨ।ਨਵੇਂ ਵਰ੍ਹੇ 'ਚ ਇਹ ਸੋਚ 'ਤੇ ਵੀ ਪਹਿਰਾ ਦੇਣਾ ਹੈ ਕਿ ਸਾਡੀਆਂ ਹਰਕਤਾਂ ਜਾਂ ਸਾਡਾ ਵਿਵਹਾਰ ਕਿਸੇ ਲਈ ਪ੍ਰੇਸ਼ਾਨੀ ਦਾ ਸਬੱਬ ਨਾ ਬਣੇ ।ਸਾਡੇ ਨਵੇਂ ਵਰ੍ਹੇ ਦੇ ਜਸ਼ਨਾਂ 'ਚ ਸਮਾਜ ਨੂੰ ਦਰਪੇਸ਼ ਨਸ਼ਿਆਂ,ਪ੍ਰਦੂਸ਼ਣ, ਭ੍ਰਿਸ਼ਟਾਚਰ ਅਤੇ ਮਾਦਾ ਭਰੂਣ ਹੱਤਿਆ ਜਿਹੀਆਂ ਅਲਾਮਤਾਂ ਨੂੰ ਸਮਾਜ 'ਚੋਂ ਦੂਰ ਕਰਨ ਲਈ ਯਤਨਾਂ ਦੇ ਪ੍ਰਣ ਵੀ ਸ਼ੁਮਾਰ ਹੋਣੇ ਚਾਹੀਦੇ ਹਨ ।ਸਾਨੂੰ ਇਹ ਗੱਲ ਸਮਝਣੀ ਹੋਵੇਗੀ ਕਿ ਇਹਨਾਂ ਤਮਾਮ ਅਲਾਮਤਾਂ ਦੇ ਪਸਾਰੇ ਦੇ ਜ਼ਿੰਮੇਵਾਰ ਵੀ ਆਪਾਂ ਹੀ ਹਾਂ ਅਤੇ ਇਹਨਾਂ ਨੂੰ ਦੂਰ ਕਰਨਾ ਵੀ ਸਾਡੀ ਹੀ ਜ਼ਿੰਮੇਵਾਰੀ ਹੈ ।ਸਾਡੇ ਜ਼ਿੰਮੇਵਾਰ ਭਰਪੂਰ ਵਿਹਾਰ ਤੋਂ ਬਿਨਾਂ ਇਹਨਾਂ ਅਲਾਮਤਾਂ ਤੋਂ ਸਮਾਜ ਨੂੰ ਮੁਕਤੀ ਦਿਵਾਉਣ ਲਈ ਕੋਈ ਵੀ ਹੋਰ ਤਰੀਕਾ ਨਹੀਂ ।ਸਾਨੂੰ ਸਭ ਨੂੰ ਆਤਮ ਚਿੰਤਨ ਕਰਦਿਆਂ ਇਹਨਾਂ ਅਲਾਮਤਾਂ ਦੇ ਪਸਾਰੇ ਅਤੇ ਇਹਨਾਂ ਤੋਂ ਸਮਾਜ ਨੂੰ ਮੁਕਤੀ ਦਿਵਾਉਣ ਲਈ ਕੀਤੀਆਂ ਜਾ ਰਹੀਆਂ ਹਰਕਤਾਂ ਅਤੇ ਕੋਸ਼ਿਸ਼ਾਂ ਦੀ ਸ਼ਨਾਖਤ ਕਰਨੀ ਹੋਵੇਗੀ।



ਸਾਨੂੰ ਸਮਝਣਾ ਹੋਵੇਗਾ ਕਿ ਪੁਰਾਣੇ ਵਰ੍ਹੇ ਦਾ ਜਾਣਾ ਅਤੇ ਨਵੇਂ ਵਰ੍ਹੇ ਦਾ ਆਉਣਾ ਨਿਰੰਤਰ ਚੱਲਣ ਵਾਲਾ ਕੁਦਰਤੀ ਵਰਤਾਰਾ ਹੈ।ਸਾਨੂੰ ਸਮਝਣਾ ਇਹ ਵੀ ਹੋਵੇਗਾ ਕਿ ਨਵੇਂ ਵਰ੍ਹੇ ਦੀ ਆਮਦ ਮਹਿਜ਼ ਤਰੀਕਾਂ ਅਤੇ ਸਾਡੇ ਘਰਾਂ, ਦਫਤਰਾਂ ਦੀਆਂ ਦੀਵਾਰਾਂ 'ਤੇ ਲੱਗੇ ਕੈਲੰਡਰਾਂ ਦੀ ਤਬਦੀਲੀ ਨਹੀਂ ਹੈ, ਇਹ ਤਾਂ ਤਬਦੀਲੀ ਹੈ ਸੋਚ ਦੀ।ਪੁਰਾਣੇ ਵਰ੍ਹੇ ਦੀਆਂ ਕਮੀਆਂ ਭਰਪੂਰ ਪੁਰਾਣੀ ਸੋਚ ਨਾਲ ਨਵੇਂ ਵਰ੍ਹੇ 'ਚ ਵਿਚਰਨ ਵਾਲੇ ਇਨਸਾਨਾਂ ਲਈ ਨਵੇਂ ਵਰ੍ਹੇ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ।ਅਸਲ ਵਿੱਚ ਵਰ੍ਹੇ ਦੀ ਤਬਦੀਲੀ ਤਾਂ ਹੈ ਹੀ ਬੀਤੇ ਦੀਆਂ ਕਮੀਆਂ ਤੋਂ ਸਬਕ ਸਿੱਖਦਿਆਂ ਉਸਾਰੂ ਸੋਚ ਨਾਲ ਅੱਗੇ ਵਧਣਾ।ਨਕਾਰਾਤਮਕ ਅਤੇ ਨੀਰਸ ਸੋਚ ਦੇ ਧਾਰਨੀ ਇਨਸਾਨਾਂ ਲਈ ਕੀ ਨਵਾਂ ਵਰ੍ਹਾ ਅਤੇ ਕੀ ਪੁਰਾਣਾ ਵਰ੍ਹਾ।ਸਵਾਰਥੀ ਲੋਕਾਂ ਲਈ ਵੀ ਨਵੇਂ ਵਰ੍ਹੇ ਦੇ ਕੋਈ ਅਰਥ ਨਹੀਂ ਹੁੰਦੇ।ਉਹਨਾਂ ਤਾਂ ਸਮਾਜ ਪ੍ਰਤੀ ਉਸਾਰੂ ਸੋਚ ਨੂੰ ਪਾਸੇ ਰੱਖਦਿਆਂ ਖੁਦ ਦੀ ਖੁਸ਼ੀ ਅਤੇ ਖੁਸ਼ਹਾਲੀ ਲਈ ਹੀ ਯਤਨ ਕਰਨੇ ਹੁੰਦੇ ਹਨ।ਖੁਦਗਰਜ਼ ਲੋਕਾਂ ਦੀ ਭਰਮਾਰ ਵਾਲੇ ਸਮਾਜ ਕਦੇ ਵੀ ਤਰੱਕੀ ਨਹੀਂ ਕਰ ਸਕਦੇ। ਸ਼ਾਂਤੀ ਅਤੇ ਮਜ਼ਬੂਤ ਭਾਈਚਾਰਕ ਸਾਂਝ ਸਮਾਜਿਕ ਖੁਸ਼ਹਾਲੀ ਦਾ ਆਧਾਰ ਹੈ।ਵੱਖਵਾਦ, ਜਾਤੀਵਾਦ ਅਤੇ ਹੋਰ ਤਮਾਮ ਵਖਰੇਵੇਂ ਸਮਾਜ ਲਈ ਸਰਾਪ ਤੋਂ ਘੱਟ ਨਹੀਂ ਹਨ।

ਨਵੇਂ ਵਰ੍ਹੇ ਦੀ ਨਵੀਨਗੀ ਇਸੇ ਵਿੱਚ ਹੈ ਕਿ ਆਪਾਂ ਖੁਦ ਲਈ ਅਤੇ ਸਮਾਜ ਲਈ ਕੁਝ ਨਵਾਂ ਕਰੀਏ।ਨਵੇਂ ਵਰ੍ਹੇ ਦੀ ਆਮਦ 'ਤੇ ਰਸਮ ਵਜੋਂ ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਕਹਿ ਲੈਣਾ ਅਤੇ ਮਿੱਤਰਾਂ-ਦੋਸਤਾਂ ਨੂੰ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਦੇ ਦੇਣਾ ਅਤੇ ਉਹਨਾਂ ਦੀਆਂ ਮੁਬਾਰਕਾਂ ਕਬੂਲ ਲੈਣਾ ਹੀ ਕਾਫੀ ਨਹੀਂ।ਨਵੇਂ ਵਰ੍ਹੇ ਦੀਆਂ ਖੁਸ਼ੀਆਂ ਦੀ ਸਾਰਥਿਕਤਾ ਤਾਂ ਬੀਤੇ ਵੱਲੋਂ ਦਿੱਤੇ ਸਬਕਾਂ ਨੂੰ ਪੱਲੇ ਬੰਨ੍ਹ ਕੇ ਅੱਗੇ ਵਧਣ ਦੇ ਕੀਤੇ ਪ੍ਰਣ ਵਿੱਚ ਹੈ ।ਸਾਲ 2023 ਦੌਰਾਨ ਜ਼ਿੰਮੇਵਾਰੀਆਂ ਨਿਭਾਉਣ 'ਚ ਰਹਿ ਗਈਆਂ ਕਮੀਆਂ ਨੂੰ 2024 'ਚ ਪੂਰਾ ਕਰਨ ਦੇ ਪ੍ਰਣ ਵਿੱਚ ਹੀ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਦੀ ਸਾਰਥਿਕਤਾ ਹੈ।

ਆਓ, ਨਵੇਂ ਵਰ੍ਹੇ ਦੇ ਜਸ਼ਨਾਂ 'ਚ ਉਸਾਰੂ ਸੋਚ ਦੇ ਰੰਗ ਭਰੀਏ।ਸਭ ਨੂੰ ਨਵੇਂ ਵਰ੍ਹੇ 2024 ਦੀਆਂ ਬਹੁਤ-ਬਹੁਤ ਮੁਬਾਰਕਾਂ।

***# ਸੰਪਰਕ : 98786-05965***

# ਸ਼ਰਧਾਲੂ ਨਹੀਂ, ਵਿਵੇਕਸ਼ੀਲ ਮਨੁੱਖ ਦੁਨੀਆ ਨੂੰ ਬਦਲਦੇ ਹਨ

**ਗੁਰਚਰਨ ਸਿੰਘ ਨੂਰਪੁਰ**

ਜੀਵ ਵਿਗਿਆਨੀ ਦੱਸਦੇ ਹਨ ਮਨੁੱਖ ਨੇ ਝੁੰਡਾਂ ਵਿੱਚ ਰਹਿਣਾ ਜਾਨਵਰਾਂ ਤੋਂ ਸਿੱਖਿਆ। ਕੁਝ ਖੋਜੀਆਂ ਦਾ ਇਹ ਵੀ ਖਿਆਲ ਹੈ ਕੀੜੀਆਂ ਦੇ ਸਮਾਜਿਕ ਤਾਣੇਬਾਣੇ ਨੂੰ ਸਮਝ ਕੇ ਮਨੁੱਖ ਨੇ ਝੁੰਡਾਂ ਵਿੱਚ ਰਹਿਣਾ ਸਿੱਖਿਆ। ਇਸ ਵਿੱਚ ਕਿੰਨੀ ਸੱਚਾਈ ਹੈ, ਇਹ ਕੋਈ ਨਹੀਂ ਜਾਣਦਾ, ਪਰ ਇਹ ਸੱਚ ਜ਼ਰੂਰ ਹੈ ਕਿ ਇੱਕੀਵੀਂ ਸਦੀ ਦੇ ਮਨੁੱਖ ਵੀ ਅਜੇ ਤੱਕ ਸਮਾਜ ਵਿੱਚ ਠੀਕ ਤਰ੍ਹਾਂ ਰਹਿਣਾ ਨਹੀਂ ਆਇਆ, ਇਹ ਜਾਤਾਂ, ਨਸਲਾਂ, ਧਰਮਾਂ ਦੇ ਨਾਮ 'ਤੇ ਵੰਡਿਆ ਹੋਇਆ ਹੈ। ਦੁਨੀਆਂ ਭਰ ਵਿੱਚ ਫਿਰਕੂਵਾਦ, ਲੜਾਈਆਂ, ਝਗੜੇ, ਦੰਗੇ ਫਸਾਦ ਤੇ ਕਤਲੋਗਾਰਤ ਦੀ ਜੜ੍ਹ ਸਮਾਜਿਕ ਵਖਰੇਵੇਂ ਹਨ।

ਪਿਛਲੇ ਅਰਸੇ ਤੋਂ ਮਨੀਪੁਰ ਵਿੱਚ ਦੋ ਫਿਰਕਿਆਂ ਵਿੱਚ ਹੋਏ ਸ਼ਰਮਨਾਕ ਦੰਗੇ ਫਸਾਦ ਅਤੇ ਇਜ਼ਰਾਈਲ ਅਤੇ ਫਲਸਤੀਨ ਦੀਆਂ ਜੰਗ ਦੀਆਂ ਜੜ੍ਹਾਂ ਵੀ ਮੂਲ ਰੂਪ ਵਿੱਚ ਨਸਲੀ ਤੇ ਮਜ਼ਹਬੀ ਵਖਰੇਵੇਂ ਹੀ ਹਨ। ਇਹ ਸਭ ਕੁਝ ਦੱਸਦਾ ਹੈ ਕਿ ਅੱਜ ਦੇ ਇਸ ਵਿਕਸਤ ਦੌਰ ਵਿੱਚ ਵੀ ਮਨੁੱਖੀ ਮਨ ਵਿੱਚ ਪਈਆਂ ਰੂੜ੍ਹੀਵਾਦੀ ਸੰਪਰਦਾਈ ਗੰਢਾਂ ਅਜੇ ਖੁੱਲ੍ਹੀਆਂ ਨਹੀਂ। ਮਨੁੱਖ ਭੀੜ ਦਾ ਹਿੱਸਾ ਬਣ ਕੇ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਮਹਿਸੂਸ ਕਰਦਾ ਹੈ। ਭੀੜ ਕਈ ਤਰ੍ਹਾਂ ਦੀਆਂ ਜ਼ੁੰਮੇਵਾਰੀਆਂ ਤੋਂ ਬਚਣ ਦਾ ਉਪਾਅ ਹੈ। ਭੀੜ ਵਿੱਚ ਸ਼ਾਮਲ ਹੋ ਕੇ ਬੰਦਾ ਕਈ ਵਾਰ ਉਹ ਕੁਝ ਕਰ ਜਾਂਦਾ ਹੈ, ਜਿਸ ਦਾ ਇਕੱਲਿਆਂ ਰਹਿ ਕੇ ਉਸ ਨੇ ਕਦੇ ਕਿਆਸ ਵੀ ਨਹੀਂ ਕੀਤਾ ਹੁੰਦਾ। ਮਨੋਵਿਗਿਆਨ ਅਨੁਸਾਰ ਦੰਗੇ ਫਸਾਦ, ਸਮੂਹਕ ਕਤਲੇਆਮ, ਭੰਨ-ਤੋੜ ਕਰਨ ਜਿਹੀਆਂ ਪਰਵਿਰਤੀਆਂ ਕੁਝ ਮਨੁੱਖਾਂ ਦੇ ਅੰਦਰ ਦੱਬਵੇਂ ਰੂਪ ਵਿੱਚ ਪਈਆਂ ਰਹਿੰਦੀਆਂ ਹਨ। ਇਕੱਲਿਆਂ ਮਨੁੱਖ ਇਹਨਾਂ ਪਰਵਿਰਤੀਆਂ ਨੂੰ ਅਮਲ ਵਿੱਚ ਲਿਆਉਣ ਤੋਂ ਡਰਦਾ ਹੈ ਅਤੇ ਭੀੜ ਦਾ ਹਿੱਸਾ ਬਣ ਕੇ ਉਹ ਅਜਿਹੀਆਂ ਘਟਨਾਵਾਂ ਨੂੰ ਸਰਅੰਜ਼ਾਮ ਦੇਣ ਲਈ ਰਤੀ ਭਰ ਵੀ ਨਹੀਂ ਝਿਜਕਦਾ, ਕਿਉਂ ਕਿ ਮਨੁੱਖ ਜਾਣਦਾ ਹੈ ਕਿ ਭੀੜਾਂ ਨੂੰ ਸਜ਼ਾਵਾਂ ਦੇਣੀਆਂ ਮੁਸ਼ਕਲ ਹੁੰਦੀਆਂ ਹਨ। ਕਿਸੇ ਸੰਪਰਦਾ ਜਾਂ ਧਰਮ ਨੂੰ ਮੰਨਣ ਵਾਲਾ ਹਰ ਵਿਅਕਤੀ ਸਮਝਦਾ ਹੈ ਕਿ ਉਹ ਪਰਮ ਤੱਤ ਦੀ ਭਾਲ ਵਿੱਚ ਤੁਰਿਆ ਹੋਇਆ ਹੈ ਤੇ ਬਹੁਤ ਜਲਦੀ ਉਹ ਪਰਮ ਤੱਤ (ਸੱਚ) ਤੱਕ ਪਹੁੰਚ ਜਾਏਗਾ, ਪਰ ਹਕੀਕਤ ਇਹ ਹੈ ਕਿ ਭੀੜ ਦਾ ਹਿੱਸਾ ਬਣ ਕੇ ਮਨੁੱਖ ਨੂੰ ਗਿਆਨ ਹਾਸਲ ਨਹੀਂ ਹੋ ਸਕਦਾ, ਸਗੋਂ ਸੱਚਾਈ ਇਸ ਤੋਂ ਕੋਹਾਂ ਦੂਰ ਹੁੰਦੀ ਹੈ। ਧਰਮ ਮਜ਼ਹਬ ਦੇ ਨਾਂਅ 'ਤੇ ਇਕੱਠੀਆਂ ਹੋਈਆਂ ਭੀੜਾਂ ਨਾਲ ਦੂਜਿਆਂ 'ਤੇ ਪ੍ਰਭਾਵ ਤਾਂ ਬਣਾਇਆ ਜਾ ਸਕਦਾ ਹੈ ਜਾਂ ਦੂਜੇ ਫਿਰਕਿਆਂ ਨੂੰ ਡਰਾਇਆ, ਧਮਕਾਇਆ ਜਾ ਸਕਦਾ ਹੈ, ਪਰ ਸੱਚ ਅਤੇ ਗਿਆਨ ਦਾ ਅੰਸ਼ ਭੀੜ ਵਿੱਚ ਕਦੇ ਵੀ ਪੈਦਾ ਨਹੀਂ ਹੁੰਦਾ। ਭੀੜਾਂ ਸਿਰ ਰਹਿਤ ਹੁੰਦੀਆਂ ਹਨ। ਦੁਨੀਆਂ ਵਿੱਚ ਵੱਡੀਆਂ ਤਬਦੀਲੀਆਂ ਉਹਨਾਂ ਲੋਕਾਂ ਨੇ ਕੀਤੀਆਂ, ਜੋ ਕਿਸੇ ਵੀ ਸੰਪਰਦਾ ਦੇ ਸ਼ਰਧਾਲੂ ਜਾਂ ਭੀੜ ਦਾ ਹਿੱਸਾ ਨਹੀਂ ਸਨ। ਗਲੈਲੀਓ, ਜਿਓਨਾਰਦੋ ਬਰੂਨੋ, ਚਾਰਲਸ ਡਾਰਵਿਨ, ਸਿਗਮੰਡ ਫਰਾਇਡ, ਕਾਰਲ ਮਾਰਕਸ, ਲੂਈਸ ਪਾਸਚਰ, ਥਾਮਸ ਐਡੀਸਨ, ਮਾਰਕੋਨੀ, ਬੈਂਜਾਮਿਨ ਫਰੈਂਕਲਿਨ ਅਤੇ ਆਈਨਸਟਾਈਨ ਵਰਗੇ ਰੌਸ਼ਨ ਦਿਮਾਗ ਜੇਕਰ ਕਿਸੇ ਧਰਮ ਦੇ ਸ਼ਰਧਾਲੂ ਹੁੰਦੇ ਤਾਂ ਇਹ ਦੁਨੀਆ ਹੋਰ ਤਰ੍ਹਾਂ ਦੀ ਹੋਣੀ ਸੀ।

ਚਾਹੇ ਕੋਈ ਵੀ ਮਜ਼ਬ, ਸੰਪਰਦਾ ਹੋਵੇ ਜਾਂ ਰਾਜਨੀਤਕ ਜਮਾਤ ਹੋਵੇ, ਸਾਨੂੰ ਕਦੇ ਵੀ ਉਸ ਦੇ ਪੂਜਕ ਤੇ ਸ਼ਰਧਾਲੂ ਨਹੀਂ ਬਣਨਾ ਚਾਹੀਦਾ। ਸਾਨੂੰ ਹਮੇਸ਼ਾ ਵਿਵੇਕਸ਼ੀਲ ਬਣਨਾ ਚਾਹੀਦਾ ਹੈ। ਅੱਜ ਦੇ ਦੌਰ ਵਿੱਚ ਸੋਸ਼ਲ ਮੀਡੀਆ ਦੇ ਇਸ ਜ਼ਮਾਨੇ ਵਿੱਚ ਭਾਵੇਂ ਬਹੁਤ ਕੁਝ ਚੰਗਾ ਵੀ ਹੋ ਰਿਹਾ ਹੈ, ਪਰ ਮੋਬਾਇਲ ਇੰਟਰਨੈੱਟ 'ਤੇ ਵੀ ਰਾਜਨੀਤਕ ਅਤੇ ਧਾਰਮਕ ਸ਼ਰਧਾਲੂਆਂ ਦੀਆਂ ਸਿਰ ਰਹਿਤ ਭੀੜਾਂ ਦੇ ਵੱਡੇ ਗਰੁੱਪ ਬਣ ਗਏ ਹਨ। ਨੈੱਟਵਰਕ ਨੂੰ ਕੰਟਰੋਲ ਕਰਨ ਅਤੇ ਆਪਣੀ ਗੱਲ ਨੂੰ ਵੀ ਅੱਗੇ ਰੱਖਣ ਵਾਲੇ ਆਈ ਟੀ ਸੈਂਟਰ ਸਥਾਪਤ ਹੋ ਰਹੇ ਹਨ। ਇਹ ਇੱਕ ਤਰ੍ਹਾਂ ਨਾਲ ਭਵਿੱਖ ਦੇ ਨੈੱਟਵਰਕ ਗੈਂਗ ਬਣ ਰਹੇ ਹਨ, ਜੋ ਕਿ ਸਾਡੀ ਨਵੀਂ ਪੀੜ੍ਹੀ ਦੇ ਵਿਵੇਕ ਲਈ ਬਹੁਤ ਨਿਰਾਸ਼ਜਨਕ ਹੈ। ਜਿੱਥੇ ਧਾਰਮਿਕ ਸ਼ਰਧਾਲੂਆਂ ਦੀ ਭੀੜ ਹੈ, ਉੱਥੇ ਰਾਜਨੀਤਕ ਸ਼ਰਧਾਲੂ ਉਹਨਾਂ ਤੋਂ ਚਾਰ ਕਦਮ ਅਗਾਂਹ ਹਨ। ਸੋਸ਼ਲ ਸਾਇਟਾਂ 'ਤੇ ਵੱਖ ਵੱਖ ਧਰਮਾਂ, ਮਜ਼ਹਬਾਂ ਦੇ ਗਰੁੱਪ ਨਵੀਂ ਪੀੜ੍ਹੀ ਵਿੱਚ ਫਿਰਕੂ ਜ਼ਹਿਰਾਂ ਦੇ ਬੀਜ ਬੀਜ ਰਹੇ ਹਨ। ਸੋਸ਼ਲ ਮੀਡੀਆ ਦੀ ਗਰੁੱਪਬਾਜ਼ੀ ਮਨੁੱਖਾਂ ਵਿੱਚ ਨਵੀਂ ਕਿਸਮ ਦੇ ਵਖਰੇਵੇਂ ਪੈਦਾ ਕਰ ਰਹੀ ਹੈ।

ਜੋ ਕਦੇ ਵੀ ਭੀੜ ਦਾ ਹਿੱਸਾ ਨਹੀਂ ਬਣਦੇ, ਉਹ ਨਵੀਆਂ ਖੋਜਾਂ ਖੋਜਦੇ ਹਨ। ਨਵੀਆਂ ਪੈੜਾਂ ਪਾਉਂਦੇ ਹਨ। ਜਿੱਥੇ ਸਮਾਜ ਵਿੱਚ ਵੱਖ ਫਿਰਕਿਆਂ ਵਿੱਚ ਆਪਸੀ ਟਕਰਾਅ ਅਕਸਰ ਪੈਦਾ ਹੁੰਦੇ ਰਹਿੰਦੇ ਹਨ, ਉੱਥੇ ਇੱਹ ਤੀਜੀ ਕਿਸਮ ਦੇ ਤਰਕਸ਼ੀਲ, ਵਿਚਾਰਸ਼ੀਲ, ਚਿੰਤਕ ਲੋਕ ਆਮ ਲੋਕਾਂ ਜਿਹੀਆਂ ਪ੍ਰਸਥਿਤੀਆਂ ਦੇ ਗੰਭੀਰ ਸਿੱਟਿਆਂ ਤੋਂ ਸੁਚੇਤ ਕਰਦੇ ਰਹਿੰਦੇ ਹਨ। ਇਹ ਸਮੇਂ ਦੇ ਹਰ ਦੌਰ ਵਿੱਚ ਭੀੜਾਂ ਤੋਂ ਵੱਖਰੇ ਹੀ ਰਹੇ, ਉਹਨਾਂ ਨੂੰ ਭਾਵੇਂ ਉਹਨਾਂ ਦੇ ਸਮੇਂ ਵਿੱਚ ਕਾਫਰ, ਨਾਸਤਿਕ ਆਖਿਆ ਗਿਆ, ਪਰ ਉਹਨਾਂ ਨੇ ਭੀੜ ਤੋਂ ਵੱਖ ਹੋ ਕੇ ਆਪਣੇ ਨਵੇਕਲੇ ਅੰਦਾਜ਼ ਵਿੱਚ ਹਮੇਸ਼ਾਂ ਲੋਕ ਹਿੱਤਾਂ ਦੀ ਗੱਲ ਕੀਤੀ। ਉਹਨਾਂ ਰੱਬ, ਧਰਮ, ਮਜ਼ਹਬ 'ਤੇ ਵੀ ਕਿੰਤੂ ਕਰਨ ਤੋਂ ਸੰਕੋਚ ਨਹੀਂ ਕੀਤਾ, ਇਹਦੀ ਭਾਵੇਂ ਉਹਨਾਂ ਨੂੰ ਕਿੰਨੀ ਵੀ ਵੱਡੀ ਕੀਮਤ ਕਿਉਂ ਨਾ ਤਾਰਨੀ ਪਈ। ਸਮਾਜ ਵਿੱਚ ਜਦੋਂ ਵੀ ਕਦੇ ਅੱਜ ਵਰਗੇ ਹਾਲਾਤ ਪੈਦਾ ਹੋਏ, ਬੁੱਲ੍ਹੇ ਸ਼ਾਹ ਜਿਹੇ ਫੱਕਰ ਦੇ ਮਨ ਵਿੱਚ ਖਿਆਲ ਆਇਆ ਹੋਏਗਾ :-

*ਧਰਮਸਾਲ ਧੜਵਈ ਰਹਿੰਦੇ ਠਾਕਰ ਦੁਆਰੇ ਠੱਗ,*
*ਵਿੱਚ ਮਸੀਤਾਂ ਰਹਿਣ ਕਸੱਤੀਏ ਆਸ਼ਕ ਰਹਿਣ ਅਲੱਗ।*

ਅੱਜ ਜਿਵੇਂ ਸਾਡੇ ਸਮਾਜ ਵਿੱਚ ਫਿਰਕਾਪ੍ਰਸਤੀ ਦਾ ਬੋਲਬਾਲਾ ਵਧ ਰਿਹਾ ਹੈ, ਧਰਮਾਂ ਮਜ਼ਹਬਾਂ ਸੰਪਰਦਾਵਾਂ 'ਤੇ ਉਹ ਲੋਕ ਕਾਬਜ ਹੋ ਰਹੇ ਹਨ, ਜਿਹੜੇ ਸਮਾਜਿਕ ਕਦਰਾਂ-ਕੀਮਤਾਂ ਤੋਂ ਆਪ ਸੱਖਣੇ ਹਨ। ਇਸ ਸਮੇਂ ਉਹਨਾਂ ਦੀ ਹਾਲਤ ਇਹ ਹੈ ਸਮਾਜ ਵਿੱਚ ਜੋ ਕੁਝ ਮਰਜ਼ੀ ਹੋਈ ਜਾਵੇ, ਉਹ ਆਪਣੇ ਡੇਰਿਆਂ ਵਿੱਚ ਵਿਹਲੇ ਬੈਠੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਨਾਲ ਐਸ਼ਮਈ ਜ਼ਿਦਗੀ ਬਤੀਤ ਕਰ ਰਹੇ ਹਨ। ਇਹ ਆਪਣੇ ਸੇਵਕਾਂ, ਚੇਲਿਆਂ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜਨ ਦੀ ਬਜਾਏ ਉਹਨਾਂ ਤੋਂ ਅਲੱਗ ਕਰ ਰਹੇ ਹਨ। ਲੱਖਾਂ ਲੋਕਾਂ ਦੇ ਰੋਲ ਮਾਡਲ ਬਣੇ ਇਹ ਲੋਕ ਸਮਾਜ ਵਿੱਚ ਪਸਰੀਆਂ ਕੁਰੀਤੀਆਂ ਪ੍ਰਤੀ ਜੋ ਲੋਕਾਂ ਵਿੱਚ ਰੋਹ ਪੈਦਾ ਹੋਣਾ ਹੁੰਦਾ ਹੈ, ਉਹਨੂੰ ਸ਼ਾਂਤ ਕਰਨ ਦਾ ਕੰਮ ਕਰਦੇ ਹਨ। ਸਮਾਜਿਕ ਤਬਦੀਲੀ ਲਈ ਰੁਕਾਵਟ ਬਣਦੇ ਹਨ। ਸਮਾਜ ਨੂੰ ਹਰ ਦੌਰ ਵਿੱਚ ਜਾਗਦੇ ਰੱਖੇ ਜਾਣ ਲਈ ਬੁਲੰਦ ਸੋਚ ਅਤੇ ਬੁਲੰਦ ਆਵਾਜ਼ ਦੀ ਲੋੜ ਹੁੰਦੀ ਹੈ। ਜੋ ਸੱਚ ਨੂੰ ਸੱਚ, ਝੂਠ ਨੂੰ ਝੂਠ ਤੇ ਬਾਬਰ ਨੂੰ ਜਾਬਰ ਕਹਿਣ ਦੀ ਜੁਅੱਰਤ ਕਰ ਸਕੇ। ਅੱਜ ਭੀੜ ਦਾ ਹਿੱਸਾ ਬਣੇ ਲੋਕ ਆਪਣੇ ਆਪ ਨੂੰ ਬੁੱਲ੍ਹੇ ਸ਼ਾਹ ਅਤੇ ਗੁਰੂ ਨਾਨਕ ਦੇ ਵਾਰਸ ਤਾਂ ਮੰਨਦੇ ਹਨ, ਪਰ ਉਹਨਾਂ ਦੀ ਕਹੀ ਕੋਈ ਗੱਲ ਮੰਨਣ ਲਈ ਤਿਆਰ ਨਹੀਂ। ਪੂਜਕ ਤੇ ਸ਼ਰਧਾਲੂ ਚਾਹੇ ਰਾਜਨੀਤਕ ਹੋਵੇ, ਚਾਹੇ ਧਾਰਮਿਕ ਇਹ ਸਾਰਥਕ ਤਬਦੀਲੀ ਲਈ ਹਮੇਸ਼ਾ ਖਤਰਨਾਕ ਸਾਬਤ ਹੁੰਦਾ ਹੈ। ਆਪਣੇ ਸਮੇਂ ਦੌਰਾਨ ਬਹੁਤ ਪਹਿਲਾਂ ਜਦੋਂ ਸਪੀਕਰਾਂ ਦੇ ਸ਼ੋਰ-ਗੁੱਲ ਦਾ ਅਜੇ ਨਾਂਅ-ਨਿਸ਼ਾਨ ਵੀ ਨਹੀਂ ਹੁੰਦਾ ਸੀ ਤਾਂ ਕਬੀਰ ਸਾਹਿਬ ਨੇ ਇਕ ਸਲੋਕ ਵਿੱਚ ਮੁੱਲਾਂ ਨੂੰ ਪੁੱਛਿਆ:-

*ਕਬੀਰ ਮੁਲਾਂ ਮਨਾਰੇ ਕਿਆ ਚਢਹਿ ਸਾਈ ਨ ਬਹਰਾ ਹੋਇ॥*
*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥*

ਕਿ ਜਿਸ ਖੁਦਾ ਨੂੰ ਰੋਜ਼ ਉੱਚੀ-ਉੱਚੀ ਵਾਰ-ਵਾਰ ਆਵਾਜ਼ਾਂ ਮਾਰਦਾ ਹੈਂ, ਪਕਾਰਦਾ ਹੈ, ਉਹ ਕੋਈ ਬੋਲਾ ਹੈ ? ਅਸੀਂ ਬਾਣੀ ਵਿੱਚ ਅੱਜ ਵੀ ਵਾਰ ਵਾਰ ਇਹ ਸਲੋਕ ਪੜ੍ਹਦੇ ਸੁਣਦੇ ਹਾਂ, ਪਰ ਉੱਚੀ ਸਪੀਕਰ ਲਾ ਕੇ ਦਿਨ-ਰਾਤ ਰੱਬ ਨੂੰ ਆਵਾਜ਼ ਦੇਣ ਲੱਗੇ ਹੋਏ ਹਾਂ। ਕਈ ਸਾਧ ਬਾਬੇ ਤਾਂ ਲਗਾਤਾਰ ਪਾਠਾਂ ਦੀਆਂ ਲੜੀਆਂ ਹੀ ਰੱਖ ਲੈਂਦੇ ਹਨ, ਜੋ ਮਹੀਨਿਆਂਬੱਧੀ ਚੱਲਦੀਆਂ ਰਹਿੰਦੀਆਂ ਹਨ। ਉਹ ਰੱਬ ਕਿਹੋ ਜਿਹਾ ਰੱਬ ਹੋਵੇਗਾ, ਜੋ ਬੰਦੇ ਦੇ ਵਾਰ ਵਾਰ ਰੱਬ-ਰੱਬ ਕਰਨ ਨਾਲ ਖੁਸ਼ੀ ਵਿੱਚ ਝੂਮਣ ਲੱਗ ਪੈਂਦਾ ਹੈ ? ਮਨੁੱਖ ਦੀ ਸੋਚ ਨੂੰ ਬੰਨ੍ਹ ਕੇ ਰੱਖਣ ਲਈ ਇਹ ਸਭ ਤਰ੍ਹਾਂ ਦੀਆਂ ਘਾੜਤਾਂ ਸ਼ਾਤਰ ਲੋਕਾਂ ਨੇ ਹੀ ਘੜੀਆਂ। ਰਾਜਨੀਤਕ ਅਤੇ ਸਮਾਜਿਕ ਨਿਘਾਰ ਤੋਂ ਸਮਾਜ ਨੂੰ ਉਭਾਰਨ ਲਈ ਸ਼ਰਧਾ ਨਹੀਂ, ਬਲਕਿ ਵਿਵੇਕ ਦੀ ਲੋੜ ਹੈ। ਵਿਵੇਕਸ਼ੀਲ ਮਨੁੱਖ ਹੀ ਸਮਾਜ ਨੂੰ ਹੋਰ ਸੋਹਣਾ ਬਣਾਉਣ ਦਾ ਯਤਨ ਕਰਦਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਮਨੁੱਖ ਨੂੰ ਜੋ ਸਿੱਖਿਆ ਦਿੱਤੀ ਜਾ ਰਹੀ ਹੈ, ਇਹ ਸਿੱਖਿਆ ਵੱਖ-ਵੱਖ ਵਿਸ਼ਿਆਂ ਵਿੱਚ ਮੁਹਾਰਤ ਹਾਸਲ ਕਰਨ ਵਾਲੇ ਕਾਮੇ ਤਾਂ ਪੈਦਾ ਕਰਦੀ ਹੈ, ਪਰ ਮਨੁੱਖ ਨੂੰ ਵਿਵੇਕਸ਼ੀਲ ਨਹੀਂ ਬਣਾਉਂਦੀ। ਦੁਨੀਆ ਨੂੰ ਹਰ ਦੌਰ ਵਿੱਚ ਚੰਗੇ ਵਿਸ਼ਾ ਮਾਹਰਾਂ ਤੋਂ ਵੀ ਵੱਧ ਦਾਨਿਸ਼ਵਰ ਇਨਸਾਨਾਂ ਦੀ ਲੋੜ ਰਹੀ ਹੈ। ਤਕਨੀਕੀ ਵਿਕਾਸ ਦੇ ਇਸ ਦੌਰ ਵਿੱਚ ਸਰੀਰਕ ਤੇ ਮਾਨਸਿਕ ਤੌਰ ਤੇ ਮਨੁੱਖ ਹਰ ਦਿਨ ਬਦਲ ਰਿਹਾ ਹੈ। ਇਹ ਤਬਦੀਲੀ ਮਨੁੱਖੀ ਮਨ 'ਤੇ ਕੀ ਪ੍ਰਭਾਵ ਕਰੇਗੀ, ਇਸ ਦਾ ਸਹੀ ਸਹੀ ਅੰਦਾਜ਼ਾ ਫਿਲਹਾਲ ਕਿਸੇ ਨੂੰ ਨਹੀਂ ਹੈ। ਵਿਗਿਆਨਕ ਵਿਕਾਸ ਦੇ ਇਸ ਦੌਰ ਵਿੱਚ ਇਹ ਬੜਾ ਜ਼ਰੂਰੀ ਹੈ ਕਿ ਸਾਡੀ ਸੋਚ ਵੀ ਵਿਗਿਆਨਕ ਹੋਵੇ ਤਾਂ ਹੀ ਅਸੀਂ ਅੱਜ ਦੇ ਦੌਰ ਦੇ ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਨੂੰ ਸਮਝ ਸਕਦੇ ਹਾਂ।

ਸਾਨੂੰ ਚਾਹੀਦਾ ਹੈ ਕਿ ਅਸੀਂ ਮਨੁੱਖ ਦੇ ਵਿਵੇਕ 'ਤੇ ਜ਼ੋਰ ਦੇਈਏ। ਸਮਾਜ ਨੂੰ ਚੰਗਾ ਬਣਾਉਣ ਲਈ ਉਪਰੋਂ ਕਿਸੇ ਇਲਹਾਮੀ ਗੈਬੀ ਤਾਕਤ ਨੇ ਕਦੇ ਨਹੀਂ ਆਉਣਾ। ਸਮਾਜ ਨੂੰ ਮਾੜਾ ਬਣਾਉਣ ਲਈ ਮਨੁੱਖ ਹੀ ਜ਼ਿੰਮੇਵਾਰ ਹੁੰਦੇ ਹਨ ਅਤੇ ਮਨੁੱਖ ਕੋਲ ਹੀ ਇਸ ਨੂੰ ਚੰਗਾ ਬਣਾਉਣ ਦੀ ਸਮਰੱਥਾ ਹੈ। ਸਮਾਜ ਵਿੱਚ ਫੈਲੀ ਹਰ ਤਰ੍ਹਾਂ ਦੀ ਹਨੇਰਗਰਦੀ ਖਿਲਾਫ ਵਿਵੇਕਸ਼ੀਲ ਬਣ ਕੇ ਆਪਣੇ ਹਿੱਸੇ ਦਾ ਚਾਨਣ ਕਰਨ ਲਈ ਯਤਨਸ਼ੀਲ ਹੋਈਏ।

***# ਸੰਪਰਕ : 98550-51099***

# ਫਲਸਤੀਨ 'ਚ ਕਤਲੋਗਾਰਤ ਖਿਲਾਫ ਖੱਬੇ-ਪੱਖੀਆਂ ਵੱਲੋਂ ਰੋਸ ਮੁਜ਼ਾਹਰਾ




**ਲੁਧਿਆਣਾ (ਐੱਮ ਐੱਸ ਭਾਟੀਆ)**

ਇਜ਼ਰਾਈਲ ਵੱਲੋਂ ਫਲਸਤੀਨ ਦੇ ਲੋਕਾਂ ਦੀ ਕੀਤੀ ਜਾ ਰਹੀ ਕਤਲੋਗਾਰਤ ਖਿਲਾਫ ਸੱਤ ਖੱਬੀਆਂ ਪਾਰਟੀਆਂ ਅਤੇ ਜਮਹੂਰੀ ਜਥੇਬੰਦੀਆਂ ਦੇ ਪੰਜਾਬ ਪੱਧਰੀ ਸੱਦੇ ਤਹਿਤ ਲੁਧਿਆਣਾ ਜ਼ਿਲ੍ਹੇ ਦੀਆਂ ਖੱਬੀਆਂ ਪਾਰਟੀਆਂ ਤੇ ਜਮਹੂਰੀ ਜਥੇਬੰਦੀਆਂ, ਜਿਨ੍ਹਾਂ ਵਿੱਚ ਸੀ ਪੀ ਆਈ, ਆਰ ਐੱਮ ਪੀ ਆਈ, ਮੁਕਤੀ ਸੰਗਰਾਮ ਮਜ਼ਦੂਰ ਮੰਚ ਤੇ ਇਨਕਲਾਬੀ ਕੇਂਦਰ ਪੰਜਾਬ ਸ਼ਾਮਲ ਸਨ, ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਭਾਈ ਬਾਲਾ ਚੌਕ 'ਤੇ ਰੈਲੀ ਕੀਤੀ ਗਈ ਅਤੇ ਉਪਰੰਤ ਘੁਮਾਰ ਮੰਡੀ ਇਲਾਕੇ ਵਿੱਚੋਂ ਆਰਤੀ ਸਿਨਮਾ ਚੌਕ ਤੱਕ ਰੋਸ ਮੁਜ਼ਾਹਰਾ ਕੀਤਾ ਗਿਆ। ਆਗੂਆਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਪਿਛਲੇ ਢਾਈ ਮਹੀਨਿਆਂ ਤੋਂ ਫਲਸਤੀਨ ਨੂੰ ਕਬਰਿਸਤਾਨ 'ਚ ਬਦਲਣ ਲਈ ਅਮਰੀਕਾ ਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਦੀ ਸ਼ਹਿ ਪ੍ਰਾਪਤ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ ਦਾ ਉਨ੍ਹਾਂ ਦੇ ਆਪਣੇ ਹੀ ਦੇਸ਼ 'ਚੋਂ ਸਫਾਇਆ ਕਰਨ ਲਈ ਹਮਲੇ ਕੀਤੇ ਜਾ ਰਹੇ ਹਨ, ਜਿਸ ਖਿਲਾਫ ਦੁਨੀਆ ਭਰ ਵਿੱਚ ਆਵਾਜ਼ ਉਠਾਈ ਜਾ ਰਹੀ ਹੈ। ਗਾਜਾ ਵਿੱਚ 21000 ਤੋਂ ਵੱਧ ਲੋਕ ਇਨ੍ਹਾਂ ਹਮਲਿਆਂ ਵਿੱਚ ਮਾਰੇ ਗਏ ਹਨ ਤੇ 55000 ਦੇ ਕਰੀਬ ਫੱਟੜ ਹੋ ਚੁੱਕੇ ਹਨ, ਮ੍ਰਿਤਕਾਂ ਵਿੱਚੋਂ 70% ਔਰਤਾਂ ਤੇ ਬੱਚੇ ਹਨ। ਗਾਜਾ ਵਿੱਚ ਇਸ ਸਮੇਂ ਘੋਰ ਮਨੁੱਖੀ ਸੰਕਟ ਪੈਦਾ ਹੋ ਚੁੱਕਿਆ ਹੈ ਅਤੇ ਬਿਮਾਰੀਆਂ ਤੇ ਭੁੱਖਮਰੀ ਫੈਲਣ ਦੇ ਕਾਰਨ ਸਥਿਤੀ ਭਿਆਨਕ ਹੈ। ਆਗੂਆਂ ਨੇ ਕਿਹਾ ਕਿ ਸੰਸਾਰ ਭਰ ਦੇ ਜ਼ਬਰਦਸਤ ਵਿਰੋਧ ਨੂੰ, ਇੱਥੋਂ ਤੱਕ ਕੇ ਯੂ.ਐੱਨ.ਓ. ਦੇ ਵਿਰੋਧ ਨੂੰ ਵੀ ਅੱਖੋਂ ਪਰੋਖੇ ਕਰਨ ਵਾਲੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਣਾ ਚਾਹੀਦਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜ਼ਰਾਈਲ ਦੇ ਹੱਕ ਵਿੱਚ ਖਲੋਣ ਦੀ ਜ਼ਬਰਦਸਤ ਨਿੰਦਾ ਕੀਤੀ ਗਈ ਤੇ ਮੰਗ ਕੀਤੀ ਗਈ ਕਿ ਭਾਰਤ ਸਰਕਾਰ ਕੌਮਾਂਤਰੀ ਮੰਚਾਂ ਉੱਤੇ ਇਜ਼ਰਾਈਲ ਖਿਲਾਫ ਸਖਤ ਸਟੈਂਡ ਲਵੇ।

ਫਲਸਤੀਨੀ ਕੌਮੀ ਸੰਘਰਸ਼ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਿਆਂ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਫਲਸਤੀਨ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਹੱਕ ਮਿਲਣ, ਉਨ੍ਹਾਂ ਦੇ ਦੇਸ਼ 'ਚੋਂ ਕਬਜ਼ਾ ਛੱਡਿਆ ਜਾਵੇ। ਫਿਲਸਤੀਨੀ ਤੇ ਇਜ਼ਰਾਈਲ ਦੇ ਲੋਕਾਂ ਦੀ ਸ਼ਾਂਤੀ ਪੂਰਵਕ ਸਹਿਹੋਂਦ ਨੂੰ ਯਕੀਨੀ ਬਣਾਇਆ ਜਾਏ।

ਬੁਲਾਰਿਆਂ ਨੇ ਯੂਕਰੇਨ ਸਮੇਤ ਦੁਨੀਆ ਦੇ ਅਨੇਕਾਂ ਇਲਾਕਿਆਂ ਵਿੱਚ ਚੱਲ ਰਹੇ ਯੁੱਧਾਂ ਨੂੰ ਸਮਾਪਤ ਕਰਕੇ ਸ਼ਾਂਤੀ ਲਈ ਆਵਾਜ਼ ਬੁਲੰਦ ਕੀਤੀ। ਯੂਕਰੇਨ ਵਿੱਚ ਵੀ ਚੱਲ ਰਹੀ ਜੰਗ ਦੇ ਕਾਰਨ ਲੱਖਾਂ ਲੋਕ ਉੱਜੜ ਗਏ ਹਨ ਤੇ ਰਿਪੋਰਟਾਂ ਮੁਤਾਬਕ ਡੇਢ ਲੱਖ ਦੇ ਕਰੀਬ ਰੂਸ ਤੇ ਯੂਕਰੇਨ ਦੋਨਾਂ ਦੇ ਫੌਜੀ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਰੈਲੀ ਵਿੱਚ ਬੋਲਦਿਆਂ ਬੁਲਾਰਿਆਂ ਨੇ ਮੰਗ ਕੀਤੀ ਕਿ ਹਮਲਿਆਂ ਨੂੰ ਖਤਮ ਕਰਨ ਤੋਂ ਤੁਰੰਤ ਬਾਅਦ ਗੱਲਬਾਤ ਮੁੜ ਸ਼ੁਰੂ ਹੋਣੀ ਚਾਹੀਦੀ ਹੈ।

ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਤੇ ਇਸ ਦੇ ਸਹਿਯੋਗੀ ਦੇਸ਼ਾਂ ਦੇ ਆਪਣੇ ਭੂ-ਰਾਜਨੀਤਕ, ਆਰਥਿਕ ਤੇ ਫੌਜੀ ਹਿੱਤ ਹਨ, ਜਿਸ ਕਾਰਨ ਉਹ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਜੰਗਬੰਦੀ ਦੇ ਮਤੇ ਦਾ ਸਮਰਥਨ ਨਹੀਂ ਕਰ ਰਹੇ ਹਨ ਅਤੇ ਔਰਤਾਂ ਤੇ ਬੱਚਿਆਂ ਦੀ ਮੌਤ 'ਤੇ ਸਿਰਫ ਗੋਗਲੂਆਂ ਤੋਂ ਮਿੱਟੀ ਝਾੜ ਰਹੇ ਹਨ। ਸੰਸਾਰ ਭਰ ਦੇ ਆਮ ਲੋਕਾਂ ਨੂੰ ਇਸ ਵਿੱਚ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ ਤੇ ਅਸੀਂ ਪਹਿਲਾਂ ਹੀ ਦੁਨੀਆ ਭਰ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਦੇਖੇ ਹਨ। ਬੁਲਾਰਿਆਂ ਨੇ ਭਾਰਤ ਅੰਦਰ ਫਲਸਤੀਨ ਬਹਾਨੇ ਮੁਸਲਮਾਨਾਂ ਖਿਲਾਫ ਭਾਜਪਾ-ਆਰ.ਐੱਸ.ਐੱਸ. ਦੀ ਨਫਰਤੀ ਮੁਹਿੰਮ ਦੀ ਸਖਤ ਨਿੰਦਾ ਕੀਤੀ ਤੇ ਫਿਰਕੂ ਸਦਭਾਵਨਾ ਦਾ ਮਾਹੌਲ ਬਣਾਉਣ ਲਈ ਲੋਕਾਂ ਨੂੰ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁਖਦਾਈ ਗੱਲ ਹੈ ਕਿ ਫਿਰਕੂ ਅਨਸਰਾਂ ਵੱਲੋਂ ਸਦੀਆਂ ਬੱਧੀ ਸਦਭਾਵਨਾ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਹਿੰਸਾ ਦੇ ਮਾਹੌਲ ਨੂੰ ਵਧਾਇਆ ਜਾ ਰਿਹਾ ਹੈ। ਮੰਚ ਦਾ ਸੰਚਾਲਨ ਕਾਮਰੇਡ ਡੀ ਪੀ ਮੌੜ ਵੱਲੋਂ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਐੱਮ ਐੱਸ ਭਾਟੀਆ, ਰਘਬੀਰ ਸਿੰਘ ਬੈਨੀਪਾਲ, ਲਖਵਿੰਦਰ ਸਿੰਘ ਤੇ ਸਤਨਾਮ ਸਿੰਘ ਸ਼ਾਮਲ ਸਨ।

ਇਸ ਮੌਕੇ ਬੋਲਣ ਵਾਲਿਆਂ ਵਿੱਚ ਕਵਲਜੀਤ ਖੰਨਾ, ਡਾਕਟਰ ਅਰੁਣ ਮਿੱਤਰਾ, ਪ੍ਰੋਫੈਸਰ ਜੈਪਾਲ ਸਿੰਘ, ਲਖਵਿੰਦਰ ਸਿੰਘ, ਡਾ. ਰਜਿੰਦਰਪਾਲ ਸਿੰਘ ਔਲਖ, ਕਾਮਰੇਡ ਪਰਮਜੀਤ ਸਿੰਘ, ਜਗਦੀਸ਼ ਚੰਦ, ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ 1936 ਦੇ ਆਗੂ ਕਾਮਰੇਡ ਚਮਕੌਰ ਸਿੰਘ, ਜਮਹੂਰੀ ਕਿਸਾਨ ਸਭਾ ਦੇ ਜ਼ਿਲਾ ਆਗੂ ਹਰਨੇਕ ਸਿੰਘ ਗੁੱਜਰਵਾਲ, ਤਰਸੇਮ ਸਿੰਘ ਬੱਸੂਵਾਲ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਸੁਰਿੰਦਰ ਸਿੰਘ, ਚਰਨ ਸਰਾਭਾ, ਬਲਕੌਰ ਸਿੰਘ ਗਿੱਲ, ਡਾਕਟਰ ਬਲਵਿੰਦਰ ਸਿੰਘ ਔਲਖ, ਵਿਜੇ ਕੁਮਾਰ ਗੁਰਮੇਲ ਮੈਲਡੇ, ਕੇਵਲ ਸਿੰਘ ਬਨਵੈਤ, ਕੁਲਵੰਤ ਕੌਰ, ਜਗਦੀਸ ਬੌਬੀ, ਭਗਵਾਨ ਸਿੰਘ ਸੋਮਲ ਖੇੜੀ, ਕਾਮਰੇਡ ਦਾਨ ਸਿੰਘ ਤੇ ਹੋਰ ਪ੍ਰਮੁੱਖ ਆਗੂ ਹਾਜ਼ਰ ਸਨ।

# ਛੋਟਾ ਹਾਥੀ ਚਾਲਕ ਤੋਂ ਲੁੱਟ-ਖੋਹ ਕਰਨ ਦੇ ਦੋਸ਼ 'ਚ ਦੋ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਰਹਿੰਦ ਨੇੜੇ ਇੱਕ ਛੋਟਾ ਹਾਥੀ ਚਾਲਕ ਤੋਂ ਤੇਜ਼ਧਾਰ ਹਥਿਆਰ ਦੀ ਨੋਕ 'ਤੇ ਲੁੱਟ-ਖੋਹ ਕਰਨ ਦੇ ਦੋਸ਼ ਹੇਠ ਸਰਹਿੰਦ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸੰਜੇ ਵਾਸੀ ਪਟਿਆਲਾ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਆਪਣੇ ਫੋਰ ਵ੍ਹੀਲਰ (ਛੋਟਾ ਹਾਥੀ) 'ਚ ਸਮਰਾਲਾ ਤੋਂ ਟਾਈਲਾਂ ਲੱਦ ਕੇ ਪਟਿਆਲਾ ਨੂੰ ਜਾ ਰਿਹਾ ਸੀ ਤਾਂ ਸਰਹਿੰਦ ਜੀ.ਟੀ. ਰੋਡ 'ਤੇ ਉਸ ਦਾ ਛੋਟਾ ਹਾਥੀ ਪੈਂਚਰ ਹੋ ਗਿਆ, ਜਿਸ ਦਾ ਜਦੋਂ ਉਹ ਟਾਇਰ ਬਦਲ ਰਿਹਾ ਸੀ ਤਾਂ ਉਸ ਕੋਲ ਆ ਕੇ ਰੁਕੇ ਤਿੰਨ ਨਾਮਾਲੂਮ ਵਿਅਕਤੀ ਟਾਇਰ ਫਿੱਟ ਕਰਨ 'ਚ ਉਸ ਦੀ ਮੱਦਦ ਕਰਨ ਲੱਗੇ ਤੇ ਟਾਇਰ ਫਿੱਟ ਕਰਨ ਤੋਂ ਬਾਅਦ ਉਨ੍ਹਾਂ 'ਚੋਂ ਦੋ ਵਿਅਕਤੀਆਂ ਨੇ ਕਿਹਾ ਕਿ ਅਸੀਂ ਵੀ ਪਟਿਆਲਾ ਜਾਣਾ ਹੈ ਤੇ ਅਸੀਂ ਤੇਰੇ ਨਾਲ ਹੀ ਚੱਲਦੇ ਹਾਂ, ਜਿਸ 'ਤੇ ਉਨ੍ਹਾਂ 'ਚੋਂ ਇੱਕ ਵਿਅਕਤੀ ਉਸ ਦਾ ਟੈਂਪੂ ਚਲਾਉਣ ਲੱਗ ਪਿਆ ਤੇ ਇੱਕ ਨਾਲ ਦੀ ਸੀਟ 'ਤੇ ਬੈਠ ਗਿਆ, ਪਰ ਸਰਹਿੰਦ-ਪਟਿਆਲਾ ਰੋਡ 'ਤੇ ਪਿੰਡ ਆਦਮਪੁਰ ਨੇੜਿਓਂ ਲੰਘਦੀ ਭਾਖੜਾ ਨਹਿਰ ਦੇ ਪੁਲ ਕੋਲ ਪਹੁੰਚ ਕੇ ਟੈਂਪੂ ਚਲਾ ਰਹੇ ਨਾਮਾਲੂਮ ਵਿਅਕਤੀ ਨੇ ਪਿਸ਼ਾਬ ਕਰਨ ਦੇ ਬਹਾਨੇ ਟੈਂਪੂ ਰੋਕ ਲਿਆ, ਜਿਸ ਦੌਰਾਨ ਉਨ੍ਹਾਂ ਦਾ ਤੀਸਰਾ ਸਾਥੀ ਵੀ ਮੋਟਰਸਾਈਕਲ ਲੈ ਕੇ ਉੱਥੇ ਪਹੁੰਚ ਗਿਆ ਤੇ ਟੈਂਪੂ 'ਚ ਉਸ ਦੇ ਨਾਲ ਬੈਠੇ ਵਿਅਕਤੀ ਨੇ ਉਸ ਦੀ ਗਰਦਨ 'ਤੇ ਦਾਹ ਰੱਖ ਦਿੱਤਾ ਤੇ ਉਹ ਉਸ ਨੂੰ ਡਰਾ ਧਮਕਾ ਕੇ ਉਸ ਦਾ ਮੋਬਾਈਲ ਫੋਨ, ਪਰਸ 'ਚ ਰੱਖੇ 500 ਰੁਪਏ ਖੋਹ ਲਏ, ਉਪਰੰਤ ਉਹ ਉਸ ਨੂੰ ਕਹਿਣ ਲੱਗੇ ਕਿ ਆਪਣੇ ਫੋਨ 'ਚ ਚੱਲ ਰਹੇ ਪੇ.ਟੀ.ਐੱਮ. ਅਕਾਊਂਟ ਦਾ ਪਾਸਵਰਡ ਦੱਸ ਤੇ ਉਸ ਨੇ ਡਰਦੇ ਮਾਰੇ ਉਨ੍ਹਾਂ ਨੂੰ ਪਾਸਵਰਡ ਵੀ ਦੱਸ ਦਿੱਤਾ, ਜਿਸ 'ਤੇ ਉਕਤ ਵਿਅਕਤੀਆਂ ਨੇ ਉਸ ਦੇ ਪੇ.ਟੀ.ਐੱਮ. ਖਾਤੇ 'ਚੋਂ 45,200/- ਰੁਪਏ ਕਢਵਾ ਲਏ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕਰਦਿਆਂ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਇਸ ਮਾਮਲੇ 'ਚ ਸਾਹਿਲ ਕਪਲਿਸ਼ ਉਰਫ ਹੈਪੀ ਵਾਸੀ ਮੰਡੀ ਗੋਬਿੰਦਗੜ੍ਹ ਤੇ ਅਭਿਪਾਲ ਵਾਸੀ ਲੁਧਿਆਣਾ ਨੂੰ ਗ੍ਰਿਫਤਾਰ ਕਰ ਲਿਆ, ਜਦੋਂ ਕਿ ਇਨ੍ਹਾਂ ਦੇ ਤੀਸਰੇ ਸਾਥੀ ਦੀ ਭਾਲ ' ਜਾਰੀ ਹੈ।

## ਕਾਤਰਾਂ

### ਗਊਵੰਸ਼ ਨੂੰ ਲਿਜਾ ਰਹੀ ਗੱਡੀ ਕਾਬੂ, 4 ਖਿਲਾਫ ਮਾਮਲਾ ਦਰਜ

**ਬਰੇਟਾ (ਰੀਤਵਾਲ)**-ਗਊਵੰਸ਼ ਤੇ ਅੱਤਿਆਚਾਰ ਦੀ ਨੀਅਤ ਨਾਲ ਗੱਡੀ ਭਰ ਕੇ ਲਿਜਾ ਰਹੇ ਗਊਵੰਸ਼ ਨੂੰ ਕਾਬੂ ਕਰਕੇ ਕੁਲਰੀਆਂ ਪੁਲਸ ਨੇ ਅਣਪਛਾਤੇ ਸਮੇਤ 4 ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਇਕੱਤਰ ਕੀਤੀ ਜਾਣਕਾਰੀ ਅਨੁਸਾਰ ਗਊ ਰੱਖਿਆ ਦਲ ਦੇ ਪ੍ਰਧਾਨ ਪੁਨੀਤ ਗੋਇਲ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਕੁਲਰੀਆਂ ਗਊਸ਼ਾਲਾ ਵਿੱਚ ਗਊਵੰਸ਼ ਦੀ ਗੱਡੀ ਭਰ ਕੇ ਕਿੱਤੇ ਹੋਰ ਖੜੇ ਕੀਤੇ ਵਹੀਕਲਾਂ ਵਿੱਚ ਲੋਡ ਕਰ ਰਹੇ ਦੀ ਸੂਚਨਾ ਮਿਲੀ, ਜਿਸ ਆਧਾਰਤ ਜਦੋਂ ਗਊਸ਼ਾਲਾ ਵਿੱਚੋਂ ਰਾਤ ਕਰੀਬ 12 ਵਜੇ ਗਏ ਤਾਂ ਉਥੇ ਇੱਕ ਬਲੈਰੋ ਵਿੱਚ ਗਊਵੰਸ਼ ਦੇ ਵੱਛੜੇ ਲੋਡ ਕੀਤੇ ਹੋਏ ਸਨ, ਜਿਨਾਂ ਦੀ ਗਿਣਤੀ ਪੰਜ ਦੇ ਕਰੀਬ ਸੀ।ਜਦੋਂ ਗੱਡੀ ਨੂੰ ਕਾਬੂ ਕੀਤਾ ਤਾਂ ਉਸ ਦੌਰਾਨ ਗੱਡੀ ਡਰਾਈਵਰ ਤੇ ਇੱਕ ਮੋਟਰਸਾਈਕਲ ਸਵਾਰ ਫਰਾਰ ਹੋ ਗਿਆ।ਪੁਲਸ ਨੇ ਮੰਗਲ ਰਾਮ, ਚਰਨ ਦਾਸ, ਵੀਰਭਾਨ ਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਗਊ ਐਕਟ 1960 ਅਧੀਨ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਖੇਤਾਂ 'ਚ ਕੰਮ ਕਰਦੇ ਵਿਅਕਤੀ 'ਤੇ ਹਮਲਾ, ਇੱਕ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਢਾਣੀ ਫੂਲਾ ਸਿੰਘ ਵਾਲੀ 'ਚ ਟਰੈਕਟਰ ਚਲਾ ਕੇ ਖੇਤਾਂ 'ਚ ਕੰਮ ਕਰਦੇ ਇਕ ਵਿਅਕਤੀ ਨੂੰ ਜ਼ਖਮੀ ਕਰਨ ਦੇ ਦੋਸ਼ 'ਚ ਇਕ ਵਿਅਕਤੀ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਜੰਗੀਰ ਸਿੰਘ ਪੁੱਤਰ ਕੱਕੂ ਸਿੰਘ ਵਾਸੀ ਢਾਣੀ ਫੂਲਾ ਸਿੰਘ ਨੇ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਏ ਹਨ ਕਿ ਮਿਤੀ 2-12-2023 ਨੂੰ ਦੁਪਹਿਰ ਕਰੀਬ 1.30 ਵਜੇ ਜਦੋਂ ਉਹ ਆਪਣੀ ਜ਼ਮੀਨ ਵਿੱਚ ਕੰਮ ਕਰ ਰਿਹਾ ਸੀ ਤਾਂ ਓਮ ਪ੍ਰਕਾਸ਼ ਪੁੱਤਰ ਜੋਗਿੰਦਰ ਸਿੰਘ ਵਾਸੀ ਢਾਣੀ ਨੱਥਾ ਸਿੰਘ ਵਾਲਾ ਦਾ ਰਹਿਣ ਵਾਲਾ, ਜਿਸ ਦੀ 4 ਕਨਾਲ ਜ਼ਮੀਨ ਨਾਲ ਲੱਗਦੀ ਹੈ, ਉਥੇ ਆ ਕੇ ਉਸ ਨਾਲ ਗਾਲੀ-ਗਲੋਚ ਕਰਨ ਲੱਗਾ ਅਤੇ ਫਿਰ ਟਰੈਕਟਰ ਚਲਾ ਕੇ ਉਸ 'ਤੇ ਚੜ੍ਹਾਇਆ ਤੇ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ, ਜਿਸ ਤੋਂ ਬਾਅਦ ਉਸ ਨੂੰ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਪਰਮਜੀਤ ਸਿੰਘ ਨੇ ਦੱਸਿਆ ਕਿ ਮੁੱਦਈ ਜੰਗੀਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੈਡੀਕਲ ਰਿਪੋਰਟ ਪ੍ਰਾਪਤ ਕਰਨ ਉਪਰੰਤ ਓਮ ਪ੍ਰਕਾਸ਼ ਪੁੱਤਰ ਜੋਗਿੰਦਰ ਸਿੰਘ ਵਾਸੀ ਢਾਣੀ ਨੱਥਾ ਸਿੰਘ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਸੋਸ਼ਲ ਮੀਡੀਆ 'ਤੇ ਬਣੇ ਸੰਵਾਦ ਗਰੁੱਪ ਦੀ ਸਾਈਕਲ ਰੈਲੀ 6 ਨੂੰ

**ਨਾਭਾ (ਵਰਿੰਦਰ ਵਰਮਾ)**-ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਸੰਸਥਾ ਸੰਵਾਦ ਗਰੁੱਪ ਵੱਲੋਂ ਨਸ਼ਿਆਂ ਤੇ ਪਾਣੀ ਦੀ ਕਿੱਲਤ ਵਰਗੀਆਂ ਸਮੱਸਿਆਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ 6 ਜਨਵਰੀ ਨੂੰ ਨਾਭਾ ਸ਼ਹਿਰ ਵਿੱਚ ਸਾਈਕਲ ਰੈਲੀ ਕੱਢਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਸੰਵਾਦ ਵੱਲੋਂ ਸਮੂਹ ਧਾਰਮਿਕ, ਸਮਾਜਿਕ ਤੇ ਰਾਜਨੀਤਕ ਜਥੇਬੰਦੀਆਂ ਨੂੰ ਸ਼ਹਿਰ ਵਿੱਚ ਇਸ ਸਾਈਕਲ ਯਾਤਰਾ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਦਿੱਤੇ ਗਏ ਹਨ।ਇਸ ਰੈਲੀ ਦੀ ਜਾਣਕਾਰੀ ਦਿੰਦਿਆਂ ਸਮਾਜ ਸੇਵਕ ਤੇ ਬੈਸਟ ਫਾਰਮਾ ਦੇ ਮੈਨੇਜਿੰਗ ਡਾਇਰੈਕਟਰ ਰਾਜੇਸ਼ ਢੀਂਗਰਾ ਨੇ ਦੱਸਿਆ ਕਿ ਇਸ ਸਾਈਕਲ ਰੈਲੀ ਦੇ ਕੋਆਰਡੀਨੇਟਰ ਗੁਰਮੀਤ ਸਿੰਘ ਤੇ ਮੋਹਿਤ ਸਿੰਗਲਾ ਹੋਣਗੇ।

# ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਇਨਕਲਾਬੀ ਸਮਾਗਮ

## ਸ਼ਹੀਦ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ



**ਜਲਾਲਾਬਾਦ (ਜੀਤ ਕੁਮਾਰ)**-ਸ਼ਹੀਦ ਊਧਮ ਸਿੰਘ ਯਾਦਗਾਰ ਸਭਾ (ਰਜਿ.) ਜਲਾਲਾਬਾਦ ਵੱਲੋਂ ਮਹਾਨ ਕ੍ਰਾਂਤੀਕਾਰੀ ਤੇ ਸੁਤੰਤਰਤਾ ਸੈਨਾਨੀ ਸ੍ਰ. ਊਧਮ ਸਿੰਘ ਉਰਫ ਰਾਮ ਮੁਹੰਮਦ ਅਜ਼ਾਦ ਦਾ 125ਵਾਂ ਜਨਮ ਦਿਹਾੜਾ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਆਯੋਜਤ ਇਨਕਲਾਬੀ ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਥਿੰਦ ਰਿਟਾਇਰਡ ਕਾਨੂੰਗੋ ਨੇ ਕੀਤੀ। ਇਸ ਸਮਾਗਮ ਵਿੱਚ ਵੱਖ-ਵੱਖ ਜਥੇਬੰਦੀਆਂ ਤੇ ਸਮਾਜਿਕ ਸੰਗਠਨਾਂ ਅਤੇ ਮੁਲਾਜ਼ਮ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਸਮਾਗਮ ਬਾਰੇ ਜਾਣਕਾਰੀ ਦਿੰਦੇ ਹੋਏ ਸਰਪ੍ਰਸਤ ਡੁੰਮਣ ਸਿੰਘ ਕਾਠਗੜ੍ਹ ਤੇ ਜਨਰਲ ਸਕੱਤਰ ਤੇਜਪਾਲ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਈ ਨੂੰ ਪਿੰਡ ਸੁਨਾਮ ਜ਼ਿਲ੍ਹਾ ਸੰਗਰੂਰ ਵਿੱਚ ਪਿਤਾ ਟਹਿਲ ਸਿੰਘ ਦੇ ਹੋਇਆ। ਉਹ ਸ਼ੁਰੂ ਤੋਂ ਹੀ ਕ੍ਰਾਂਤੀਕਾਰੀ, ਗਦਰ ਪਾਰਟੀ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਪਾਰਟੀ ਨਾਲ ਚੰਗੇ ਸਬੰਧ ਰੱਖਦੇ ਸਨ, ਜਿਸ ਨੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੂੰ 21 ਸਾਲ ਤੱਕ ਦਿਲ ਵਿੱਚ ਸਮੋਅ ਕੇ ਰੱਖਿਆ ਤੇ ਆਖਿਰ ਲੰਡਨ ਵਿੱਚ ਜਾ ਕੇ 31 ਮਾਰਚ 1940 ਨੂੰ ਕੈਕਸਟਨ ਹਾਲ ਵਿੱਚ ਸਰ ਮਾਇਕਲ ਓਡਵਾਇਰ ਨੂੰ ਮਾਰ ਕੇ ਬਦਲਾ ਲਿਆ।

ਅੱਜ ਦੇ ਸਮਾਗਮ ਵਿੱਚ ਲੋਕ ਕਲਾਂ ਮੰਚ ਜ਼ੀਰਾ ਮੇਘ ਰਾਜ ਰੱਲਾ ਦੀ ਟੀਮ ਵੱਲੋਂ ਇਨਕਲਾਬੀ ਨਾਟਕ ਅਤੇ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਵੱਖ ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਬੀਤੇ ਦਿਨ ਅਬੋਹਰ ਵਿੱਚ ਸ਼ਹੀਦ ਆਜ਼ਮ ਸਰਦਾਰ ਊਧਮ ਸਿੰਘ ਦਾ ਜੋ ਸਟੈਚੂ ਲਾਇਆ ਗਿਆ ਹੈ, ਨੂੰ ਕਿਸੇ ਸ਼ਰਾਰਤੀ ਅਨਸਰ ਨੇ ਨੁਕਸਾਨ ਪਹੁੰਚਾਇਆ ਹੈ, ਇਸ ਘਟਨਾ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਿਆਂ ਕਰਦਿਆਂ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇ ਅਤੇ ਸਖਤ ਸਜ਼ਾਵਾਂ ਦਿੱਤੀਆਂ ਜਾਣ। ਜੇਕਰ ਜਲਦੀ ਨਾ ਫੜੇ ਗਏ ਤਾਂ ਸ਼ਹੀਦ ਊਧਮ ਸਿੰਘ ਯਾਦਗਾਰ ਸਭਾ ਜਲਾਲਾਬਾਦ ਤੇ ਹੋਰ ਕ੍ਰਾਂਤੀਕਾਰੀ ਲੋਕਾਂ ਵੱਲੋਂ ਤੱਕੜੇ ਸੰਘਰਸ਼ ਉਲੀਕੇ ਜਾਣਗੇ। ਸਮਾਗਮ ਨੂੰ ਵਿਧਾਇਕ ਜਗਦੀਪ ਕੰਬੋਜ ਗੋਲਡੀ, ਸਾਬਕਾ ਮੰਤਰੀ ਹੰਸ ਰਾਜ ਜੋਸਨ, ਸਾਬਕਾ ਚੇਅਰਮੈਨ ਰਾਜ ਬਖਸ਼ ਕੰਬੋਜ, ਪੈਨਸ਼ਨਰਜ ਆਗੂ ਕ੍ਰਿਸ਼ਨ ਬਲਦੇਵ, ਸਭਾ ਦੇ ਮੀਤ ਪ੍ਰਧਾਨ ਪ੍ਰੇਮ ਥਿੰਦ, ਰਿਟਾਇਰ ਇੰਸਪੈਕਟਰ ਭਗਵਾਨ ਦਾਸ, ਦੌਲਤ ਰਾਮ ਕੰਬੋਜ, ਇਕਬਾਲ ਪਾਲਾ ਬੱਟੀ, ਹਰਜਿੰਦਰ ਹਾਂਡਾ, ਗੁਰਵਿੰਦਰ ਮੰਨੇਵਾਲਾ, ਹਗਰੀਸ਼ ਨੱਢਾ, ਕ੍ਰਿਸ਼ਨ, ਜਸਵੰਤ ਅਮੀਰ ਖਾਸ, ਚੇਅਰਮੈਨ ਭੀਮ ਕੰਬੋਜ, ਗੁਰਚਰਨ ਸਿੰਘ ਲਹੌਰੀਆਂ, ਹਰਜੀਤ ਸਿੰਘ ਖਾਲਸਾ, ਮੁਲਾਜ਼ਮ ਆਗੂ ਪਰਮਜੀਤ ਸਿੰਘ, ਡਾ. ਸੁਮਨ ਕੰਬੋਜ, ਹਰਪ੍ਰੀਤ ਕੌਰ, ਸੂਬਾ ਸਿੰਘ ਨੰਬਰਦਾਰ, ਓਮ ਪ੍ਰਕਾਸ਼ ਰਿਟਾਇਰ ਬੀਪੀਓ, ਹਰਬੰਸ ਪੱਪੂ ਅਮੀਰ ਖਾਸ, ਰਤਨ ਲਾਲ ਲਮੋਚੜ ਕਲਾਂ, ਮਾ. ਆਸ਼ੂਤੋਸ਼, ਹਰੀਸ਼ ਬੱਟੀ, ਡਾ. ਬਲਵਿੰਦਰ ਢਾਬਾਂ, ਅਸ਼ੋਕ ਕੁਮਾਰ, ਮਲਕੀਤ ਸਿੰਘ, ਐਡਵੋਕੇਟ ਸਤਪਾਲ ਕੰਬੋਜ ਸਮੇਤ ਹੋਰਨਾਂ ਸਖਤੀਆਂ ਨੇ ਸੰਬੋਧਨ ਕੀਤਾ ਤੇ ਮਹਾਨ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਮਹਾਨ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸੱਦਾ ਦਿੱਤਾ।

# ਡਾ. ਤੇਜਿੰਦਰ ਕੌਰ ਧਾਲੀਵਾਲ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ ਪਾਰਟੀ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਨੂੰ ਉਨ੍ਹਾਂ ਦੇ ਇਸ ਸੰਸਥਾ ਵਿੱਚ ਪ੍ਰਿੰਸੀਪਲ ਰਹਿੰਦਿਆਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਸੰਪੂਰਨ ਹੋਣ ਤੇ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ।ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਨੇ 2002 ਈ. ਵਿੱਚ ਬਤੌਰ ਪ੍ਰਿੰਸੀਪਲ ਜੁਆਇਨ ਕੀਤਾ ਤੇ ਇਸ ਸੰਸਥਾ ਨੂੰ ਉੱਚ ਬੁਲੰਦੀਆਂ ਤੱਕ ਪਹੁੰਚਾਇਆ। ਅੱਜ ਰਿਟਾਇਰਮੈਂਟ ਮੌਕੇ ਪ੍ਰਿੰਸੀਪਲ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ ਤੇ ਉਨ੍ਹਾਂ ਦੀ ਅਣਥੱਕ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਈਆਂ ਬਹੁਮੁੱਲੀਆਂ ਸੇਵਾਵਾਂ ਲਈ ਸੰਸਥਾ ਵੱਲੋਂ ਮਾਨ ਪੱਤਰ ਭੇਟ ਕਰਨ ਦੀ ਖੁਸ਼ੀ ਲਈ ਗਈ।ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਦਾ ਸੰਸਥਾ ਵਿੱਚ ਪਹੁੰਚਣ 'ਤੇ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਵਿਦਾਇਗੀ ਸਮਾਰੋਹ ਦੇ ਆਗਾਜ਼ ਸਮੇਂ ਡਾ. ਨਵਪ੍ਰੀਤ ਕੌਰ ਨੇ ਮੰਚ ਸੰਚਾਲਨ ਕਰਦੇ ਹੋਏ ਬਹੁਤ ਖੂਬਸੂਰਤ ਅੰਦਾਜ਼ ਵਿੱਚ ਉਨ੍ਹਾਂ ਨੂੰ ਸੰਸਥਾ ਵੱਲੋਂ ਨਿੱਘਾ ਜੀ ਆਇਆਂ ਕਿਹਾ।ਡਾ. ਰਮਿੰਦਰ ਕੌਰ ਨੇ ਉਨ੍ਹਾਂ ਦੇ ਜੀਵਨ ਤੇ ਪ੍ਰਾਪਤੀਆਂ ਨੂੰ ਕਾਵਿਕ ਅੰਦਾਜ਼ ਰਾਹੀਂ ਦਿਲ ਟੁੰਬਵੀ ਸ਼ਬਦਾਵਲੀ ਵਿੱਚ ਸਾਰਿਆਂ ਨਾਲ ਸਾਂਝਾ ਕੀਤਾ।ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਲੋਕਨਾਚ ਪੇਸ਼ ਕੀਤੇ ਗਏ। ਮੋਨੂ, ਸੋਨੂੰ ਤੇ ਸੁਖਦੀਪ ਵੱਲੋਂ ਮੈਡਮ ਨੂੰ ਸਮਰਪਤ ਕੀਤੇ ਖੂਬਸੂਰਤ ਗੀਤ ਦੀ ਪੇਸ਼ਕਾਰੀ ਬੇਮਿਸਾਲ ਸੀ।ਮੈਡਮ ਹਰਜੀਤ ਮਿਊਜ਼ਿਕ ਵਿਭਾਗ ਨੇ ਖੂਬਸੂਰਤ ਆਵਾਜ਼ ਵਿੱਚ ਲੋਕ ਗੀਤ ਪੇਸ਼ ਕੀਤੇ ਤੇ ਮੈਡਮ ਧਾਲੀਵਾਲ ਦੀ ਪਸੰਦ ਦਾ ਗੀਤ 'ਸਾਈਂ ਵੇ ਮੇਰੀ ਫਰਿਆਦ ਤੇਰੇ ਤਾਈਂ' ਦੀ ਖੂਬਸੂਰਤ ਪੇਸ਼ਕਾਰੀ ਕੀਤੀ।ਡਾ. ਨਿਰਮਲਜੀਤ ਕੌਰ (ਪਬਲਿਕ ਰਿਲੇਸ਼ਨ ਆਫ਼ੀਸਰ) ਤੇ ਮੁਖੀ ਸੋਸ਼ਲ ਸਾਇੰਸਿਜ਼ ਵਿਭਾਗ ਤੇ ਮਿ. ਹਰੀਸ਼ ਜੋਸ਼ੀ ਵੱਲੋਂ ਮੈਡਮ ਦੇ ਇਸ ਕਾਲਜ ਵਿੱਚ ਬਿਤਾਏ ਪਲਾਂ ਨੂੰ ਯਾਦਗਾਰੀ ਬਣਾਉਣ ਲਈ ਇੱਕ ਵੀਡੀਓ ਕਲਿੱਪ ਰਾਹੀਂ ਝਾਤ ਪਵਾਈ ਗਈ।ਵਿਦੇਸ਼ ਵਿੱਚ ਵਸਦੇ ਮੈਡਮ ਧਾਲੀਵਾਲ ਦੇ ਬੱਚਿਆਂ ਵੱਲੋਂ ਵੀਡੀਓ ਸੁਨੇਹੇ ਰਾਹੀਂ ਸ਼ੁੱਭ-ਕਾਮਨਾਵਾਂ ਭੇਜੀਆਂ ਗਈਆਂ।ਡਾ. ਨੀਨਾ ਮਹਿਤਾ ਮੁਖੀ ਹਿੰਦੀ ਵਿਭਾਗ, ਡਾ. ਜਗਦੀਸ਼ ਕੁਮਾਰ ਮੁਖੀ ਇਤਿਹਾਸ ਵਿਭਾਗ ਨੇ ਇਸ ਸੰਸਥਾ ਵਿੱਚ ਇੱਕ ਟੀਮ ਵਜੋਂ ਕੰਮ ਕਰਦਿਆਂ ਗੁਜ਼ਾਰੇ ਪਲ ਤੇ ਉਨ੍ਹਾਂ ਦੀ ਸੁਚੱਜੀ ਅਗਵਾਈ ਵਿੱਚ ਧਾਰਨ ਕੀਤੇ ਗੁਣਾਂ ਨੂੰ ਸਾਰਿਆਂ ਨਾਲ ਸਾਂਝਾ ਕੀਤਾ ਤੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।

ਡਾ. ਰਾਣਾ ਬਲਜਿੰਦਰ ਕੌਰ ਵਾਈਸ ਪ੍ਰਿੰਸੀਪਲ ਨੇ ਮੈਡਮ ਧਾਲੀਵਾਲ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ, ਪ੍ਰਤੱਖ ਹੈ ਕਿ ਉਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਇਹ ਸੰਸਥਾ ਇਸ ਬੁਲੰਦੀਆਂ ਤੇ ਪਹੁੰਚੀ ਹੈ।ਉਨ੍ਹਾ ਡਾ. ਧਾਲੀਵਾਲ ਨੂੰ ਰਿਟਾਇਰਮੈਂਟ ਤੋਂ ਬਾਅਦ ਵੀ ਇਸ ਸੰਸਥਾ ਨਾਲ ਸਦੀਵੀ ਜੁੜੇ ਰਹਿਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੇ ਲੰਮੇ ਤਜਰਬੇ ਤੇ ਦੂਰ ਦ੍ਰਿਸ਼ਟੀ ਤੋਂ ਇਹ ਸੰਸਥਾ ਸੇਧ ਲੈ ਕੇ ਇਸੇ ਤਰ੍ਹਾਂ ਹੋਰ ਅੱਗੇ ਵਧਦੀ ਰਹੇ।ਮੈਡਮ ਡਾ. ਤੇਜਿੰਦਰ ਕੌਰ ਧਾਲੀਵਾਲ ਨੇ ਅੰਤ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਤੇ ਸਾਰਿਆਂ ਦਾ ਧੰਨਵਾਦ ਕੀਤਾ।ਅੰਤ ਵਿੱਚ ਡਾ. ਰਾਣਾ ਬਲਜਿੰਦਰ ਕੌਰ, ਡਾ. ਨੀਨਾ ਮਹਿਤਾ, ਡਾ. ਨਿਰਮਲਜੀਤ ਕੌਰ, ਡਾ. ਸੁਖਵਿੰਦਰ ਸਿੰਘ ਤੇ ਡਾ. ਜਗਦੀਸ਼ ਕੁਮਾਰ ਅਤੇ ਮਿ. ਬਾਬੂ ਰਾਮ ਵੱਲੋਂ ਉਨ੍ਹਾਂ ਮਾਨ ਪੱਤਰ ਭੇਟ ਕਰਨ ਦੀ ਖੁਸ਼ੀ ਪ੍ਰਾਪਤ ਕੀਤੀ ਗਈ। ਇਸ ਮੌਕੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਵੱਲੋਂ ਉਨ੍ਹਾਂ ਦੀ ਲੰਮੀ ਤੰਦਰੁਸਤ, ਉਮਰ ਤੇ ਆਉਣ ਵਾਲੇ ਸਮੇਂ ਵਿੱਚ ਸਮਾਜ ਦੀ ਸੇਵਾ ਕਰਨ ਲਈ, ਉਨ੍ਹਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

# ਉੱਘੇ ਸਿੱਖਿਆ ਸ਼ਾਸਤਰੀ ਡਾ. ਕਮਲਜੀਤ ਸਿੰਘ ਟਿੱਬਾ ਵਲੰਟੀਅਰਾਂ ਦੇ ਰੂਬਰੂ

## ਸਰਕਾਰੀ ਕੰਨਿਆ ਸਕੂਲ ਵਿਖੇ ਐੱਨ ਐੱਸ ਐੱਸ ਕੈਂਪ ਦੌਰਾਨ ਵਿਸ਼ੇਸ਼ ਲੈਕਚਰ



**ਧੂਰੀ (ਸੁਖਦੇਵ ਧੂਰੀ)**-ਪ੍ਰਿੰਸੀਪਲ ਮਨਜੀਤ ਕੌਰ ਤੇ ਪ੍ਰੋਗਰਾਮ ਅਫਸਰ ਅਵਤਾਰ ਸਿੰਘ ਦੀ ਅਗਵਾਈ ਵਿੱਚ ਚੱਲ ਰਹੇ ਕੌਮੀ ਸੇਵਾ ਯੋਜਨਾ ਦੇ ਕੈਂਪ ਵਿੱਚ ਵਲੰਟੀਅਰਾਂ ਨੂੰ ਹਰ ਰੋਜ਼ ਕਿਸੇ ਨਾ ਕਿਸੇ ਖਾਸ ਸ਼ਖ਼ਸੀਅਤ ਨਾਲ ਮਿਲਾਇਆ ਜਾਂਦਾ ਹੈ। ਇਸੇ ਲੜੀ ਦੇ ਚਲਦਿਆਂ ਅੱਜ ਉੱਘੇ ਸਿੱਖਿਆ ਸ਼ਾਸਤਰੀ ਕਮਲਜੀਤ ਸਿੰਘ ਟਿੱਬਾ ਨੂੰ ਵਲੰਟੀਅਰਾਂ ਦੇ ਰੂਬਰੂ ਕਰਾਇਆ ਗਿਆ। ਕਮਲਜੀਤ ਸਿੰਘ ਟਿੱਬਾ ਵੱਲੋਂ ਵਲੰਟੀਅਰਾਂ ਦੁਆਰਾ ਆਪਣੇ ਹੱਥੀਂ ਤਿਆਰ ਕੀਤੀ ਗਈ ਲਗਾਈ ਪ੍ਰਦਰਸ਼ਨੀ ਨੂੰ ਦੇਖਿਆ ਗਿਆ ਤੇ ਇਸ ਕੰਮ ਦੀ ਸਰਾਹਣਾ ਕੀਤੀ ਗਈ। ਉਸ ਤੋਂ ਬਾਅਦ ਡਾਕਟਰ ਟਿੱਬਾ ਨੇ ਵਲੰਟੀਅਰਾਂ ਦੇ ਰੂਬਰੂ ਹੁੰਦੇ ਹੋਏ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਦਿਨ ਸੰਸਾਰ ਦੇ ਇਤਿਹਾਸ ਵਿੱਚ ਵਿਲੱਖਣ ਹਨ, ਜਿਨ੍ਹਾਂ ਵਿੱਚ ਅਨਿਆ, ਅੱਤਿਆਚਾਰ ਤੇ ਜ਼ੁਲਮ ਦੀ ਹਨੇਰੀ ਨੂੰ ਠੱਲ੍ਹਣ ਲਈ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ ਕੁਰਬਾਨੀਆਂ ਦੀਆਂ ਉੱਚੀਆਂ ਸਿਖਰਾਂ ਛੋਹ ਗਏ। ਇਨ੍ਹਾਂ ਦੀਆਂ ਯਾਦਾਂ ਸਾਡੇ ਲਈ ਪ੍ਰੇਰਨਾ ਸਰੋਤ ਹਨ, ਜੋ ਸਦਾ ਸਾਨੂੰ ਚੜ੍ਹਦੀ ਕਲਾ ਵਿੱਚ ਰੱਖਦੀਆਂ ਹਨ। ਐੱਨ.ਐੱਸ.ਐੱਸ. ਯੂਨਿਟ ਦੇ ਇੰਚਾਰਜ ਅਵਤਾਰ ਸਿੰਘ ਨੇ ਪ੍ਰਿੰਸੀਪਲ ਮਨਜੀਤ ਕੌਰ ਤੇ ਸਮੁੱਚੇ ਸਟਾਫ ਵੱਲੋਂ ਡਾਕਟਰ ਕਮਲਜੀਤ ਸਿੰਘ ਟਿੱਬਾ ਨੂੰ ਭਾਸ਼ਾ ਵਿਭਾਗ ਵੱਲੋਂ ਉਨ੍ਹਾਂ ਦੀ ਪੁਸਤਕ "ਪੰਜਾਬੀ ਗੀਤ ਸ਼ਾਸਤਰ" ਨੂੰ ਉਨ੍ਹਾਂ ਦੀ ਸਰਵੋਤਮ ਪੁਸਤਕ ਐਲਾਨ ਕਰਨ ਲਈ ਸਨਮਾਨਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਗੀਤ ਵਿਸ਼ੇ 'ਤੇ ਪੀ.ਐੱਚ.ਡੀ. ਕਰਕੇ ਉਨ੍ਹਾਂ ਪੰਜਾਬੀ ਗੀਤਕਾਰਾਂ ਨੂੰ ਯੂਨੀਵਰਸਿਟੀ ਪੱਧਰ 'ਤੇ ਮਾਨਤਾ ਦਿਵਾਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ ਇਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਿਲੇ ਵਿਸ਼ੇਸ਼ ਸਨਮਾਨ ਕਰਕੇ ਪੰਜਾਬੀ ਸੰਗੀਤ ਇੰਡਸਟਰੀ ਦਾ ਮਾਣ ਵਧਾਇਆ ਹੈ। ਇਸ ਮੌਕੇ ਮੈਡਮ ਬਲਜੀਤ ਕੌਰ, ਗੀਤ ਕੁਮਾਰ, ਕੁਲਦੀਪ ਕੁਮਾਰ ਤੇ ਬਹਾਦਰ ਸਿੰਘ ਹਾਜ਼ਰ ਸਨ।

## 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦਾ ਲਾਭ ਲੈਣ ਲਈ ਸ਼ਰਧਾਲੂ ਰਜਿਸਟ੍ਰੇਸ਼ਨ ਲਾਜ਼ਮੀ ਕਰਵਾਉਣ : ਡੀ ਸੀ

*ਸ਼ਰਧਾਲੂਆਂ ਲਈ 2 ਨੂੰ ਧਰਮਕੋਟ ਤੇ 3 ਨੂੰ ਬਾਘਾ ਪੁਰਾਣਾ ਤੋਂ ਰਵਾਨਾ ਹੋਵੇਗੀ ਵਿਸ਼ੇਸ਼ ਬੱਸ*



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਰਾਹੀਂ ਵੱਡੀ ਗਿਣਤੀ ਵਿੱਚ ਲੋਕ ਵਿਸ਼ੇਸ਼ ਟਰੇਨਾਂ ਤੇ ਬੱਸਾਂ ਰਾਹੀਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਬਿਲਕੁਲ ਮੁਫਤ ਦਰਸ਼ਨ ਕਰ ਰਹੇ ਹਨ।ਇਨ੍ਹਾਂ ਵਿਸ਼ੇਸ਼ ਬੱਸਾਂ ਅਤੇ ਟਰੇਨਾਂ ਵਿੱਚ ਸ਼ਰਧਾਲੂਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।ਮੁਫਤ ਖਾਣਾ, ਰਹਿਣ-ਸਹਿਣ ਤੇ ਸ਼ਰਧਾਲੂ ਕਿੱਟਾਂ ਤੋਂ ਇਲਾਵਾ ਟੂਰਿਸਟ ਗਾਈਡ ਦੀਆਂ ਸਹੂਲਤਾਂ ਮੁਫਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਜ਼ਿਲ੍ਹਾ ਮੋਗਾ ਵਿੱਚੋਂ ਵੀ ਵਿਸ਼ੇਸ਼ ਬੱਸਾਂ ਹਲਕਾ ਵਾਈਜ਼ ਰਵਾਨਾ ਕੀਤੀਆਂ ਜਾ ਚੁੱਕੀਆਂ ਹਨ ਤੇ ਹੋਰ ਬੱਸਾਂ ਵੀ ਰਵਾਨਾ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਵਿਸ਼ੇਸ਼ ਬੱਸਾਂ ਜ਼ਰੀਏ ਵੱਡੀ ਗਿਣਤੀ ਵਿੱਚ ਸ਼ਰਧਾਲੂ ਧਾਰਮਿਕ ਸਥਾਨਾਂ ਦੇ ਮੁਫ਼ਤ ਦਰਸ਼ਨ ਕਰ ਰਹੇ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 2 ਜਨਵਰੀ ਨੂੰ ਧਰਮਕੋਟ ਤੋਂ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਤਲਵੰਡੀ ਸਾਬੋ ਅਤੇ 3 ਜਨਵਰੀ ਬਾਘਾ ਪੁਰਾਣਾ ਤੋਂ ਮਾਤਾ ਨੈਣਾ ਦੇਵੀ, ਸ੍ਰੀ ਆਨੰਦਪੁਰ ਸਾਹਿਬ, ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਜੀ ਧਾਰਮਿਕ ਸਥਾਨਾਂ ਲਈ ਵਿਸ਼ੇਸ਼ ਬੱਸਾਂ ਰਵਾਨਾ ਹੋਣਗੀਆਂ।ਹਰੇਕ ਹਲਕੇ ਤੋਂ 8-8 ਬੱਸਾਂ ਵੱਖ-ਵੱਖ ਧਾਰਮਿਕ ਸਥਾਨਾਂ ਲਈ ਰਵਾਨਾ ਹੋਣਗੀਆਂ।ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸ਼ਰਧਾਲੂ ਉਕਤ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਟਰਾਂਸਪੋਰਟ ਵਿਭਾਗ ਦੀ ਵੈੱਬਸਾਈਟ ਤੋਂ ਫਾਰਮ ਡਾਊਨਲੋਡ ਕਰਕੇ ਆਪਣੇ ਹਲਕੇ ਦੇ ਵਿਧਾਇਕ ਜਾਂ ਐੱਸ ਡੀ ਐੱਮ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ।ਹਰੇਕ ਯਾਤਰੀ ਲਈ ਆਪਣੀ ਅਗਾਊਂ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ।

# ਬੀ ਕੇ ਯੂ ਏਕਤਾ ਆਜ਼ਾਦ ਨੇ ਮੰਗਾਂ ਨੂੰ ਲੈ ਕੇ ਕੀਤੀ ਅਹਿਮ ਮੀਟਿੰਗ

**■ 6 ਨੂੰ ਬਰਨਾਲਾ ਵਿਖੇ ਕੀਤਾ ਜਾਵੇਗਾ ਵੱਡਾ ਇਕੱਠ**



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਬਲਾਕ ਸੰਗਰੂਰ ਦੀ ਮਾਵਾਂ ਭੈਣਾਂ ਤੇ ਕਿਸਾਨ ਭਰਾਵਾਂ ਦੀ ਮੀਟਿੰਗ ਪਿੰਡ ਲੋਹਾਖੇੜਾ ਵਿਚ ਕੀਤੀ ਗਈ। ਮੀਟਿੰਗ ਵਿਚ ਸੂਬਾ ਕਾਰਜਕਾਰੀ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਤੇ ਔਰਤ ਆਗੂ ਬਲਜੀਤ ਕੌਰ ਕਿਲ੍ਹਾ ਭਰੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਆਗੂਆਂ ਨੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਤੋਂ ਦਿੱਲੀ ਅੰਦੋਲਨ ਵੇਲੇ ਰਹਿੰਦੀਆਂ ਮੰਗਾਂ ਜਿਵੇਂ ਐੱਮ ਐੱਸ ਪੀ ਦੀ ਕਨੂੰਨੀ ਗਰੰਟੀ ਲਾਗੂ ਕਰਵਾਉਣ ਲਈ, ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਦਿਵਾਉਣ ਲਈ, ਅੰਦੋਲਨ ਦੌਰਾਨ ਕਿਸਾਨਾਂ 'ਤੇ ਪਾਏ ਕੇਸ ਰੱਦ ਕਰਵਾਉਣ ਲਈ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀ ਦਿਵਾਉਣ ਲਈ ਤੇ ਹੋਰ ਬਹੁਤ ਸਾਰੀਆਂ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਪਹਿਲਾਂ ਵਾਲੇ ਦਿੱਲੀ ਮੋਰਚੇ ਦੀ ਤਰਜ਼ 'ਤੇ ਆਉਣ ਵਾਲੀ 6 ਜਨਵਰੀ ਨੂੰ ਬਰਨਾਲਾ ਦੀ ਧਰਤੀ 'ਤੇ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਲੋਂ ਵੱਡਾ ਇਕੱਠ ਕਰਕੇ ਦਿੱਲੀ ਮੋਰਚੇ ਦਾ ਐਲਾਨ ਕੀਤਾ ਜਾਵੇਗਾ। ਇਸ ਵੱਡੀ ਰੈਲੀ ਦੀ ਤਿਆਰੀ ਲਈ ਪਿੰਡਾਂ ਵਿੱਚ ਰੈਲੀਆਂ, ਜਾਗੋ, ਢੋਲ ਮਾਰਚ, ਟਰੈਕਟਰ ਮਾਰਚ ਕਰਕੇ ਕਿਸਾਨ ਮਜ਼ਦੂਰ ਭਰਾਵਾਂ ਤੇ ਸਾਡੀਆਂ ਮਾਵਾਂ-ਭੈਣਾਂ ਨੂੰ ਕਿਸਾਨੀ ਬਚਾਉਣ ਤੇ ਆਪਣੇ ਹੱਕ ਲੈਣ ਲਈ ਵੱਡੀ ਗਿਣਤੀ 6 ਜਨਵਰੀ ਨੂੰ ਬਰਨਾਲਾ ਦੀ ਧਰਤੀ 'ਤੇ ਵੱਡਾ ਇਕੱਠ ਕਰਨ ਦਾ ਹੋਕਾ ਦੇਣ ਲਈ ਕਿਹਾ। ਬਰਨਾਲਾ ਦੀ ਦਾਣਾ ਮੰਡੀ ਵਿੱਚ ਹੋ ਰਿਹਾ ਵੱਡਾ ਇਕੱਠ ਦਿੱਲੀ ਮੋਰਚੇ ਦਾ ਮੁੱਢ ਬੰਨ੍ਹੇਗਾ। ਇਸ ਮੀਟਿੰਗ ਨੂੰ ਦਰਵਾਰਾ ਸਿੰਘ ਲੋਹਾਖੇੜਾ, ਅਮਰ ਸਿੰਘ ਲੌਂਗੋਵਾਲ, ਧੰਨਾ ਸਿੰਘ ਦਿਆਲਗੜ੍ਹ, ਹਰਦੇਵ ਕੁਲਾਰ, ਸੁਖਦੇਵ ਲੌਂਗੋਵਾਲ, ਅਮਰਜੀਤ ਲੌਂਗੋਵਾਲ, ਸ਼ਿੰਦਰ ਸਿੰਘ ਬਡਰੁੱਖਾਂ, ਮਿੱਠੂ ਸਿੰਘ ਕਿਲ੍ਹਾ ਭਰੀਆਂ, ਮੁਖਤਿਆਰ ਸਿੰਘ ਖੁਰਾਨਾ ਆਦਿ ਨੇ ਵੀ ਸੰਬੋਧਨ ਕੀਤਾ।

# ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸ਼ਖ਼ਸੀਅਤ ਉਸਾਰੀ ਤੇ ਨਸ਼ਿਆਂ ਵਿਰੁੱਧ ਹੋਕਾ ਦਿੰਦਾ ਸੰਪੰਨ

## ਐੱਨ ਐੱਸ ਐੱਸ ਚੰਗੇ ਲੀਡਰ ਤੇ ਸਮਾਜ ਸੇਵੀ ਬਣਾਉਣ 'ਚ ਸਹਾਈ : ਧੀਮਾਨ




**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਕੌਮੀ ਸੇਵਾ ਯੋਜਨਾ ਇਕਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵੱਲੋਂ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਸਰਪ੍ਰਸਤੀ ਹੇਠ ਲਗਾਏ ਜਾ ਰਹੇ ਸੱਤ ਰੋਜ਼ਾ ਕੈਂਪ ਸ਼ਖ਼ਸੀਅਤ ਉਸਾਰੀ ਤੇ ਨਸ਼ਿਆਂ ਵਿਰੁੱਧ ਹੋਕਾ ਦਿੰਦਾ ਹੋਇਆ ਸਮਾਪਤ ਹੋਇਆ। ਕੈਂਪ ਦਾ ਆਖਰੀ ਦਿਨ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਸਮਾਪਤੀ ਸਮਾਰੋਹ ਕੀਤਾ ਗਿਆ, ਜਿਸ ਵਿੱਚ ਸਾਬਕਾ ਵਿਧਾਇਕ ਤੇ ਸਮਾਜ ਸੇਵੀ ਸੁਰਜੀਤ ਸਿੰਘ ਧੀਮਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਪ੍ਰਧਾਨਗੀ ਇੰਚਾਰਜ ਪ੍ਰਿੰਸੀਪਲ ਨਵਰਾਜ ਕੌਰ ਨੇ ਕੀਤੀ। ਇਸ ਮੌਕੇ ਬੂਟਾ ਸਿੰਘ, ਰਾਜੂ ਸਿੰਘ ਤੇ ਹਰਨੀਤ ਕੌਰ ਨੇ ਸਮੁੱਚੇ ਸੱਤ ਦਿਨਾਂ ਦੀ ਰਿਪੋਰਟ ਸਾਂਝੀ ਕੀਤੀ ਤੇ ਕੈਂਪ ਦੇ ਅਨੁਭਵਾਂ ਨੂੰ ਸਾਂਝਾ ਕੀਤਾ। ਕੈਂਪ ਦੀ ਪੂਰੀ ਤਨਦੇਹੀ ਨਾਲ ਦੇਖਰੇਖ ਕਰ ਰਹੇ ਲੈਕਚਰਾਰ ਹਿਸਟਰੀ ਰਾਜੇਸ਼ ਕੁਮਾਰ ਨੇ ਕੈਂਪ ਦੌਰਾਨ ਵਲੰਟੀਅਰਾਂ ਵੱਲੋਂ ਅਨੁਸ਼ਾਸਨ ਵਿੱਚ ਰਹਿ ਕੇ ਕੀਤੇ ਕਾਰਜਾਂ ਤੇ ਸ਼ਖ਼ਸੀਅਤ ਉਸਾਰੀ ਲਈ ਕਰਵਾਈਆਂ ਗਈਆਂ ਗਤੀਵਿਧੀਆਂ ਨੂੰ ਸਾਹਮਣੇ ਲਿਆਂਦਾ।

ਸਮਾਗਮ ਦੌਰਾਨ ਵਿਚਾਰਾਂ ਦੀ ਸਾਂਝ ਪਾਉਂਦਿਆਂ ਨਵਰਾਜ ਕੌਰ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਕੈਂਪ ਦੀ ਸਫਲਤਾਪੂਰਵਕ ਸਮਾਪਤੀ ਲਈ ਸਮੂਹ ਵਲੰਟੀਅਰ ਤੇ ਪ੍ਰਬੰਧਕੀ ਟੀਮ ਵਧਾਈ ਦੀ ਪਾਤਰ ਹੈ ਤੇ ਉਨ੍ਹਾਂ ਆਸ ਪ੍ਰਗਟਾਈ ਕਿ ਇਨ੍ਹਾਂ ਵਲੰਟੀਅਰਾਂ ਦੀ ਸ਼ਖ਼ਸੀਅਤ ਆਮ ਵਿਦਿਆਰਥੀਆਂ ਤੋਂ ਵੱਖਰੀ ਪਹਿਚਾਣ ਵਾਲੀ ਹੋਵੇਗੀ। ਵਲੰਟੀਅਰਾਂ ਦੇ ਰੂਬਰੂ ਹੁੰਦਿਆਂ ਸਕੂਲ ਦੀ ਦਿੱਖ ਨੂੰ ਨਵਾਂ ਰੂਪ ਦੇਣ ਲਈ ਸਹਿਯੋਗੀ ਸੁਰਜੀਤ ਸਿੰਘ ਧੀਮਾਨ ਨੇ ਕਿਹਾ ਕਿ ਐੱਨ ਐੱਸ ਐੱਸ ਨਾਲ ਜੁੜਨਾ ਕੋਈ ਛੋਟੀ ਗੱਲ ਨਹੀਂ, ਇਹ ਚੰਗੇ ਲੀਡਰ, ਚੰਗੇ ਬੁਲਾਰੇ ਤੇ ਚੰਗੇ ਸਮਾਜ ਸੇਵੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਆਪਣੇ ਵੱਲੋਂ ਵਿਸ਼ੇਸ਼ ਤੌਰ 'ਤੇ ਭੇਜੀ ਗਈ ਗਰਾਂਟ ਨਾਲ ਸਕੂਲ ਦੀ ਬਦਲੀ ਨੁਹਾਰ ਨੂੰ ਦੇਖ ਕੇ ਪ੍ਰਬੰਧਕੀ ਟੀਮ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਇਮਾਨਦਾਰੀ, ਲਗਨ ਤੇ ਸਖ਼ਤ ਮਿਹਨਤ ਨਾਲ ਆਪਣਾ ਸੁਪਨਾ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਸੱਤ ਰੋਜ਼ਾ ਕੈਂਪ ਦੌਰਾਨ ਵੱਖ ਵੱਖ ਸਮਿਆਂ 'ਤੇ ਪਹੁੰਚਣ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ, ਨਗਰ ਨਿਵਾਸੀਆਂ, ਵਲੰਟੀਅਰਾਂ ਤੇ ਸਮੂਹ ਸਟਾਫ ਮੈਂਬਰਾਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਕਿਹਾ ਕਿ ਭਾਵੇਂ ਸ਼ੁਰੂਆਤ ਦੌਰਾਨ ਅਸੀਂ ਚਿੰਤਾ ਵਿੱਚ ਸੀ, ਪ੍ਰੰਤੂ ਸਾਰਿਆਂ ਦੇ ਵੱਡਮੁੱਲੇ ਸਹਿਯੋਗ ਸਦਕਾ ਅਸੀਂ ਇਹ ਕੈਂਪ ਬਹੁਤ ਵਧੀਆ ਢੰਗ ਨਾਲ ਸਮਾਪਤ ਕਰ ਲਿਆ ਹੈ। ਉਨ੍ਹਾਂ ਸਮੂਹ ਵਲੰਟੀਅਰਾਂ ਨੂੰ ਜੀਵਨ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਤੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇੱਕ ਚੰਗੇ ਨਾਗਰਿਕ ਬਣ ਕੇ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਰਹੋਗੇ। ਇਸ ਮੌਕੇ ਸਾਰਿਆਂ ਨੂੰ ਯਾਦਗਾਰੀ ਚਿੰਨ੍ਹ ਤੇ ਵਲੰਟੀਅਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਨੀਤੀ ਸ਼ਰਮਾ, ਬਲਵਿੰਦਰ ਕੌਰ, ਗੁਰਦੀਪ ਸਿੰਘ ਲੈਕਚਰਾਰ ਪੰਜਾਬੀ ਨਰੇਸ਼ ਰਾਣੀ ਲੈਕਚਰਾਰ ਰਾਜਨੀਤੀ ਸ਼ਾਸਤਰ, ਪਰਮਜੀਤ ਕੌਰ ਪੰਜਾਬੀ ਮਿਸਟਰੈੱਸ, ਹਰਵਿੰਦਰ ਸਿੰਘ, ਨਿਰਮਲ ਸਿੰਘ, ਅਮਨਦੀਪ ਸਿੰਘ, ਹਰਦੇਵ ਸਿੰਘ ਬਿਲਖੂ, ਮਾਸਟਰ ਤਰਸੇਮ ਸਿੰਘ ਮਹਿਲਾਂ, ਈਸ਼ਰ ਸਿੰਘ, ਨਾਜਰ ਸਿੰਘ, ਬੀਰਇੰਦਰ ਸਿੰਘ, ਹੰਸ ਰਾਜ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਡੀ ਸੀ ਤੇ ਐੱਸ ਐੱਸ ਪੀ ਨੇ ਜ਼ਿਲ੍ਹਾ ਵਾਸੀਆਂ ਨੂੰ ਦਿੱਤੀਆਂ ਨਵੇਂ ਸਾਲ ਦੀਆਂ ਮੁਬਾਰਕਾਂ



**ਮਾਨਸਾ/ਬੁਢਲਾਡਾ (ਪਮਾਰ/ਅਸ਼ੋਕ ਲਾਕੜਾ)**-ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਕਾਮਨਾ ਕੀਤੀ ਹੈ ਕਿ ਆਉਣ ਵਾਲਾ ਸਾਲ ਸਾਰਿਆਂ ਲਈ ਖੁਸ਼ੀਆਂ ਭਰਿਆ ਹੋਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਵਾਂ ਸਾਲ 2024 ਜ਼ਿਲ੍ਹੇ ਦੇ ਲੋਕਾਂ ਲਈ ਖੁਸ਼ਹਾਲ, ਸਿਹਤਯਾਬ, ਤਰੱਕੀਆਂ ਤੇ ਖੁਸ਼ੀਆਂ ਲੈ ਕੇ ਆਵੇ। ਉਨ੍ਹਾਂ ਵਿਕਾਸ ਤੇ ਤਰੱਕੀ ਨੂੰ ਯਕੀਨੀ ਬਣਾਉਣ ਲਈ ਤਨਦੇਹੀ ਨਾਲ ਕੰਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਅਧਿਕਾਰੀ ਤੇ ਕਰਮਚਾਰੀ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਨਿੱਜੀ ਤੌਰ 'ਤੇ ਸਮਰਪਣ ਦੀ ਭਾਵਨਾ ਨਾਲ ਡਿਊਟੀ ਕਰਨ। ਐੱਸ.ਐੱਸ.ਪੀ. ਡਾ. ਨਾਨਕ ਸਿੰਘ ਨੇ ਮਾਨਸਾ ਪੁਲਸ ਵੱਲੋਂ ਜ਼ਿਲ੍ਹਾ ਨਿਵਾਸੀਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪੁਲਸ ਦੀ ਕੋਸ਼ਿਸ਼ ਰਹਿੰਦੀ ਹੈ ਕਿ ਹਮੇਸ਼ਾ ਲੋਕਾਂ ਦੀ ਸਾਂਝ ਤੇ ਸਹਿਯੋਗ ਨਾਲ ਅਮਨ-ਸ਼ਾਂਤੀ ਅਤੇ ਕਾਨੂੰਨ ਨੂੰ ਬਰਕਰਾਰ ਰੱਖਿਆ ਜਾ ਸਕੇ। ਉਨ੍ਹਾਂ ਫਿਰਕੂ ਸਦਭਾਵਨਾ, ਅਮਨਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਬੰਧਨ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਜ਼ਿਲ੍ਹੇ ਨੂੰ ਉੱਨਤੀ ਦੇ ਰਾਹ 'ਤੇ ਤੋਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦੁਹਰਾਇਆ।

# ਦੇਸ਼ ਭਗਤ 'ਵਰਸਿਟੀ 'ਚ ਰਾਸ਼ਟਰੀ ਗਣਿਤ ਦਿਵਸ ਮਨਾਇਆ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਵਿਖੇ ਇੰਜਨੀਅਰਿੰਗ ਤੇ ਅਪਲਾਈਡ ਸਾਇੰਸਜ਼ ਦੀ ਫੈਕਲਟੀ ਨੇ ਮਹਾਨ ਭਾਰਤੀ ਗਣਿਤ-ਸ਼ਾਸਤਰੀ ਸ੍ਰੀਨਿਵਾਸ ਰਾਮਾਨੁਜਨ ਦੀ ਜਨਮ ਵਰ੍ਹੇਗੰਢ ਨੂੰ ਸਮਰਪਤ ਰਾਸ਼ਟਰੀ ਗਣਿਤ ਦਿਵਸ ਮਨਾਇਆ। ਡਾ. ਕੈਲਾਸ਼ ਸੀ ਲਛਵਾਨੀ, (ਅਪਲਾਈਡ ਮੈਥੇਮੈਟਿਕਸ), ਐੱਨ ਆਈ ਟੀ ਟੀ ਆਰ ਚੰਡੀਗੜ੍ਹ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਇਸ ਮੌਕੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਇਹ ਸਮਾਗਮ ਫੈਕਲਟੀ ਆਫ ਇੰਜਨੀਅਰਿੰਗ ਐਂਡ ਅਪਲਾਈਡ ਸਾਇੰਸਜ਼ ਦੇ ਸਾਇੰਸ ਕਲੱਬ ਵੱਲੋਂ ਡਾ: ਸਵਨੀਤ ਕੌਰ, ਐੱਚ.ਓ.ਡੀ. ਅਪਲਾਈਡ ਸਾਇੰਸਜ਼ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਸਵੇਰੇ 11 ਵਜੇ ਏ.ਪੀ.ਜੇ. ਅਬਦੁਲ ਕਲਾਮ ਸੈਮੀਨਾਰ ਹਾਲ ਵਿਖੇ ਸਹਾਇਕ ਡਾਇਰੈਕਟਰ ਇੰਜੀਨੀਅਰਿੰਗ ਤੇ ਮੁੱਖ ਮਹਿਮਾਨ ਡਾ. ਕੈਲਾਸ਼ ਸੀ. ਲਛਵਾਨੀ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ ਗਿਆ ਤੇ ਸਾਰੇ ਵਿਭਾਗਾਂ ਦੇ ਐੱਚ. ਓ. ਡੀਜ਼ ਨੂੰ ਸ਼ਮ੍ਹਾਂ ਰੌਸ਼ਨ ਕਰਨ ਲਈ ਸੱਦਾ ਦਿੱਤਾ ਗਿਆ।

ਡਾ. ਹਰਸ ਸਦਾਵਰਤੀ ਵਾਈਸ ਪ੍ਰੈਜ਼ੀਡੈਂਟ ਦੇਸ਼ ਭਗਤ ਯੂਨੀਵਰਸਿਟੀ ਨੇ ਡਾ: ਰਾਮਾਨੁਜਨ ਦੇ ਗਣਿਤਿਕ ਸੰਕਲਪਾਂ ਦੀਆਂ ਜਾਦੂਈ ਵਿਸ਼ੇਸ਼ਤਾਵਾਂ 'ਤੇ ਪ੍ਰਤੀਬਿੰਬਤ ਕੀਤਾ ਅਤੇ ਇੰਜੀਨੀਅਰਿੰਗ ਤੇ ਤਕਨਾਲੋਜੀ ਵਿੱਚ ਗਣਿਤ ਦੇ ਵੱਖ-ਵੱਖ ਅਸਲ ਜੀਵਨ ਕਾਰਜਾਂ ਦੀ ਵਿਆਖਿਆ ਕੀਤੀ। ਉਨ੍ਹਾਂ ਨੇ ਸਮਾਗਮ ਵਿੱਚ ਪ੍ਰਧਾਨਗੀ ਭਾਸ਼ਣ ਦਿੰਦਿਆਂ ਸਭ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

ਸਭ ਤੋਂ ਪਹਿਲਾਂ ਸੈਮੀਨਾਰ ਹਾਲ ਵਿੱਚ ਮਹਾਨ ਗਣਿਤ ਸ਼ਾਸਤਰੀ ਸ੍ਰੀਨਿਵਾਸ ਰਾਮਾਨੁਜਨ ਦੀ ਜੀਵਨੀ 'ਤੇ ਇੱਕ ਲਘੂ ਫਿਲਮ ਸ਼ੋਅ ਚਲਾਇਆ ਗਿਆ। ਇਸ ਮੌਕੇ ਅਪਲਾਈਡ ਸਾਇੰਸਜ਼ ਵਿਭਾਗ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਵਿਦਿਆਰਥੀਆਂ ਨੇ ਆਪਣੀਆਂ ਪਾਵਰ ਪੁਆਇੰਟ ਪੇਸ਼ਕਾਰੀਆਂ ਰਾਹੀਂ ਗਣਿਤ ਦੀਆਂ ਐਪਲੀਕੇਸ਼ਨਾਂ ਦੇ ਵਿਸ਼ੇ 'ਤੇ ਆਪਣਾ ਕੀਮਤੀ ਗਿਆਨ ਸਾਂਝਾ ਕੀਤਾ। ਉਸ ਤੋਂ ਬਾਅਦ, ਐਨ.ਆਈ.ਟੀ.ਟੀ.ਆਰ. ਚੰਡੀਗੜ੍ਹ ਦੇ ਅਪਲਾਈਡ ਮੈਥੇਮੈਟਿਕਸ ਦੇ ਡਾ. ਕੈਲਾਸ਼ ਸੀ. ਲਛਵਾਨੀ ਦੁਆਰਾ "ਐਨਈਪੀ 2020 ਦੇ ਸੰਦਰਭ ਵਿੱਚ ਗਣਿਤ ਦੀ ਸਿੱਖਿਆ" ਵਿਸ਼ੇ ਉੱਤੇ ਮਾਹਰ ਭਾਸ਼ਣ ਦਿੱਤਾ ਗਿਆ। ਡਾ. ਖੁਸ਼ਬੂ ਬਾਂਸਲ ਸਹਾਇਕ ਡਾਇਰੈਕਟਰ ਇੰਜਨੀਅਰਿੰਗ ਨੇ ਇਸ ਪ੍ਰੋਗਰਾਮ ਦੇ ਸੰਚਾਲਨ ਲਈ ਲਗਾਤਾਰ ਸਹਿਯੋਗ ਦੇਣ ਲਈ ਪ੍ਰਬੰਧਕਾਂ, ਮੁੱਖ ਮਹਿਮਾਨ ਤੇ ਪ੍ਰਬੰਧਕੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮੁੜ ਪ੍ਰਧਾਨ ਥਾਪੇ ਜਾਣ 'ਤੇ ਹਰਜੀਤ ਸੰਧੂ ਸੈਂਕੜੇ ਸਾਥੀਆਂ ਸਣੇ ਗੁ. ਸਾਹਿਬ ਵਿਖੇ ਹੋਏ ਨਤਮਸਤਕ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਨੌਜਵਾਨ ਅਤੇ ਮਿਹਨਤੀ ਆਗੂ ਹਰਜੀਤ ਸਿੰਘ ਸੰਧੂ ਨੂੰ ਭਾਜਪਾ ਹਾਈ ਕਮਾਂਡ ਨੇ ਦੁਬਾਰਾ ਵਿਸ਼ਵਾਸ ਪ੍ਰਗਟਾ ਕੇ ਜ਼ਿਲਾ ਤਰਨ ਤਾਰਨ ਦਾ ਪ੍ਰਧਾਨ ਬਣਾ ਕੇ ਇਸ ਬਾਰਡਰ ਜ਼ਿਲੇ ਦੀ ਕਪਤਾਨੀ ਸੌਂਪ ਦਿਤੀ ਹੈ। ਲੋਕ ਸਭਾ ਚੋਣਾਂ ਸਿਰ 'ਤੇ ਹੋਣ ਦੌਰਾਨ ਅਜਿਹੀ ਅਹਿਮ ਜ਼ਿੰਮੇਵਾਰੀ ਹਰਜੀਤ ਸਿੰਘ ਸੰਧੂ ਨੂੰ ਮਿਲਣ ਤੋਂ ਇਹ ਸਾਫ ਹੋ ਗਿਆ ਹੈ ਕਿ ਉਨ੍ਹਾਂ ਵੱਲੋਂ ਬੀਤੇ ਇੱਕ ਸਾਲ ਦੌਰਾਨ ਕੀਤੀ ਸਿਰ ਤੋੜ ਮਿਹਨਤ ਸਦਕਾ ਭਾਜਪਾ ਹਾਈਕਮਾਂਡ ਉਨ੍ਹਾਂ ਤੋਂ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਹੈ। ਅੱਜ ਉਨ੍ਹਾਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਆਪਣੇ ਸੈਂਕੜੇ ਸਾਥੀਆਂ ਸਮੇਤ ਸਥਾਨਕ ਪਾਲਿਕਾ ਬਾਜ਼ਾਰ ਵਿੱਚ ਇਕੱਤਰ ਹੋ ਕੇ ਵਿਸ਼ਾਲ ਕਾਫ਼ਿਲੇ ਦੇ ਰੂਪ ਵਿੱਚ ਦਰਬਾਰ ਸਾਹਿਬ ਤਰਨ ਤਾਰਨ ਪੁੱਜੇ, ਜਿੱਥੇ ਉਨ੍ਹਾਂ ਨੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਦੇ ਕੇ ਜ਼ਿਲਾ ਪ੍ਰਧਾਨ ਹਰਜੀਤ ਸੰਧੂ ਨੂੰ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਪ੍ਰਧਾਨ ਸੰਧੂ ਨੇ ਆਪਣੇ ਸਾਥੀ ਆਗੂਆਂ ਸਮੇਤ ਸਥਾਨਕ ਮੰਦਿਰ ਵਿਖੇ ਜਾ ਕੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਨੇ ਭਾਜਪਾ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਤਰਨ ਤਾਰਨ ਵਿੱਚ ਜੇਤੂ ਪ੍ਰਦਰਸ਼ਨ ਕਰੇਗੀ ਕਿਉਂਕਿ ਮਾਝੇ ਦੇ ਲੋਕ ਹੁਣ ਪੰਜਾਬ ਵਿੱਚ ਮਜ਼ਬੂਤ ਸਰਕਾਰ ਚਾਹੁੰਦੇ ਹਨ। ਇਸ ਲਈ ਧੜਾਧੜ ਭਾਜਪਾ ਨਾਲ ਜੁੜ ਰਹੇ ਹਨ। ਇਸ ਮੌਕੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨਾਲ ਸਾਬਕਾ ਚੇਅਰਮੈਨ ਰਣਜੀਤ ਸਿੰਘ, ਮੰਡਲ ਪ੍ਰਧਾਨ ਪਵਨ ਕੁੰਦਰਾ, ਜ਼ਿਲਾ ਮੀਤ ਪ੍ਰਧਾਨ ਅਮਰਪਾਲ ਸਿੰਘ ਖਹਿਰਾ, ਸ਼ਿਵ ਸੋਨੀ ਹਰੀਕੇ, ਅਤੁਲ ਜੈਨ ਪੱਟੀ, ਜ਼ਿਲਾ ਜਨਰਲ ਸਕੱਤਰ ਨੇਤਰਪਾਲ ਸਿੰਘ, ਸੁਰਜੀਤ ਸਿੰਘ ਸਾਗਰ, ਸੂਬਾ ਕਾਰਜਕਾਰਨੀ ਮੈਂਬਰ ਅਨੂਪ ਸਿੰਘ ਭੁੱਲਰ, ਚੰਦਰ ਅਗਰਵਾਲ, ਹਰਿੰਦਰ ਅਗਰਵਾਲ, ਬਲਵਿੰਦਰ ਸਿੰਘ ਰੈਸ਼ੀਆਣਾ, ਸੀਨੀਅਰ ਭਾਜਪਾ ਆਗੂ ਰਾਣਾ ਗੁਲਬੀਰ ਸਿੰਘ, ਸੀਨੀਅਰ ਭਾਜਪਾ ਆਗੂ ਹਰਪ੍ਰੀਤ ਸਿੰਘ ਸਿੰਦਬਾਦ, ਐਡਵੋਕੇਟ ਸਤਨਾਮ ਸਿੰਘ, ਬਲਜਿੰਦਰ ਸਿੰਘ ਕੈਰੋਂ, ਸੁਬੇਗ ਸਿੰਘ ਰੈਸ਼ੀਆਣਾ, ਕਿਸਾਨ ਮੋਰਚੇ ਦੇ ਪ੍ਰਧਾਨ ਗੁਰਸਾਹਿਬ ਸਿੰਘ, ਐੱਸ. ਸੀ. ਮੋਰਚੇ ਦੇ ਪ੍ਰਧਾਨ ਗੁਲਜ਼ਾਰ ਸਿੰਘ ਜਹਾਂਗੀਰ, ਮਹਿਲਾ ਮੋਰਚੇ ਦੇ ਪ੍ਰਧਾਨ ਅਮਨਦੀਪ ਕੌਰ ਉੱਪਲ, ਬੀ. ਸੀ. ਮੋਰਚੇ ਦੇ ਪ੍ਰਧਾਨ ਸਾਹਿਬ ਸਿੰਘ ਸੁੱਗਾ, ਯੁਵਾ ਮੋਰਚੇ ਦੇ ਪ੍ਰਧਾਨ ਹੁਸਨਪ੍ਰੀਤ ਸਿੰਘ ਸੰਘਾ, ਗੁਰਪ੍ਰੀਤ ਸਿੰਘ, ਨੌਜਵਾਨ ਆਗੂ ਦਿਨੇਸ਼ ਜੋਸ਼ੀ, ਅਮਨ ਅਰੋੜਾ, ਲੱਕੀ ਜੋਸ਼ੀ, ਲਲਿਤ ਪ੍ਰੀਂਜਾ, ਜਸਵੰਤ ਸਿੰਘ ਸੋਹਲ, ਵਿਕਾਸ ਕੁਮਾਰ ਮਿੰਟਾ, ਸੁਖਵੰਤ ਸਿੰਘ, ਮੇਹਰ ਸਿੰਘ ਬਾਣੀਆਂ, ਹਰਮਨਜੀਤ ਸਿੰਘ ਕੱਲਾ, ਪਵਨ ਦੇਵਗਨ ਚੋਹਲਾ , ਰੋਹਿਤ ਵੇਦੀ ਹਰੀਕੇ, ਗੌਰਵ ਦੇਵਗਨ ਸਰਹਾਲੀ, ਕੁਲਦੀਪ ਸਿੰਘ ਮੱਲਮੋਹਰੀ, ਅਮਨ ਸ਼ਰਮਾ ਖਾਲੜਾ, ਜਤਿੰਦਰ ਸ਼ਰਮਾ ਭਿੱਖੀਵਿੰਡ, ਗੁਰਦੇਵ ਸਿੰਘ ਸਭਰਾ, ਪਦਮ ਕਿਸ਼ੋਰ ਪੱਟੀ, ਅਵਤਾਰ ਸਿੰਘ ਬੰਟੀ, ਕਾਰਜ ਸਿੰਘ ਸ਼ਾਹ ਕੈਰੋਂ, ਸਰਪੰਚ ਮਹਿਤਾਬ ਸਿੰਘ, ਕੁਲਵੰਤ ਸਿੰਘ ਭੈਲ, ਨਿਰਵੈਲ ਸਿੰਘ ਵਲਟੋਹਾ, ਰਾਜਬੀਰ ਸਿੰਘ, ਵਰਿਆਮ ਸਿੰਘ, ਨਿਰਮਲ ਕੌਰ, ਗੁਰਬਿੰਦਰ ਸਿੰਘ, ਨਵਦੀਪ ਸ਼ਰਮਾ, ਮੁਖਤਾਰ ਸਿੰਘ ਕੱਲਾ, ਮੰਡਲ ਪ੍ਰਧਾਨ ਅਮਨ ਸ਼ਰਮਾ ਖਾਲੜਾ, ਵਾਈਸ ਮੰਡਲ ਪ੍ਰਧਾਨ ਪ੍ਰਦੀਪ ਕੁਮਾਰ ਧਵਨ ਖਾਲੜਾ, ਪ੍ਰਧਾਨ ਸ਼ਾਤੀ ਪ੍ਰਸਾਦ ਸ਼ਰਮਾ, ਪ੍ਰਧਾਨ ਰਾਜੂ ਚੋਪੜਾ ਭਿੱਖੀਵਿੰਡ, ਪ੍ਰਧਾਨ ਰਾਜੂ ਸ਼ਰਮਾ ਭਿੱਖੀਵਿੰਡ, ਪਿੰਕਾ ਅਲਗੋਂ ਕੋਠੀ, ਰਵੀ ਚੋਪੜਾ ਅਲਗੋਂ ਕੋਠੀ, ਸ਼ਾਂਤੀ ਪ੍ਰਸਾਦ, ਅਮਨ ਸਰਮਾ, ਰਾਜ ਕੁਮਾਰ ਸ਼ਰਮਾ, ਪਰਦੀਪ ਕੁਮਾਰ ਧਵਨ ਆਦਿ ਆਪਣੇ ਸਾਥੀਆਂ ਸਮੇਤ ਮੌਜੂਦ ਸਨ।

## ਪੰਡੋਰੀ ਤਾਲਿਬਪੁਰ ਦੇ ਆਲੇ-ਦੁਆਲੇ ਗੰਦਗੀ ਦੇ ਢੇਰਾਂ ਕਾਰਨ ਸ਼ਰਧਾਲੂ ਹੋ ਰਹੇ ਪ੍ਰੇਸ਼ਾਨ



ਗੁਰਦਾਸਪੁਰ, (ਜਨਕ ਮਹਾਜਨ)-ਪੰਡੋਰੀ ਧਾਮ ਅਤੇ ਤਾਲਿਬਪੁਰ ਵਿਖੇ ਗੰਦਗੀ ਦੇ ਥਾਂ-ਥਾਂ 'ਤੇ ਲੱਗੇ ਢੇਰਾਂ ਕਾਰਨ ਜਿੱਥੇ ਪਿੰਡ ਵਾਸੀ ਪ੍ਰੇਸ਼ਾਨ ਹਨ ਉਥੇ ਹੀ ਸ਼ਰਧਾਲੂ ਵੀ ਇਸ ਗੰਦਗੀ ਤੋਂ ਮੂੰਹ ਚਿੜਾਅ ਰਹੇ ਹਨ ਪਰ ਜ਼ਿਲ੍ਹਾ ਪ੍ਰਸ਼ਾਸਨ ਇਸ ਅਸਥਾਨ ਦੀ ਮਹੱਤਤਾ ਨੂੰ ਦੇਖਦੇ ਹੋਏ ਇਥੇ ਸਫ਼ਾਈ ਪ੍ਰਬੰਧਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਇਸ ਸਬੰਧੀ ਪਿੰਡ ਵਾਸੀਆਂ ਨੇ ਦੱਸਿਆ ਕਿ ਸਬੰਧਿਤ ਮਹਿਕਮਾ ਪਿੰਡਾਂ ਅੰਦਰ ਸਫ਼ਾਈ ਨੂੰ ਲੈ ਕੇ ਗੰਭੀਰ ਨਹੀਂ ਹੈ। ਉਨ੍ਹਾਂ ਕਿਹਾ ਪਹਿਲੀਆਂ ਸਰਕਾਰਾਂ ਵੱਲੋਂ ਕੂੜਾ ਡੰਪ ਕਰਨ ਲਈ ਤਿਆਰ ਕੀਤੀਆਂ ਯੋਜਨਾਵਾਂ ਵੀ ਅਸਫਲ ਸਾਬਤ ਹੋਈਆਂ ਹਨ। ਉਨ੍ਹਾਂ ਕਿਹਾ ਪਹਿਲਾਂ ਪਿੰਡਾਂ ਵਿਚ ਗੜ੍ਹੇ ਬਣੇ ਹੁੰਦੇ ਸਨ ਜੋ ਹੁਣ ਰਿਹਾਇਸ਼ੀ ਥਾਵਾਂ ਵਿਚ ਆ ਗਏ ਹਨ ਅਤੇ ਲੋਕ ਸੜਕਾਂ ਕੰਢੇ ਗੰਦਗੀ ਸੁੱਟਣ ਲਈ ਮਜਬੂਰ ਹਨ। ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪੰਡੋਰੀ ਧਾਮ ਦੀ ਮਹੱਤਤਾ ਨੂੰ ਦੇਖਦੇ ਹੋਏ ਸਫ਼ਾਈ ਪ੍ਰਬੰਧਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਗੰਦਗੀ ਦਾ ਹੱਲ ਕਰਵਾਇਆ ਜਾਵੇ।

# ਫਜ਼ੂਲ ਦੀਆਂ ਸਮੱਸਿਆਵਾਂ



ਅੱਜ ਕੱਲ੍ਹ ਮਨੁੱਖ ਕੁਦਰਤਵਾਦ ਤੇ ਅਧਿਆਤਮਕਵਾਦ ਤੋਂ ਅੱਗੇ ਪਦਾਰਥਵਾਦ ਵਿੱਚ ਵਿਚਰ ਰਿਹਾ ਹੈ। ਉਹ ਮਨੁੱਖਾਂ, ਜੀਵ-ਜੰਤੂਆਂ ਤੇ ਪਸ਼ੂਆਂ ਸਬੰਧੀ ਬੇਰਹਿਮ ਹੋ ਰਿਹਾ ਹੈ। ਇਸ ਕਰਕੇ ਹੀ ਉਹ ਇਨ੍ਹਾਂ ਵੱਲੋਂ ਦਿੱਤੀਆਂ ਮੁਸੀਬਤਾਂ ਦਾ ਅਭਾਗੀ ਹੋ ਰਿਹਾ ਹੈ।

ਪਿਛਲੇ ਸਮਿਆਂ ਵਿੱਚ ਪਸ਼ੂ ਸਾਡੀ ਬਾਲਣ, ਖਾਣ-ਪੀਣ ਦੇ ਪਦਾਰਥਾਂ ਲਈ ਤੇ ਖੇਤੀਬਾੜੀ ਦੇ ਕੰਮਾਂ ਲਈ ਤੇ ਢੋਆ ਢੁਆਈ ਲਈ ਲਾਭਦਾਇਕ ਸਨ। ਉਨ੍ਹਾਂ ਨੂੰ ਚੰਗਾ ਚਾਰਾ ਤੇ ਅਰਾਮਦਾਇਕ ਸਥਾਨ ਮਿਲਦੇ ਹਨ। ਚਰਾਗਾਹਾਂ ਵਿੱਚ ਵੀ ਚਾਰਿਆ ਜਾਂਦਾ ਸੀ। ਪਰ ਅੱਜ-ਕੱਲ੍ਹ ਵਿਦੇਸ਼ੀ ਗਾਵਾਂ-ਮੱਝਾਂ ਇੱਥੋਂ ਦਾ ਵਾਤਾਵਰਨ ਸਹਾਰ ਨਹੀਂ ਸਕਦੀਆਂ ਤੇ ਉਹ ਛੇਤੀ ਹੀ ਦੁੱਧ ਤੋਂ ਹਟ ਜਾਂਦੀਆ ਹਨ ਜਾਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਬਾਹਰ ਚਰਾਂਦਾ ਵਾਲੇ ਖੇਤਰ ਫਸਲਾਂ ਬੀਜਣ ਲਈ ਵਰਤਿਆ ਜਾਣ ਲੱਗਿਆ ਹੈ। ਖੇਤੀ ਵਾਹੀ ਲਈ ਬਲਦਾਂ, ਘੋੜਿਆਂ ਦੀ ਥਾਂ ਟ੍ਰੈਕਟਰ, ਟੱਰਕ ਆਦਿ ਚੱਲ ਪਏ ਹਨ। ਲੋਕ ਬੇਕਾਰ ਪਸ਼ੂਆਂ ਨੂੰ ਛੱਡ ਦਿੰਦੇ ਹਨ। ਇਹ ਪਸ਼ੂ ਕਿਸਾਨਾਂ ਦੀਆਂ ਫਸਲਾਂ ਉਜਾੜ ਦਿੰਦੇ ਹਨ। ਸ਼ਹਿਰਾਂ ਵਿੱਚ ਲਿਆ ਕੇ ਛੱਡ ਦਿੱਤੇ ਪਸ਼ੂ ਰਾਹਗੀਰਾਂ ਨੂੰ ਮਾਰਦੇ ਤੇ ਦੁਰਘਟਨਾਵਾਂ ਰੱਖਣ ਤੇ ਪਾਲਣ ਦਾ ਕੰਮ ਲੋਕਾਂ ਨੂੰ ਤੇ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਦੂਸਰੀ ਸਮੱਸਿਆ ਅਵਾਰਾ ਕੁੱਤਿਆਂ ਦੀ ਹੈ। ਪਿਛਲੇ ਸਮਿਆਂ ਵਿੱਚ ਕੁੱਤੇ ਘਰਾਂ ਤੇ ਪਸ਼ੂਆਂ ਦੀ ਰਾਖੀ ਲਈ ਲਾਭਦਾਇਕ ਸਨ। ਲੋਕ ਅਵਾਰਾ ਕੁੱਤਿਆਂ ਨੂੰ ਥੋੜ੍ਹੀ ਬਹੁਤ ਰੋਟੀ ਪਾਉਣਾ ਪੁੰਨ ਸਮਝਦੇ ਸਨ। ਜੇ ਕੋਈ ਕੁੱਤਾ ਹਲਕ ਜਾਂਦਾ, ਉਸ ਨੂੰ ਮਾਰ ਦਿੰਦੇ ਸਨ। ਅੱਜ ਹਰ ਘਰ ਫਾਟਕ ਲੱਗੇ ਹਨ। ਕੁੱਤੇ ਬਾਹਰ ਜਾ ਕੇ ਪਿੰਡ ਜਾਂ ਸ਼ਹਿਰ ਦੀ ਗੰਦਗੀ ਖਾਂਦੇ ਜਾਂ ਮਰੇ ਪਸ਼ੂਆਂ ਨੂੰ ਖਾਂਦੇ ਹਨ। ਉਹ ਛੇਤੀ ਹੀ ਵਾਢੂ ਹੋ ਜਾਂਦੇ ਹਨ। ਉਹ ਝੁੰਡਾਂ ਵਿੱਚ ਇੱਧਰ-ਉੱਧਰ ਘੁੰਮਦੇ ਹਨ। ਬੱਚਿਆਂ, ਬੁੱਢਿਆਂ ਅਤੇ ਕਮਜ਼ੋਰ ਬੰਦਿਆਂ ਨੂੰ ਘੇਰ ਕੇ ਪਾੜ ਦਿੰਦੇ ਹਨ। ਆਵਾਜਾਈ ਵਿੱਚ ਵੀ ਰੁਕਾਵਟ ਪਾਉਂਦੇ ਹਨ। ਇਨ੍ਹਾਂ ਦੇ ਖਾਣ-ਪੀਣ ਦਾ ਪ੍ਰਬੰਧ ਹੋਵੇ ਤਾਂ ਕਿ ਲੋਕਾਂ ਦੀ ਇਨ੍ਹਾਂ ਤੋਂ ਸੁਰੱਖਿਆ ਹੋਵੇ।

ਤੀਸਰੀ ਸਮੱਸਿਆ ਇਹ ਹੈ ਕਿ ਕਈ ਥਾਈਂ ਪਹਾੜੀਆਂ ਨੇੜੇ, ਨਹਿਰਾਂ, ਦਰਿਆਵਾਂ ਦੇ ਕੰਢਿਆਂ ਤੇ ਪੁਲਾਂ 'ਤੇ ਬਾਂਦਰ ਹਰ ਸਮੇਂ ਬੈਠੇ ਰਹਿੰਦੇ ਹਨ। ਨੇੜੇ ਦੀ ਲੰਘਣ ਵਾਲੇ ਰਾਹਗੀਰ ਇਨ੍ਹਾਂ ਨੂੰ ਖਾਣ ਦੀ ਕੋਈ ਨਾ ਕੋਈ ਚੀਜ਼ ਪਾਉਣਾ ਪੁੰਨ ਸਮਝਦੇ ਹਨ, ਪਰ ਇਹ ਬਾਂਦਰ ਕਈ ਵਾਰ ਲੋਕਾਂ ਉਪਰ ਝਪਟ ਪੈਂਦੇ ਹਨ ਤੇ ਪੰਜੇ ਮਾਰ ਕੇ ਜ਼ਖ਼ਮੀ ਕਰ ਦਿੰਦੇ ਹਨ। ਰੋਪੜ ਦੇ ਪੁਰਾਣੇ ਤੇ ਨਵੇਂ ਪੁਲ 'ਤੇ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਨੂੰ ਕਿਸੇ ਖਾਸ ਥਾਂ 'ਤੇ ਰਸਤਿਆਂ ਤੋਂ ਦੂਰ ਰੱਖਣ ਦਾ ਪ੍ਰਬੰਧ ਸਰਕਾਰ ਕਰੇ।

ਮਨੁੱਖਾਂ ਵੱਲੋਂ ਪੈਦਾ ਹੋ ਰਹੀਆਂ ਮੁਸੀਬਤਾਂ ਵੀ ਮਨੁੱਖ ਦੇ ਮੱਥੇ ਕਲੰਕ ਹਨ। ਸੋਚਣ ਤੇ ਸਮਝਣ ਦੇ ਗੁਣਾਂ ਕਰਕੇ ਮਨੁੱਖ ਸਾਰੇ ਜੀਵਾਂ ਤੋਂ ਸ਼੍ਰੋਮਣੀ ਹੈ, ਪਰ ਅੱਜ ਕੱਲ੍ਹ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਉਸ ਨੂੰ ਘੁਣ ਵਾਂਗ ਚਿਬੜੇ ਹੋਏ ਹਨ। ਅਜਿਹੇ ਲੋਕ ਸਾਡੇ ਵਿੱਚੋਂ ਹੀ ਹਨ। ਸਾਨੂੰ ਹੀ ਇਨ੍ਹਾਂ ਦੀਆਂ ਕਰਤੂਤਾਂ ਦਾ ਨਤੀਜਾ ਭੁਗਤਣਾ ਪੈ ਰਿਹਾ ਹੈ।



ਹਰ ਰੋਜ਼ ਖਬਰਾਂ ਦੇਖਣ-ਸੁਣਨ ਤੋਂ ਪਤਾ ਲੱਗਦਾ ਹੈ ਕਿ ਕਿਸੇ ਥਾਂ ਕੋਈ ਨਾ ਕੋਈ ਭੈੜੀ ਘਟਨਾ ਵਾਪਰ ਰਹੀ ਹੈ। ਜਿਵੇਂ ਬਿਗਾਨਿਆਂ ਤੇ ਆਪਣੀਆਂ ਵੀ ਧੀਆਂ-ਭੈਣਾਂ ਦੀ ਇੱਜ਼ਤ ਲੁੱਟੀ ਜਾਂਦੀ ਹੈ। ਕਈ ਥਾਈਂ ਕ੍ਰੋਧ ਵਿੱਚ ਆ ਕੇ ਮਾਂ-ਬਾਪ, ਭੈਣ-ਭਰਾ ਜਾਂ ਕਿਸੇ ਹੋਰ ਦੀ ਹੱਤਿਆ ਹੋ ਰਹੀ ਹੈ। ਕਈ ਥਾਈਂ ਲੋਭ ਵਿੱਚ ਆ ਕੇ ਮਨੁੱਖ ਦੂਜੇ ਦਾ ਧਨ, ਜਾਇਦਾਦ ਖੋਹਣ ਲਈ ਚੋਰੀ, ਲੁੱਟ-ਖੋਹ ਤੇ ਕਤਲ ਕਰਦਾ ਹੈ। ਨਸ਼ੇ ਜਾਂ ਹੋਰ ਕਾਰਨਾਂ ਕਰਕੇ ਮਨੁੱਖ ਮਾਰੂ ਸਾਨ੍ਹ ਵਾਂਗ ਭੁਸਰਿਆ ਫਿਰਦਾ ਹੈ।

ਪਹਿਲੇ ਸਮਿਆਂ ਵਿੱਚ ਸੰਯੁਕਤ ਪਰਵਾਰ ਹੁੰਦੇ ਸਨ। ਲੋਕ ਭੈਣ-ਭਰਾ, ਮਾਂ-ਬਾਪ ਤੇ ਹੋਰ ਇਕੱਠੇ ਰਹਿੰਦੇ ਸਨ। ਉਨ੍ਹਾਂ ਨੂੰ ਵੱਡੇ-ਛੋਟੇ ਦੇ ਲਈ ਪਿਆਰ, ਸਤਿਕਾਰ ਕਰਨਾ ਅਤੀ ਜ਼ਰੂਰੀ ਸਨ, ਪਰ ਅੱਜ-ਕੱਲ੍ਹ ਛੋਟੇ ਪਰਵਾਰਾਂ ਦੀ ਰਵਾਇਤ ਹੋ ਗਈ ਹੈ। ਆਂਢੀ-ਗੁਆਂਢੀ ਤੇ ਰਿਸ਼ਤੇਦਾਰਾਂ ਨਾਲ ਮੇਲ-ਜੋਲ ਘਟ ਰਹੇ ਹਨ। ਇੱਕ-ਦੂਜੇ ਲਈ ਪਰਉਪਕਾਰ ਕਰਨਾ ਨਾ ਮਾਤਰ ਰਹਿ ਗਿਆ ਹੈ। ਧਨ ਤੇ ਜਾਇਦਾਦਾਂ ਨੇ ਪਿਆਰ ਦਾ ਰਿਸ਼ਤਾ ਕੌੜਾ ਖੱਟਾ ਕਰ ਦਿੱਤਾ ਹੈ। ਇੱਥੋਂ ਤੱਕ ਕਿ ਇੱਕ-ਦੂਜੇ ਨੂੰ ਕਤਲ ਕਰਨਾ ਹਰ ਰੋਜ਼ ਦੀਆਂ ਖਬਰਾਂ ਵਿੱਚ ਦੇਖਦੇ-ਸੁਣਦੇ ਹਾਂ। ਸਮਾਜ ਵਿੱਚ ਹਰ ਪਾਸੇ ਡਰ ਭੈਅ ਤੇ ਅਨਿਸ਼ਚਿਤਤਾ ਦਾ ਵਾਤਾਵਰਨ ਬਣਿਆ ਹੋਇਆ ਹੈ। ਅੱਜ ਉਹ ਯੁੱਗ ਯਾਦ ਆਉਂਦਾ ਹੈ, ਜਦ ਕਿ ਭੈਣ-ਭਰਾਵਾਂ ਨਾਲ ਪਿਆਰ, ਵੱਡਿਆਂ ਦਾ ਸਤਿਕਾਰ, ਰਿਸ਼ਤੇਦਾਰਾਂ ਦੀ ਮਹਿਮਾਨ-ਨਿਵਾਜ਼ੀ, ਗਵਾਂਢੀਆਂ ਦਾ ਸਹਾਰਾ ਤੇ ਆਮ ਲੋਕਾਂ ਦੀ ਭਲਾਈ ਕਰਨਾ ਆਮ ਨਿਯਮ ਸਨ। ਉਸ ਸਮੇਂ ਦੇ ਭਲੇ-ਪੁਰਖ ਸਵਰਗ ਜਿਹਾ ਜੀਵਨ ਹੰਢਾਉਂਦੇ ਸਨ। ਅੱਜ ਕੱਲ੍ਹ ਦੇ ਕਪਟੀ ਤੇ ਜ਼ਾਲਮ ਮਨੁੱਖ ਨੇ ਇੱਕ-ਦੂਜੇ ਦੇ ਨੱਕ ਵਿੱਚ ਦਮ ਲਿਆ ਕੇ ਜਿਉਣਾ ਹਰਾਮ ਕਰ ਦਿੱਤਾ ਹੈ।

**ਡਾ. ਨਵਪ੍ਰੀਤ ਕੌਰ, ਸ.ਸ. ਮਿਸਟ੍ਰੈਸ**
*ਸੰਪਰਕ : 82839-59199*

## ਸੇਵਾ-ਨਵਿਰਤੀ 'ਤੇ ਵਿਸ਼ੇਸ਼

# ਅਧਿਆਪਕਾਂ ਦੇ ਹਿਤਾਂ ਦੀ ਰਾਖੀ ਲਈ ਨਿਧੜਕ ਯੋਧਾ ਸੁਰਜੀਤ ਸਿੰਘ



ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਸੁਰਜੀਤ ਸਿੰਘ ਲੱਗਭੱਗ 30 ਸਾਲਾਂ ਦੀ ਅਧਿਆਪਨ ਸੇਵਾ ਪਿੱਛੋਂ 31 ਦਸੰਬਰ 2023 ਨੂੰ ਸਸਸਸ ਬੂਟਾ ਸਿੰਘ ਵਾਲਾ ( ਮੋਹਾਲੀ) ਤੋਂ ਸੇਵਾ ਨਵਿਰਤ ਹੋ ਰਹੇ ਹਨ। 30 ਸਾਲਾਂ ਦੀ ਲਾ-ਮਿਸਾਲ ਸੇਵਾ ਦੌਰਾਨ ਉਨ੍ਹਾਂ ਨਾ ਸਿਰਫ ਇੱਕ ਅਧਿਆਪਕ ਵਜੋਂ, ਸਗੋਂ ਇੱਕ ਯੋਗ ਆਗੂ ਵਜੋਂ ਸੂਬੇ ਭਰ ਦੇ ਅਧਿਆਪਕਾਂ ਦੇ ਹਿਤਾਂ ਦੀ ਰਾਖੀ ਲਈ ਇੱਕ ਰਾਹ ਦਸੇਰੇ, ਨਿਧੜਕ ਯੋਧੇ ਦੀ ਭੂਮਿਕਾ ਨਿਭਾਈ। ਅਧਿਆਪਕ ਵਜੋਂ ਸਰਕਾਰੀ ਸੇਵਾ 'ਚ ਆਉਂਦਿਆ ਹੀ ਸੁਰਜੀਤ ਸਿੰਘ ਅਤੇ ਨਾਲ ਭਰਤੀ ਹੋਏ ਹੋਰ ਅਧਿਆਪਕਾਂ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਉੱਚ ਅਦਾਲਤ ਵੱਲੋਂ ਉਹਨਾਂ ਸਮੇਤ ਸੂਬੇ ਭਰ ਦੇ ਅਧਿਆਪਕਾਂ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ। ਮੁੜ ਨਿਯੁਕਤੀ ਦੇ ਸੰਘਰਸ ਲਈ ਨਵ ਨਿਯੁਕਤ ਅਧਿਆਪਕ ਯੂਨੀਅਨ ਪੰਜਾਬ ਦੀ ਸਥਾਪਨਾ ਕੀਤੀ ਗਈ, ਜਿਸ 'ਚ ਸੁਰਜੀਤ ਸਿੰਘ ਨੇ ਪੰਜਾਬ ਦੇ ਜਨਰਲ ਸਕੱਤਰ ਦੇ ਤੌਰ 'ਤੇ ਅਗਵਾਈ ਕੀਤੀ ਤੇ ਇਸ ਸੰਘਰਸ਼ ਕਰਕੇ ਸਰਕਾਰ ਨੂੰ ਸਾਰੇ ਅਧਿਆਪਕਾਂ ਨੂੰ ਦੁਬਾਰਾ ਪੂਰੇ ਲਾਭਾਂ ਸਮੇਤ ਨੌਕਰੀ 'ਤੇ ਬਹਾਲ ਕਰਨਾ ਪਿਆ। ਬਾਅਦ 'ਚ ਸੁਰਜੀਤ ਸਿੰਘ ਅਧਿਆਪਕਾਂ ਦੀ ਮੁੱਖ ਜਥੇਬੰਦੀ ਜੀ ਟੀ ਯੂ 'ਚ ਸ਼ਾਮਲ ਹੋ ਗਏ ਅਤੇ ਉਸ 'ਚ ਬਲਾਕ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਤੇ ਪੰਜਾਬ ਦੇ ਪ੍ਰੈਸ ਸਕੱਤਰ ਤੱਕ ਦੀ ਜਿੰਮੇਵਾਰੀ ਨਿਭਾਈ।

ਸਮੂਹ ਅਧਿਆਪਕ ਅਤੇ ਬੱਚਿਆਂ ਦੇ ਹਿਤਾਂ ਲਈ ਲੜਦੇ ਸਮੇਂ ਕਈ ਵਾਰ ਇਹਨਾਂ ਨੂੰ ਸਰਕਾਰੀ ਤਸੱਦਦ ਦਾ ਸ਼ਿਕਾਰ ਵੀ ਹੋਣਾ ਪਿਆ, ਇੱਥੋਂ ਤੱਕ ਕਿ ਨੌਕਰੀ ਤੋਂ ਸਸਪੈਂਡ ਵੀ ਹੋਣਾ ਪਿਆ, ਪਰ ਸੁਰਜੀਤ ਸਿੰਘ ਹਮੇਸ਼ਾ ਬੁਲੰਦ ਹੌਸਲੇ 'ਚ ਰਹੇ ਤੇ ਲੋਕ ਸੰਘਰਸ਼ਾਂ 'ਚ ਵੱਧ ਚੜ੍ਹ ਕੇ ਅਗਵਾਈ ਕਰਦੇ ਰਹੇ। ਬਹੁਪੱਖੀ ਸਖਸ਼ੀਅਤ ਦੇ ਮਾਲਕ ਸਾਥੀ ਸੁਰਜੀਤ ਸਿੰਘ ਇੱਕ ਯੋਗ ਅਧਿਆਪਕ, ਨਿਧੜਕ ਆਗੂ, ਨਿਸਵਾਰਥ ਸਮਾਜ ਸੇਵੀ, ਤਰਕਸ਼ੀਲ, ਬੁੱਧੀਜੀਵੀ, ਅਤੇ ਯੋਗ ਨਿਰਵਾਣ ਵਿਅਕਤੀ ਦੇ ਤੌਰ 'ਤੇ ਜਾਣੇ ਜਾਂਦੇ ਹਨ। ਸਮਾਜ 'ਚੋਂ ਅੰਧ-ਵਿਸ਼ਵਾਸ਼ਾਂ ਦੇ ਖਾਤਮੇ ਲਈ ਆਪ ਤਰਕਸ਼ੀਲ ਲਹਿਰ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ ਤੇ ਹੁਣ ਮੌਜੂਦਾ ਸਮੇਂ ਮੋਹਾਲੀ ਇਕਾਈ ਦੇ ਜਥੇਬੰਦਕ ਮੁਖੀ ਦੇ ਤੌਰ 'ਤੇ ਸੇਵਾ ਨਿਭਾਅ ਰਹੇ ਹਨ। ਇਹਨਾਂ ਦੀ ਇੱਕ ਹੋਰ ਖਾਸੀਅਤ ਇਹ ਹੈ ਕਿ ਜਿੱਥੇ ਇਹ ਨੌਜਵਾਨਾਂ ਨੂੰ ਸਮਾਜ ਸੇਵਾ ਲਈ ਉਤਸਾਹਿਤ ਕਰਦੇ ਹਨ ਉੱਥੇ ਪਹਿਲਾਂ ਆਪ ਰਾਹ ਦਸੇਰਾ ਬਣਦੇ ਹਨ। ਇਹ ਆਪ ਹੁਣ ਤੱਕ 65 ਵਾਰ ਖੂਨਦਾਨ ਕਰ ਚੁੱਕੇ ਹਨ। ਬੇਸ਼ੱਕ ਇੱਕ ਨੌਜਵਾਨ ਅਧਿਆਪਕ ਵਜੋਂ ਸੇਵਾ 'ਚ ਆਉਣ ਤੋਂ ਲੈ ਕੇ ਬਤੌਰ ਜੀਵ-ਵਿਗਿਆਨ ਲੈਕਚਰਾਰ ਵਜੋਂ ਸੇਵਾ ਨਵਿਰਤ ਹੋਣ ਤੱਕ ਸਾਥੀ ਸੁਰਜੀਤ ਸਿੰਘ ਦਾ ਜੀਵਨ ਇੱਕ ਤਿੱਖੇ ਪਰ ਸਫਲ ਸੰਘਰਸ਼ੀ ਯੋਧੇ ਦੀ ਮਿਸਾਲ ਰਿਹਾ ਹੈ। ਸੂਬੇ ਅਤੇ ਦੇਸ਼ 'ਚ ਸਾਮਰਾਜ ਵਿਰੁੱਧ ਮੱਧਮ ਪੈ ਰਹੀ ਸੰਘਰਸ਼ਾਂ ਦੀ ਸਮਾਜਵਾਦੀ ਲੋਕ-ਲਹਿਰ ਨੂੰ ਮਘਾਈ ਰੱਖਣ ਲਈ ਸਾਥੀ ਸੁਰਜੀਤ ਦਾ ਸੰਘਰਸ਼ਮਈ ਅਧਿਆਪਨ ਕਾਲ ਨਵੀਂ ਪੀੜ੍ਹੀ ਦੇ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਲਈ ਰਾਹ-ਦਸੇਰਾ ਰਹੇਗਾ।

**-ਗੁਰਜੀਤ ਬਿੱਲਾ, ਮੋਹਾਲੀ**

## ਤੀਰਥ ਯਾਤਰਾ ਸਕੀਮ ਤਹਿਤ ਅਜਨਾਲਾ ਤੋਂ ਸ਼ਰਧਾਲੂਆਂ ਦੀ ਬੱਸ ਰਵਾਨਾ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਤੀਰਥ ਯਾਤਰਾ ਸਕੀਮ ਅਧੀਨ ਅਜਨਾਲਾ ਸ਼ਹਿਰ ਤੋਂ ਇੱਕ ਬੱਸ ਰਵਾਨਾ ਹੋਈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਜਨਾਲਾ ਦੇ ਸ਼ਹਿਰੀ ਆਮ ਪਾਰਟੀ ਦੇ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ ਨੇ ਕੀਤਾ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਵਾਰਡ ਦੇ ਇੰਚਾਰਜਾਂ ਨਾਲ ਇੱਕ ਮੀਟਿੰਗ ਕਰਦਿਆਂ ਦੱਸਿਆ ਕਿ ਅਜਨਾਲਾ ਸ਼ਹਿਰ ਤੋਂ ਇੱਕ ਬੱਸ 43 ਸੀਟਿਡ ਜੋ ਮਾਂ ਚਿੰਤਪੁਰਨੀ ਮਾਤਾ ਜਵਾਲਾ ਜੀ ਅਤੇ ਅਨੰਦਪੁਰ ਸਾਹਿਬ ਲਈ ਰਵਾਨਾ ਹੋਈ। ਬੱਸ ਨੂੰ ਹਰੀ ਝੰਡੀ ਪੰਜਾਬ ਦੇ ਕੈਬਨਟ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਨੇ ਦਿੱਤੀ। ਇਸ ਤੋਂ ਪਹਿਲਾਂ ਵੀ ਅਜਨਾਲਾ ਹਲਕੇ ਤੋਂ ਬਹੁਤ ਸੰਗਤਾਂ ਸ੍ਰੀ ਹਜ਼ੂਰ ਸਾਹਿਬ ਅਤੇ ਬਹੁਤ ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਆਈਆਂ ਹਨ। ਇਸ ਸਕੀਮ ਨੂੰ ਕੰਟੀਨਿਊਜ਼ ਕਰਦੇ ਹੋਏ ਹੁਣ ਬੱਸ ਰਵਾਨਾ ਹੋਵੇਗੀ ਜਿਸ ਵਿੱਚ ਸਾਰੇ ਯਾਤਰੀਆਂ ਨੂੰ ਖਾਣਾ ਅਤੇ ਰਿਹਾਇਸ਼ ਦਾ ਪ੍ਰਬੰਧ ਪੰਜਾਬ ਸਰਕਾਰ ਕਰੇਗੀ। ਇਸ ਮੌਕੇ ਉਨ੍ਹਾਂ ਨੇ ਵਾਰਡ ਦੇ ਇੰਚਾਰਜਾਂ ਨਾਲ ਅਜਨਾਲਾ ਸ਼ਹਿਰ ਵਿੱਚ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਨੂੰ ਲੈ ਕੇ ਇੱਕ ਹਗਾਮੀ ਮੀਟਿੰਗ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਬਹੁਤ ਜਲਦ ਅਜਨਾਲਾ ਸ਼ਹਿਰ ਪੰਜਾਬ ਦਾ ਇੱਕ ਨਮੂਨੇ ਦਾ ਸ਼ਹਿਰ ਹੋਵੇਗਾ। ਸਾਰੀਆਂ ਹੀ ਵਾਰਡਾਂ ਵਿੱਚ ਗਲੀਆਂ/ਨਾਲੀਆਂ ਸੀਵਰੇਜ ਪਾਣੀ ਹਰ ਤਰ੍ਹਾਂ ਦੇ ਕੰਮ ਆਰੰਭ ਕਰ ਦਿੱਤੇ ਗਏ ਹਨ। ਸੜਕਾਂ ਤਕਰੀਬਨ ਬਣ ਕੇ ਤਿਆਰ ਹੋ ਚੁੱਕੀਆਂ ਹਨ ਅਤੇ ਅਜਨਾਲਾ ਸ਼ਹਿਰ ਵਿੱਚ ਪਖਾਨੇ ਜੋ ਕਿ ਬਹੁਤ ਟਾਈਮ ਤੋਂ ਪਬਲਿਕ ਦੀ ਮੰਗ ਸੀ, ਵੀ ਬਣ ਗਏ ਹਨ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਅਜਨਾਲਾ ਤੋਂ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਅਮਿਤ ਪੁਰੀ, ਅੰਮ੍ਰਿਤ ਓਲ, ਗੁਰਿੰਦਰ ਸਿੰਘ ਗੁੱਜਰਪੁਰਾ, ਗੁਰਨਾਮ ਸਿੰਘ, ਗੋਰਾ ਸੱਗੂ, ਦੀਪਕ ਭੱਟੀ, ਸ਼ਮਸ਼ੇਰ ਸਿੰਘ ਸ਼ੇਰਾ, ਗੁਰਨਾਮ ਸਿੰਘ, ਸੁਖ ਦਿਆਲ ਸਿੰਘ ਭੱਖਾ, ਅਜੇ ਕੁਮਾਰ, ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਅਮਰਬੀਰ ਰਿੰਕੂ, ਮੈਡਮ ਗੀਤਾ ਗਿੱਲ ਅਤੇ ਵਿੱਕੀ ਅੱਡਾ ਇੰਚਾਰਜ ਹਾਜ਼ਰ ਸਨ।

# ਭਲਕ ਦੀ ਜੰਡਿਆਲਾ ਮਹਾਂ ਰੈਲੀ ਲਈ ਤਿਆਰੀਆਂ ਮੁਕੰਮਲ : ਕੰਗ/ਭਿੰਦਾ



ਮੀਆਂਵਿੰਡ (ਰਵੀ ਖਹਿਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਸ਼ਹੀਦ ਬਾਬਾ ਬਲਾਕਾ ਸਿੰਘ ਜੀ ਦੇ ਇਕਾਈ ਖਡੂਰ ਸਾਹਿਬ ਵੱਲੋਂ 2 ਜਨਵਰੀ ਨੂੰ ਜੰਡਿਆਲਾ ਵਿਖੇ ਹੋਣ ਵਾਲੀ ਮਹਾਂ ਰੈਲੀ ਦੀਆਂ ਤਿਆਰੀਆਂ ਦੀ ਇਕਾਈ ਖਡੂਰ ਸਾਹਿਬ ਦੇ ਪ੍ਰਧਾਨ ਦਲਬੀਰ ਸਿੰਘ ਡੁਬਈ ਵਾਲੇ ਦੀ ਅਗਵਾਈ ਹੇਠ ਵਿਸ਼ਾਲ ਮੀਟਿੰਗ ਲਗਾ ਕੇ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲ੍ਹਾ ਜਥੇਬੰਦਕ ਸਕੱਤਰ ਹਰਬਿੰਦਰਜੀਤ ਸਿੰਘ ਕੰਗ ਤੇ ਸੂਬਾ ਆਗੂ ਬੀਬੀ ਰਣਜੀਤ ਕੌਰ ਕੱਲਾ ਨੇ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚੇ (ਗੈਰ-ਰਾਜਨੀਤਕ) ਦੇ ਸਾਂਝੇ ਸੱਦੇ 'ਤੇ 2 ਜਨਵਰੀ ਨੂੰ ਜੰਡਿਆਲਾ ਗੁਰੂ ਦਾਣਾ ਮੰਡੀ ਵਿਖੇ ਮਹਾਂ ਰੈਲੀ ਦੀਆਂ ਤਿਆਰੀਆਂ ਦੇ ਚਲਦੇ ਦੱਸਿਆ ਕਿ ਮੋਦੀ ਸਰਕਾਰ ਕਿਸਾਨਾਂ ਅਤੇ ਖੇਤ ਮਜ਼ਦੂਰ ਨੂੰ ਖਤਮ ਕਰ ਖੇਤੀ ਸੈਕਟਰ ਤੇ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਵਿਚ ਲੱਗੀ ਹੋਈ ਹੈ ਪਰ ਜਥੇਬੰਦੀਆਂ ਵੱਡੇ ਸੰਘਰਸ਼ਾਂ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕਿਸਾਨ ਮਜ਼ਦੂਰ ਸਬੰਧੀ ਮੰਗਾਂ ਜਿਸ ਵਿੱਚ ਮੁਖ ਤੌਰ ਤੇ ਸਾਰੀਆਂ ਫਸਲਾਂ ਦੀ ਖਰੀਦ ਤੇ ਐੱਮਐੱਸਪੀ ਗਰੰਟੀ ਕਨੂੰਨ, ਸਵਾਮੀਨਾਥਨ ਕਮਿਸਨ ਦੀ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਸੀ 2 +50% ਨਾਲ, ਕਿਸਾਨ ਮਜ਼ਦੂਰ ਦੀ ਪੂਰਨ ਕਰਜ਼ ਮੁਕਤੀ, ਲਖੀਮਪੁਰ ਖੀਰੀ ਕਤਲਕਾਂਡ ਦਾ ਇਨਸਾਫ, ਵਿਸ਼ਵ ਵਪਾਰ ਸੰਸਥਾ ਦੇ ਸਮਝੌਤਿਆਂ ਵਿੱਚੋ ਭਾਰਤ ਬਾਹਰ ਹੋਵੇ। ਇਸ ਮੌਕੇ ਪ੍ਰੈੱਸ ਸਕੱਤਰ ਭੁਪਿੰਦਰ ਸਿੰਘ ਭਿੰਦਾ ਖਡੂਰ ਸਾਹਿਬ ਨੇ ਕਿਹਾ ਕਿ ਦਿੱਲੀ ਮੋਰਚੇ ਦੌਰਾਨ ਪਏ ਪੁਲਿਸ ਕੇਸ ਰੱਦ ਕਰਨ, ਬਿਜਲੀ ਬਿੱਲ 2020 ਨੂੰ ਪੂਰੀ ਤਰ੍ਹਾਂ ਰੱਦ ਕਰਨ, ਕਿਸਾਨ ਅਤੇ ਖੇਤ ਮਜ਼ਦੂਰ ਲਈ ਪੈਨਸ਼ਨ ਸਕੀਮ, ਫਸਲੀ ਬੀਮਾ ਯੋਜਨਾ ਲਾਗੂ ਕੀਤੀ ਜਾਵੇ, ਜ਼ਮੀਨ ਐਕੁਆਇਰ ਕਰਨ ਸਬੰਧੀ ਕਨੂੰਨ ਵਿਚ ਕੀਤਾ ਬਦਲਾਵ ਵਾਪਿਸ ਲੈ ਕੇ 2013 ਦੇ ਰੂਪ ਵਿਚ ਲਾਗੂ ਕਰਵਾਉਣ ਸਮੇਤ ਹੋਰ ਅਹਿਮ ਮੁੱਦਿਆਂ 'ਤੇ ਸਰਕਾਰ ਨਾਲ ਸੰਘਰਸ਼ ਕਰਨੇ ਪੈਣਗੇ। ਉਨ੍ਹਾਂ ਅਪੀਲ ਕੀਤੀ ਕਿ ਸਭ ਜਥੇਬੰਦਕ ਅਤੇ ਗੈਰ ਜਥੇਬੰਦਕ ਲੋਕ ਅੱਜ ਪਿੰਡਾਂ ਵਿਚਲੀ ਧੜੇਬਾਜ਼ੀ ਛੱਡ ਕੇ ਲੋਕ ਲਹਿਰ ਦਾ ਹਿੱਸਾ ਬਣੀਏ ਤੇ ਸਰਕਾਰਾ ਵੱਲੋਂ ਕੀਤੇ ਵਾਅਦੇ ਲਾਗੂ ਕਰਵਾਈਏ । ਇਸ ਮੌਕੇ ਕਸ਼ਮੀਰ ਸਿੰਘ ਮੈਂਬਰ ਪੰਚਾਇਤ, ਬਲਰਾਜ ਸਿੰਘ, ਬਲਬੀਰ ਸਿੰਘ, ਮੁਖਤਿਆਰ ਸਿੰਘ, ਗੁਰਦਿਆਲ ਸਿੰਘ, ਰਣਜੀਤ ਸਿੰਘ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਕੰਵਲਜੀਤ ਸਿੰਘ, ਕੁਲਵੰਤ ਸਿੰਘ, ਰਣਧੀਰ ਸਿੰਘ, ਧੀਰਾ ਹਰਜੀਤ ਸਿੰਘ ਠੇਕੇਦਾਰ, ਮੰਗਲ ਸਿੰਘ, ਮਨਜੀਤ ਸਿੰਘ, ਪ੍ਰਦੀਪ ਸਿੰਘ, ਬੀਬੀ ਗੁਰਮੀਤ ਕੌਰ, ਬੀਬੀ ਬਲਵਿੰਦਰ ਕੌਰ ਅਤੇ ਕੁਲਵਿੰਦਰ ਕੌਰ ਆਦਿ ਆਗੂ ਹਾਜ਼ਰ ਰਹੇ ।

# ਅਯੁੱਧਿਆ ਤੋਂ ਆਈ ਕਲਸ਼ ਯਾਤਰਾ ਦਾ ਅਜਨਾਲਾ ਪਹੁੰਚਣ 'ਤੇ ਨਿੱਘਾ ਸਵਾਗਤ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਮਾਜ ਸੇਵੀ ਐਡਵੋਕੇਟ ਸੰਦੀਪ ਕੌਸ਼ਲ ਅਤੇ ਗੀਤਕਾਰ ਦੀਪਕ ਕੌਸ਼ਲ ਨੇ ਦੱਸਿਆ ਕਿ ਅਯੁੱਧਿਆ 'ਚ ਰਾਮ ਜਨਮ ਭੂਮੀ ਵਿਖੇ ਮਨਾ ਰਹੇ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਮੰਦਰ ਨੂੰ ਸਮਰਪਿਤ ਕੱਢੀ ਜਾ ਰਹੀ ਰਾਮ ਭਗਤਾਂ ਵੱਲੋਂ ਕਲਸ਼ ਯਾਤਰਾ ਦਾ ਅਜਨਾਲਾ ਸ਼ਹਿਰ 'ਚ ਪੁੱਜਣ ਤੇ ਸਮੂਹ ਮੰਦਰ ਕਮੇਟੀਆਂ, ਧਾਰਮਿਕ ਸੇਵਾ ਸੰਗਠਨਾਂ ਰਾਜਸੀ ਅਤੇ ਸਮਾਜਿਕ, ਦੁਕਾਨਦਾਰ ਯੂਨੀਅਨ ਵੱਲੋਂ ਨਿੱਘਾ ਤੇ ਭਰਵਾਂ ਸਵਾਗਤ ਕੀਤਾ ਗਿਆ। ਕਲਸ਼ ਯਾਤਰਾ ਵਿੱਚ ਸ਼ਾਮਿਲ ਭਗਤਾਂ ਨੇ ਭਗਵਾਨ ਰਾਮ ਚੰਦਰ ਜੀ ਦੀ ਮਹਿਮਾ ਦਾ ਗੁਣਗਾਨ ਕਰਦਿਆਂ ਸਾਰੇ ਸ਼ਹਿਰ ਨੂੰ ਰਾਮ ਭਗਤੀ ਵਿੱਚ ਰੰਗ ਦਿੱਤਾ। ਕਲਸ਼ ਯਾਤਰਾ ਦਾ ਅਜਨਾਲੇ ਦੇ ਮੇਨ ਚੌਕ ਵਿੱਚ ਪਹੁੰਚਣ 'ਤੇ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਦੀ ਨੂੰਹ ਅਮਨਦੀਪ ਕੌਰ ਧਾਲੀਵਾਲ, ਪੀਏ ਗੁਰਜੰਟ ਸਿੰਘ ਸੋਹੀ, ਓਐੱਸਡੀ ਚਰਨਜੀਤ ਸਿੰਘ ਸੰਧੂ, ਨਗਰ ਪੰਚਾਇਤ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਅਜਨਾਲਾ ਸ਼ਹਿਰੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਅਮਿਤ ਪੁਰੀ, ਅਮਿਤ ਔਲ, ਗੁਰਿੰਦਰ ਸਿੰਘ ਗੁੱਜਰਪੁਰਾ, ਗੁਰਨਾਮ ਸਿੰਘ, ਦੀਪਕ ਭੱਟੀ, ਗੋਰਾ ਸੱਗੂ, ਅਮਰ ਬੀਰ ਸਿੰਘ ਰਿੰਕੂ, ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਵਿੱਕੀ, ਅੱਡਾ ਇੰਚਾਰਜ ਅਜੇ ਕੁਮਾਰ, ਸੁਖਦਿਆਲ ਸਿੰਘ ਭੱਖਾ, ਮੈਡਮ ਗੀਤਾ ਗਿੱਲ ਵੱਲੋਂ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਵੱਲੋਂ ਚੁਗਾਵਾਂ ਰੋਡ ਵਿਖੇ ਦੀਪੂ ਅਰੋੜਾ ਦੀ ਦੁਕਾਨ 'ਤੇ ਵੀ ਕਲਸ਼ ਯਾਤਰਾ ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਅਜਨਾਲੇ ਤੋਂ ਸਾਬਕਾ ਵਿਧਾਇਕ, ਭਾਰਤੀ ਜਨਤਾ ਪਾਰਟੀ ਦੇ ਓਬੀਸੀ ਮੋਰਚਾ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ ਅਤੇ ਉਨ੍ਹਾਂ ਦੀ ਟੀਮ ਕੌਂਸਲਰ ਵਿਕਰਮ ਬੇਦੀ, ਡਾਕਟਰ ਦੀਪਕ ਸਰਪਾਲ, ਦੀਪੂ ਅਰੋੜਾ, ਪ੍ਰਦੀਪ ਕੁਮਾਰ ਬੰਟਾ, ਵਿਜੇ ਕੁਮਾਰ ਸਰੀਨ, ਧਰਮਿੰਦਰ ਪ੍ਰਿੰਸ, ਵਿਨੋਦ ਸਰੀਨ, ਵਿਨੋਦ ਕੁਮਾਰ ਅਰੋੜਾ, ਰਜੇਸ਼ ਚੌਹਾਨ ਆਦਿ ਨੇ ਬੀਜੇਪੀ ਵੱਲੋਂ ਕਲਸ਼ ਯਾਤਰਾ ਦਾ ਸਵਾਗਤ ਕੀਤਾ। ਇਸੇ ਲੜੀ ਦੇ ਚਲਦਿਆਂ ਅਜਨਾਲੇ ਤੋਂ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਕਾਂਗਰਸ ਪਾਰਟੀ ਦੇ ਮੋਹਤਬਰ ਅਤੇ ਸਾਬਕਾ ਕੌਂਸਲਰਾਂ ਨੇ ਸਵਾਗਤ ਕੀਤਾ ਜਿਸ ਵਿੱਚ ਅਜਨਾਲਾ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ, ਪ੍ਰਵੀਨ ਕੁਮਾਰ ਕੁਕਰੇਜਾ, ਦਰਸ਼ਨ ਲਾਲ, ਵਿਜੇ ਕੁਮਾਰ, ਮਨਿੰਦਰ ਸਿੰਘ ਸਰਾਫ ਆਦਿ ਹਾਜ਼ਰ ਸਨ ਅਤੇ ਮੰਦਰ ਕਮੇਟੀ ਅਤੇ ਸ਼ਿਵ ਮੰਦਰ ਕਮੇਟੀ ਅਜਨਾਲਾ ਦੇ ਪ੍ਰਧਾਨ ਰੂਪ ਲਾਲ ਮੈਦਾਨ, ਜਨਰਲ ਸੈਕਟਰੀ ਰਾਮਪਾਲ ਦੇਵਗਨ, ਐਡਵੋਕੇਟ ਸੰਦੀਪ ਕੌਸ਼ਲ, ਕੈਸ਼ੀਅਰ ਮਾਸਟਰ ਅਜੀਤ ਕੁਮਾਰ, ਵਿੱਕੀ ਕੁੰਦਰਾ ਅਤੇ ਗਾਇਕ ਦੀਪਕ ਕੌਸ਼ਲ ਹਾਜ਼ਰ ਸਨ। ਅਮਰਨਾਥ ਲੰਗਰ ਕਮੇਟੀ ਤੋਂ ਪ੍ਰਧਾਨ ਰਜੀਵ ਕੁਮਾਰ ਪਰਾਸ਼ਰ, ਐੱਮ. ਕੁਮਾਰ ਲੱਕੀ, ਸੁਰਜੀਤ ਕੁਮਾਰ ਦੇਵਗਨ, ਰਾਕੇਸ਼ ਕੁਮਾਰ ਰਿੰਕੂ ਅਤੇ ਹੋਰ ਬਹੁਤ ਸਾਰੇ ਸੇਵਾਦਾਰ ਮੌਜੂਦ ਸਨ।

# ਪੰਜਾਬ ਫੋਟੋਗ੍ਰਾਫੀ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦੀ ਨਵੀਂ ਟੀਮ ਦਾ ਐਲਾਨ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਫੋਟੋਗ੍ਰਾਫੀ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸੰਜੀਵ ਡੋਗਰਾ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੀ ਨਵੀਂ ਟੀਮ ਦਾ ਐਲਾਨ ਕੀਤਾ ਗਿਆ। ਮੀਟਿੰਗ ਵਿਚ ਸਰਬਸੰਮਤੀ ਨਾਲ ਗੁਰਦਾਸਪੁਰ ਦਾ ਪ੍ਰਧਾਨ ਸੁਨੀਲ ਸੈਮ, ਮੀਤ ਪ੍ਰਧਾਨ ਬਲਜਿੰਦਰ ਸਿੰਘ, ਜਨਰਲ ਸਕੱਤਰ ਰਾਜੇਸ਼ ਡੋਗਰਾ, ਕੁਲਜੀਤ ਕੈਸ਼ੀਅਰ, ਅਵਿਨਾਸ਼ ਕੁਮਾਰ ਤੇ ਅਮਨਦੀਪ ਮੀਡਿਆ ਇੰਚਾਰਜ, ਰਾਕੇਸ਼ ਬਿੱਟੂ, ਜ਼ਿਲ੍ਹਾ ਪ੍ਰਧਾਨ ਨਵਪ੍ਰੀਤ ਸਿੰਘ, ਸੈਕਟਰੀ ਮਲਕੀਤ ਸਿੰਘ ਤੇ ਸਚਿਨ ਕੁਮਾਰ ਨੂੰ ਬਣਾਇਆ ਗਿਆ। ਇਸ ਮੌਕੇ ਪਵਨ ਸਿੰਘ, ਨੀਰਜ ਕੁਮਾਰ, ਵਿਕਰਮ ਕੁਮਾਰ, ਜਸਪਾਲ ਜੀਪੀ, ਰਾਜੀਵ ਕੁਮਾਰ ਭੋਲੂ, ਨਿਰਮਲ ਸਿੰਘ, ਸੁਲਝ ਕੁਮਾਰ ਆਦਿ ਵੀ ਹਾਜ਼ਰ ਸਨ।

# ਜਗਤਾਰ ਮਸੀਹ ਦੇ ਵਾਰਸਾਂ ਵੱਲੋਂ ਸੜਕ 'ਚ ਲਾਸ਼ ਰੱਖ ਕੇ ਆਵਾਜਾਈ ਠੱਪ



ਮਜੀਠਾ (ਸੋਇਮ ਆਨੰਦ)-ਮਜੀਠਾ ਹਲਕੇ ਦੇ ਪਿੰਡ ਮਹੱਦੀਪੁਰ ਵਿੱਚ ਪਿਛਲੇ ਦਿਨ 50 ਸਾਲਾ ਇੱਕ ਵਿਅਕਤੀ ਦੀ ਭੇਦਭਰੀ ਹਾਲਤ 'ਚ ਹੋਈ ਮੌਤ 'ਤੇ ਮ੍ਰਿਤਕ ਦੇ ਵਾਰਸਾਂ ਵੱਲੋਂ ਸੜਕੀ ਆਵਾਜਾਈ ਰੋਕ ਕੇ ਨਾਅਰੇਬਾਜ਼ੀ ਕੀਤੀ ਗਈ। ਮਹੱਦੀਪੁਰ ਦੇ ਜਗਤਾਰ ਮਸੀਹ ਪੁੱਤਰ ਕਰਸ਼ੀਦ ਮਸੀਹ ਦੀ ਭੇਦਭਰੀ ਹਾਲਤ ਵਿੱਚ ਹੋਈ ਮੌਤ ਤੇ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਆਪਣੇ ਕਬਜ਼ੇ ਵਿੱਚ ਲੈ ਕੇ ਧਾਰਾ 174 ਦੀ ਕਾਰਵਾਈ ਕਰਦਿਆਂ ਪੋਸਟਮਾਰਟਮ ਕਰਾਉਣ ਤੋ ਬਾਅਦ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਸੀ। ਮ੍ਰਿਤਕ ਦੇ ਵਾਰਸਾਂ ਆਕਾਸ਼ਦੀਪ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਤੇ ਲੱਖਾ ਸਿੰਘ ਪੁੱਤਰ ਜਗਦੀਸ਼ ਸਿੰਘ 'ਤੇ ਜਗਤਾਰ ਮਸੀਹ ਨੂੰ ਮਾਰਨ ਦੇ ਦੋਸ਼ ਲਗਾਏ ਗਏ ਸਨ। ਮ੍ਰਿਤਕ ਦੇ ਵਾਰਸਾਂ ਜਿਨ੍ਹਾਂ ਵਿੱਚ ਮੁਖਤਾਰ ਮਸੀਹ ਉਰਫ ਮਿੰਟਾ (ਭਰਾ), ਸਾਜਨ ਮਸੀਹ, ਸਾਗਰ ਮਸੀਹ ਤੇ ਰਾਜਨ ਮਸੀਹ ਤਿੰਨੇ ਪੁੱਤਰ, ਪਤਨੀ ਕਮਲਾ ਵਲੋਂ ਪੁਲਸ ਦੀ ਮਾੜੀ ਕਾਰਗੁਜ਼ਾਰੀ ਕਾਰਨ ਵਾਇਆ ਸੰਗਤਪੁਰਾ ਤੋਂ ਅੰਮ੍ਰਿਤਸਰ ਫਤਿਹਗੜ੍ਹ ਚੂੜੀਆਂ ਰੋਡ ਪਿੰਡ ਪੰਧੇਰ ਦੇ ਮੁੱਖ ਚੌਕ ਵਿੱਚ ਮ੍ਰਿਤਕ ਦੀ ਲਾਸ਼ ਰੱਖ ਕੇ ਸਵੇਰੇ ਤੋਂ ਘੰਟਿਆਂਬੱਧੀ ਆਵਾਜਾਈ ਰੋਕੀ ਗਈ ਤੇ ਪੁਲਸ ਪ੍ਰਸ਼ਾਸਨ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਧਰਨਾਕਾਰੀਆਂ ਵੱਲੋਂ ਲਗਾਏ ਗਏ ਧਰਨੇ ਦਾ ਆਮ ਜਨਤਾ, ਰਾਹਗੀਰਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਹਾਮਣਾ ਕਰਨਾ ਪਿਆ ਜਿਸ ਤੋਂ ਬਾਅਦ ਧਰਨਾ ਚੁਕਵਾਉਣ ਲਈ ਸਬ ਡਵੀਜ਼ਨ ਮਜੀਠਾ ਦੇ ਡੀਐੱਸਪੀ ਕਵਲਪ੍ਰੀਤ ਸਿੰਘ ਮੰਡ ਵਲੋਂ ਧਰਨਾਕਾਰੀਆਂ ਕੋਲ ਪਹੁੰਚ ਕੇ ਉਕਤ ਦੱਸੇ ਗਏ ਵਿਅਕਤੀਆਂ ਦੇ ਨਾਮ 'ਤੇ ਮੁਕੱਦਮਾ ਦਰਜ ਕਰਨ ਤੇ ਪੋਸਟਮਾਰਟਮ ਦੀ ਰਿਪੋਰਟ 'ਤੇ ਜਾਂਚ ਕਰਨ ਉਪਰੰਤ ਬਣਦੀ ਕਾਰਵਾਈ ਕਰਨ ਦਾ ਵਿਸ਼ਵਾਸ ਦਿਵਾਉਣ ਉਪਰੰਤ ਧਰਨਾਕਾਰੀਆਂ ਵੱਲੋਂ ਧਰਨਾ ਚੁੱਕਿਆ ਗਿਆ ਤੇ ਆਵਾਜਾਈ ਬਹਾਲ ਕੀਤੀ ਗਈ।

# ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਮਾਪਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਲਾਸ ਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿੱਚ ਸੱਤ ਰੋਜ਼ਾ ਐੱਨਐੱਸਐੱਸ ਕੈਂਪ ਲਗਾਇਆ ਗਿਆ। ਇਹ ਕੈਂਪ ਮਿਤੀ 22-12-2023 ਤੋਂ ਸ਼ੁਰੂ ਹੋ ਕੇ 28-12-2023 ਤੱਕ ਨਿਰਵਿਘਨ ਚਲਦਿਆਂ ਸਮਾਪਤ ਹੋਇਆ। ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਰਾਜੇਸ਼ ਸ਼ਰਮਾ (ਸੀਨੀਅਰ ਵੈਟਰਨਰੀ ਆਫਿਸਰ, ਬਟਾਲਾ) ਅਤੇ ਪ੍ਰਿੰਸੀਪਲ ਸ਼ਾਲਿਨੀ ਦੱਤਾ (ਐਕਸ ਮੈਂਬਰ ਆਫ ਵੂਮੈਨ ਕੌਂਸਲਰ, ਪੰਜਾਬ) ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਐੱਨਐੱਸਐੱਸ ਦੀ ਮਹੱਤਤਾ ਤੇ ਭਾਸ਼ਣ ਅਤੇ ਕੈਂਪ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ। ਸਮਾਰੋਹ ਦੌਰਾਨ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੇ ਗੀਤ ਅਤੇ ਕਵੀਸ਼ਰੀ ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ। ਅੰਮ੍ਰਿਤਪਾਲ ਸਿੰਘ, ਮਹਿਕ ਸੋਹਲ ਅਤੇ ਕੀਰਤੀ ਭਗਤ ਕੈਂਪ ਦੇ ਸਰਵ ਸ੍ਰੇਸ਼ਟ ਕੈਂਪਰਜ਼ ਦੀ ਟਰਾਫੀ ਨਾਲ ਸਨਮਾਨਿਤ ਕੀਤੇ ਗਏ। ਮੁੱਖ ਮਹਿਮਾਨ ਡਾਕਟਰ ਰਾਜੇਸ਼ ਸ਼ਰਮਾ ਨੇ ਵਲੰਟੀਅਰਜ਼ ਨੂੰ ਸ਼ਾਬਾਸ਼ੀ ਦਿੱਤੀ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਨੇ ਬੱਚਿਆਂ ਨੂੰ ਦੱਸਿਆ ਕਿ ਅਜਿਹੇ ਕੈਂਪ ਬੱਚਿਆਂ ਨੂੰ ਸਵੈ-ਨਿਰਭਰ ਅਤੇ ਵਾਤਾਵਰਨ ਪ੍ਰੇਮੀ ਬਣਾਉਂਦੇ ਹਨ। ਇਹ ਕੈਂਪ ਬੱਚਿਆਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹਨ। ਪ੍ਰਿੰਸੀਪਲ ਸ਼ਾਲਿਨੀ ਦੱਤਾ ਨੇ ਬੱਚਿਆਂ ਵੱਲੋਂ ਕੈਂਪ ਦੌਰਾਨ ਕੀਤੀ ਸਫਾਈ ਅਤੇ ਅਨੁਸ਼ਾਸਨ ਦੀ ਪ੍ਰਸ਼ੰਸਾ ਕੀਤੀ। ਕੈਂਪ ਦੇ ਅਖੀਰਲੇ ਦਿਨ ਯੁਵਕ ਸੇਵਾਵਾਂ ਯੋਜਨਾ, ਜਲੰਧਰ ਦੇ ਅਸਿਸਟੈਂਟ ਡਾਇਰੈਕਟਰ ਜਸਪਾਲ ਵੱਲੋਂ ਕੈਂਪ ਦਾ ਨਿਰੀਖਣ ਕੀਤਾ ਗਿਆ ਅਤੇ ਉਨ੍ਹਾਂ ਦੁਆਰਾ ਕੈਂਪ ਦੀਆਂ ਸਾਰੀਆਂ ਗਤੀਵਿਧੀਆਂ ਸੰਤੁਸ਼ਟੀਜਨਕ ਪਾਈਆਂ ਗਈਆਂ। ਇਸ ਮੌਕੇ (ਪ੍ਰੋਗਰਾਮਿੰਗ ਅਫਸਰ) ਪਰਮਿੰਦਰ ਕੌਰ ਅਤੇ ਹਰਦੀਪ ਸਿੰਘ ਦੁਆਰਾ ਮੁੱਖ ਮਹਿਮਾਨਾਂ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ, ਗੁਲਸ਼ਨ ਕੁਮਾਰ, ਭਾਰਤੀ, ਬਲਵਿੰਦਰ ਕੌਰ ਅਤੇ ਮਿਸ ਸ਼ਿਵਾਨੀ ਆਦਿ ਅਧਿਆਪਕ ਸ਼ਾਮਿਲ ਸਨ।

# ਹੜ੍ਹਾਂ ਦੌਰਾਨ ਟੁੱਟੀ ਪੁਲੀ ਦੀ ਲੋਕਾਂ ਵੱਲੋਂ ਕੀਤੀ ਗਈ ਮੁਰੰਮਤ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕੁਝ ਮਹੀਨੇ ਪਹਿਲਾਂ ਬੇਟ ਖੇਤਰ ਵਿਚ ਆਏ ਹੜ੍ਹਾਂ ਦੌਰਾਨ ਜਿੱਥੇ ਬਹੁਤ ਸਾਰੀਆਂ ਸੜਕਾਂ ਟੁੱਟ ਕੇ ਤਬਾਹ ਹੋ ਗਈਆਂ ਉੱਥੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣੀਆਂ ਪੁਲੀਆਂ ਟੁੱਟ ਗਈਆਂ ਹਨ ਜਿਸ ਕਾਰਨ ਲੋਕਾਂ ਨੂੰ ਆਉਣ-ਜਾਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਪਿੰਡ ਸ਼ੇਰਪੁਰ ਬਸਤੀ ਨੇੜ੍ਹੇ ਹੜ੍ਹਾਂ ਦੀ ਮਾਰ ਕਾਰਨ ਪੁਲੀ ਰੁੜ ਗਈ ਸੀ ਜਿਸ ਨੂੰ ਲੋਕਾਂ ਨੇ ਆਪਸ ਵਿਚ ਇਕੱਠੇ ਹੋ ਕੇ ਮੁਰੰਮਤ ਕਰਨ ਦਾ ਫੈਸਲਾ ਲਿਆ। ਦਰਗਾਹ ਪੀਰ ਬਾਬਾ ਫਲਾਹੀ ਸ਼ੇਰਪੁਰ ਦੇ ਮੁੱਖ ਸੇਵਾਦਾਰ ਬਾਬਾ ਦੀਪਾ ਵਲੋਂ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ ਇਸ ਰੁੜ ਗਈ ਪੁਲੀ ਨੂੰ ਮਿੱਟੀ ਪਾ ਕੇ ਆਵਾਜਾਈ ਦੇ ਯੋਗ ਬਣਾਇਆ ਗਿਆ। ਪਿੰਡ ਦੇ ਸਾਬਕਾ ਸਰਪੰਚ ਜੋਗਿੰਦਰ ਸਿੰਘ ਪੋਲਾ, ਬੂਟਾ ਸਿੰਘ, ਹਰਜਿੰਦਰ ਸਿੰਘ ਸ਼ੇਰਗੜ੍ਹ ਨੇ ਦੱਸਿਆ ਕਿ ਇਸ ਰੁੜ੍ਹ ਗਈ ਪੁਲੀ ਕਾਰਨ ਕਿਸਾਨਾਂ ਨੂੰ ਗੰਨੇ ਦੀਆਂ ਟਰਾਲੀਆਂ ਲੰਘਾਉਣ ਵਿਚ ਬੜੀ ਮੁਸ਼ਕਿਲ ਆ ਰਹੀ ਸੀ ਕਿਉਂਕਿ ਉਨ੍ਹਾਂ ਵਲੋਂ ਇਹ ਫਸਲ ਲੈ ਕੇ ਹੁਣ ਮਿੱਲਾਂ ਵਿਚ ਵੇਚਣ ਲਈ ਜਾਣੀ ਸੀ।

ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੇ ਪ੍ਰਸ਼ਾਸਨ ਕੋਲ ਕਾਫ਼ੀ ਪਹੁੰਚ ਕੀਤੀ ਪਰ ਪੁਲੀ ਦੀ ਮੁਰੰਮਤ ਨਾ ਹੋਈ ਜਿਸ 'ਤੇ ਲੋਕਾਂ ਨੇ ਹੁਣ ਖੁਦ ਮਿੱਟੀ ਪਾ ਕੇ ਇਸ ਨੂੰ ਆਵਾਜਾਈ ਯੋਗ ਬਣਾਇਆ ਤਾਂ ਜਾ ਕੇ ਗੰਨੇ ਦੀਆਂ ਟਰਾਲੀਆਂ ਲੰਘਣ ਲੱਗੀਆਂ। ਕਿਸਾਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਕੁਝ ਮਹੀਨਿਆਂ ਬਾਅਦ ਫਿਰ ਬਾਰਿਸ਼ਾਂ ਦਾ ਮੌਸਮ ਆਉਣ ਵਾਲਾ ਹੈ ਜਿਸ ਤੋਂ ਪਹਿਲਾਂ ਇਸ ਪੁਲੀ ਦਾ ਨਵ-ਨਿਰਮਾਣ ਕੀਤਾ ਜਾਵੇ।

# ਬੱਚਿਆਂ ਨੂੰ ਕੁਰਬਾਨੀਆਂ ਨਾਲ ਲਬਰੇਜ਼ ਇਤਿਹਾਸ ਤੋਂ ਜਾਣੂ ਕਰਵਾਉਣ ਦੀ ਲੋੜ :ਡਾ ਮੱਟੂ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)–ਹਲਕਾ ਸ਼ੁਤਰਾਣਾ ਦੇ ਕਸਬਾ ਘੱਗਾ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਗੁਰਦੁਆਰਾ ਗਿਆਨ ਸਾਗਰ ਦੀ ਪ੍ਰਬੰਧਕ ਕਮੇਟੀ ਅਤੇ ਨੌਜਵਾਨਾਂ ਵੱਲੋਂ ਸੰਗਤਾਂ ਲਈ ਗੁਰੂ ਕੇ ਲੰਗਰ ਲਗਾਏ ਗਏ ।ਇਸ ਮੌਕੇ ਗੁਰੂ ਕੇ ਲੰਗਰਾਂ ਵਿੱਚ ਹਾਜ਼ਰੀ ਲਗਵਾਉਂਦਿਆਂ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਉਸ ਕੌਮ ਨੂੰ ਦੁਨੀਆ ਦੇ ਨਕਸ਼ੇ ਤੋਂ ਕੋਈ ਨਹੀਂ ਮਿਟਾ ਸਕਦਾ ਜਿਸ ਕੌਮ ਨੂੰ ਆਪਣਾ ਇਤਿਹਾਸ ਯਾਦ ਹੋਵੇ ।

ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਸਾਡੇ ਕੁਰਬਾਨੀਆਂ ਨਾਲ ਲਬਰੇਜ਼ ਸਿੱਖ ਇਤਿਹਾਸ ਬਾਰੇ ਜਾਣੂ ਕਰਵਾਉਣਾ ਚਾਹੀਦਾ ਕਿ ਕਿਸ ਤਰਾਂ ਸਾਡੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਨੇ ਮਨੁੱਖੀ ਅਧਿਕਾਰਾਂ ਅਤੇ ਸਿੱਖ ਕੌਮ ਦੀ ਸਥਾਪਤੀ ਲਈ ਆਪਾ ਵਾਰ ਦਿੱਤਾ । ਇਸ ਮੌਕੇ ਹਾਜ਼ਰ ਨੁਮਾਇੰਦਿਆਂ ਵਿੱਚ ਸੁਰਿੰਦਰ ਸਿੰਘ, ਸਤਪਾਲ ਸਿੰਘ, ਕੁਲਦੀਪ ਸਿੰਘ, ਨਛੱਤਰ ਸਿੰਘ, ਲਾਡੀ ਘੱਗਾ, ਬਬਲਾ ਘੱਗਾ, ਬਿੰਦਰ ਸਿੰਘ ਆਦਿ ਹਾਜ਼ਰ ਸਨ।


## ਇਸ਼ਤਿਹਾਰ

**ਦੀ ਕੋਟ ਬਾਦਲ ਖਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ ਕੋਟ ਬਾਦਲ ਖਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ**

ਵਿਸ਼ਾ - ਸਭਾ ਵਿੱਚ ਡੀ ਸੀ ਰੇਟਾਂ 'ਤੇ ਮਿਤੀ 12/01/2024 ਨੂੰ ਸੇਲਜ਼ਮੈਨ ਭਰਤੀ ਕਰਨ ਸਬੰਧੀ।
ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਖਾਲੀ ਅਸਾਮੀ 'ਤੇ ਸੇਲਜ਼ਮੈਨ ਦੀ ਭਰਤੀ ਡੀ. ਸੀ. ਰੇਟਾਂ 'ਤੇ ਕਰਨੀ ਹੈ। ਇੰਟਰਵਿਊ ਮਿਤੀ 12/01/ 2024 ਸਵੇਰੇ 10 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ। ਭਰਤੀ ਸਬੰਧੀ ਯੋਗਤਾ ਤੇ ਸ਼ਰਤਾਂ :-
(1) ਉਮੀਦਵਾਰ ਦੀ ਉਮਰ ਸਾਲ 18 ਤੋਂ 37 ਸਾਲ ।
(2) ਉਮੀਦਵਾਰ ਬੀ ਏ ਪਾਸ ਹੋਵੇ ਅਤੇ ਕੰਪਿਊਟਰ ਦਾ ਕੋਰਸ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਕੀਤਾ ਹੋਵੇ ਅਤੇ ਇੱਕ ਸਾਲ ਦਾ ਸੁਸਾਇਟੀ ਵਿੱਚ ਕੰਮ ਕਰਨ ਦਾ ਤਜਰਬਾ ਹੋਵੇ।
(3) ਉਮੀਦਵਾਰ ਕਿਸੇ ਵੀ ਸੰਸਥਾ ਤੋਂ ਅਯੋਗ ਕਰਾਰ ਨਾ ਦਿੱਤਾ ਹੋਵੇ।
(4) ਉਮੀਦਵਾਰ ਦਾ ਪਿਛੋਕੜ ਪੇਂਡੂ ਹੋਣਾ ਚਾਹੀਦਾ ਹੈ ।
(5) ਉਮੀਦਵਾਰ ਆਪਣੀ ਅਰਜ਼ੀ ਅਤੇ ਆਪਣੀ ਯੋਗਤਾ ਸਬੰਧੀ ਤਸਦੀਕਸ਼ੁਦਾ ਕਾਪੀਆਂ ਮਿਤੀ 05.01.2024 ਤੱਕ ਸਭਾ ਦੇ ਦਫਤਰ ਪ੍ਰਧਾਨ ਸਭਾ ਕੋਲ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 2 ਵਜੇ ਤੱਕ ਦੇ ਸਕਦੇ ਹਨ। ਇਸ ਮਿਤੀ ਤੋਂ ਬਾਅਦ ਕੋਈ ਵੀ ਦਰਖਾਸਤ ਨਹੀਂ ਲਈ ਜਾਵੇਗੀ ।
(6) ਉਮੀਦਵਾਰ ਦੀ ਭਰਤੀ ਕਰਨ ਅਤੇ ਨਾ ਕਰਨ ਬਾਰੇ ਹੱਕ ਸਿਲੈਕਸ਼ਨ ਕਮੇਟੀ ਪਾਸ ਰਾਖਵੇਂ ਹੋਣਗੇ ।

**ਦੀ ਕੋਟ ਬਾਦਲ ਖਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ ਕੋਟ ਬਾਦਲ ਖਾਂ, ਤਹਿਸੀਲ, ਫਿਲੌਰ ਜ਼ਿਲ੍ਹਾ ਜਲੰਧਰ**

# ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਮੈਂ, ਪਰਮਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਕੰਨੀਆਂ ਖੁਰਦ, ਤਹਿਸੀਲ ਸ਼ਾਹਕੋਟ (ਜਲੰਧਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Change of Name

I, Paras Paul S/o Anoop Paul R/o H.No. 31/1, Chakri Bazar, Palla Mohalla, Batala, Distt. Gurdaspur have changed my name Paras Paul to Paras (Given Name) Paul (Surname). Concerned Note.

I, Reeta Kumari W/o Surinder Kumar R/o H.No. 30 New Deol Nagar, Block No. 37, Ward No. 59, Jalandhar-144003 Punjab, certified that Reeta Kumari as well as Reeta is one and same person.

I, Manjeet Kaur w/o Mewa Ram R/o Sant Sarwan Dass Nagar, Hadiabad, Phagwara, Kapurthala, Punjab have changed my name spelling to Manjit Kaur. All Please Note.

## Change of Name

I, Sunita alias Rita Kaur d/o Harbhajan w/o Hajura Singh r/o VPO. Powadra, Phillaur, Jalandhar changed my name to Rita Kaur (Given name as Rita and Surname as Kaur) All Please Note.

I, Charan Jit w/o Harbhajan Singh r/o VPO. Sandharan Sodian, Distt. Hoshiarpur Changed my name from Charan Jit to Charanjit Kaur. All Please Note.

I, Darmit Kaur w/o Sansar Singh r/o VPO. Sandharan Sodian, Hoshiarpur Changed my name from Darmit Kaur to Gurmeet Kaur. All Please Note.

I, Lovekush Verma s/o Pancham Mahto r/o Street No. 3, Ram Mandir, Parshuram Nagar, Po. Reru, Jalandhar have changed my name to Lovekush Mahto. All Please Note.

I, Gurvinder Singh s/o Harjinder Singh Bansal r/o VPO. Manko, Distt.Jalandhar have added my surname as Gurvinder Singh Bansal. All Please Note.

I, Baldev Singh s/o Kishan Singh R/o VPO.Kishanpur, Distt.Jalandhar have changed my name from Baldev Singh to Baldev Singh Dhami. All Please Note.

## ਆਮ ਸੂਚਨਾ

ਮੈਂ, ਆਰਤੀ ਸ਼ਰਮਾ ਪਤਨੀ ਵਿਨੈ ਸ਼ਰਮਾ ਪੁੱਤਰ ਨਾਥਾ ਰਾਮ ਵਾਸੀ ਮਕਾਨ ਨੰ. ਈ. ਜੀ-1026-ਬੀ, ਮੁਹੱਲਾ ਗੋਬਿੰਦਗੜ੍ਹ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਅਭੀਸ਼ੇਕ ਸ਼ਰਮਾ ਅਤੇ ਉਸਦੀ ਪਤਨੀ ਨਿਸ਼ਾ ਸ਼ਰਮਾ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਭੀਸ਼ੇਕ ਸ਼ਰਮਾ ਅਤੇ ਉਸਦੀ ਪਤਨੀ ਨਿਸ਼ਾ ਸ਼ਰਮਾ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦੀ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ, ਵਿਨੈ ਸ਼ਰਮਾ ਪੁੱਤਰ ਨਾਥਾ ਰਾਮ ਵਾਸੀ ਮਕਾਨ ਨੰ. ਈ. ਜੀ-1026-ਬੀ, ਮੁਹੱਲਾ ਗੋਬਿੰਦਗੜ੍ਹ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਅਭੀਸ਼ੇਕ ਸ਼ਰਮਾ ਅਤੇ ਉਸਦੀ ਪਤਨੀ ਨਿਸ਼ਾ ਸ਼ਰਮਾ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਭੀਸ਼ੇਕ ਸ਼ਰਮਾ ਅਤੇ ਉਸਦੀ ਪਤਨੀ ਨਿਸ਼ਾ ਸ਼ਰਮਾ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

## Change of Name

I, Inderpreet Singh S/o Harvinder Singh R/o H.No. 2001 C, Urban Estate, Phase-2, Jalandhar, Punjab, India have changed my daugher's name from Jasnoor Kaur to Kaur Jasnoor. All concerned please note.


## ਪੰਜਾਬ 'ਚ ਜਲਦ ਖੋਲ੍ਹੇ ਜਾਣਗੇ ਯੂ ਪੀ ਐਸ ਸੀ ਕੋਚਿੰਗ ਸੈਂਟਰ : ਬਲਕਾਰ ਸਿੰਘ

ਜਲੰਧਰ (ਸੁਰਿੰਦਰ ਕੁਮਾਰ)-ਸਥਾਨਕ ਜਲੰਧਰ ਵਿੱਚ ਪੁਹੰਚੇ ਪੰਜਾਬ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਵਲੋਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ 'ਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ। ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਨੌਜਵਾਨਾਂ ਖਾਸ ਕਰਕੇ ਵਿਦਿਆਰਥੀਆਂ ਨੂੰ ਰਾਸ਼ਟਰ ਨਿਰਮਾਣ ਅਤੇ ਦੇਸ਼ ਨੂੰ ਵਿਸ਼ਵ ਦੀ ਸਭ ਤੋਂ ਵੱਡੀ ਸ਼ਕਤੀ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਗਿਆ।ਏ ਪੀ ਜੇ ਸਕੂਲ ਵਿਖੇ ਵਿਦਿਆਰਥੀਆਂ ਦੇ ਇਨਾਮ ਵੰਡ ਸਮਾਗਮ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਦੇਸ਼ ਅਤੇ ਸੂਬੇ ਨੂੰ ਤਰੱਕੀ ਅਤੇ ਖੁਸ਼ਹਾਲੀ ਦੇ ਰਾਹ 'ਤੇ ਲਿਆਉਣ ਨੂੰ ਯਕੀਨੀ ਬਣਾਇਆ ਜਾਵੇ ਜਿਸ 'ਚ ਨੌਜਵਾਨਾਂ ਨੂੰ ਰਾਸ਼ਟਰ ਦੇ ਨਿਰਮਾਤਾ ਵਜੋਂ ਭੂਮਿਕਾ ਨਿਭਾਉਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਹੁਣ ਨੌਜਵਾਨਾਂ ਦੀ ਜਿੰਮੇਵਾਰੀ ਹੈ ਕਿ ਦੇਸ਼ ਨੂੰ ਸਖ਼ਤ ਮਿਹਨਤ, ਲਗਨ, ਨਵੇਂ ਵਿਚਾਰਾਂ ਅਤੇ ਖੋਜਾਂ ਰਾਹੀਂ ਖੁਸ਼ਹਾਲ ਤੇ ਵਿਕਸਤ ਬਣਾਉਣ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ 'ਚ ਅਥਾਹ ਸਮਰੱਥਾ ਹੈ ਅਤੇ ਇਹ ਸੈਂਟਰ ਯੂ ਪੀ ਐਸ ਸੀ ਵਲੋਂ ਲਏ ਜਾਂਦੇ ਇਮਤਿਹਾਨਾਂ 'ਚ ਸਫ਼ਲ ਹੋਣ ਵਿੱਚ ਮਦਦਗਾਰ ਸਾਬਿਤ ਹੋਣਗੇ।ਉਨ੍ਹਾਂ ਇਹ ਵੀ ਦੱਸਿਆ ਕਿ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ 117 ਵਿਧਾਨ ਸਭਾ ਹਲਕਿਆਂ ਵਿੱਚ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਵੱਲੋਂ ਸਰਕਾਰ ਵਿਰੁੱਧ ਅਰਥੀ ਫੂਕ ਪ੍ਰਦਰਸ਼ਨ

**ਠੇਕਾ ਨੀਤੀ ਦਾ ਸੰਤਾਪ ਭੋਗ ਰਹੇ ਮੁਲਾਜ਼ਮਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰੇ ਸਰਕਾਰ : ਆਗੂ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਆਮ ਲੋਕਾਂ ਦੀ ਹਿਤਾਇਸ਼ੀ ਹੋਣ ਦੇ ਖੋਖਲੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ 19ਵੀਂ ਵਾਰ ਲਿਖਤੀ ਰੂਪ ਵਿੱਚ ਮੀਟਿੰਗ ਦਾ ਸਮਾਂ ਦੇ ਕੇ ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰਨ ਦੇ ਰੋਸ ਵਜੋਂ ਮੋਰਚੇ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਇਥੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਅਤੇ ਸੀ ਐੱਚ ਬੀ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ।

ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਆਗੂ ਕੇਸਰ ਸਿੰਘ, ਬਲਜੀਤ ਸਿੰਘ ਭੱਟੀ, ਬਿਕਰਮ ਜੀਤ ਸਿੰਘ ਕਪੂਰ, ਮਨਜਿੰਦਰ ਸਿੰਘ, ਜਸਬੀਰ ਸਿੰਘ ਕਾਲਾ, ਸੁਰਜੀਤ ਸਿੰਘ ਤੱਖੀ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੌਜੂਦਾ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਸਾਡੀ ਸਰਕਾਰ ਬਣਨ ਉਪਰੰਤ ਸਰਕਾਰੀ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ ਅਧੀਨ ਸੇਵਾਵਾ ਨਿਭਾਅ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਸਬੰਧਤ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਜੇਕਰ ਸਾਡੀ ਸਰਕਾਰ ਨੂੰ ਅਦਾਲਤ ਵੀ ਜਾਣਾ ਪਿਆ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ। ਠੇਕਾ ਮੁਲਾਜ਼ਮਾਂ ਸਮੇਤ ਹਰੇਕ ਵਰਗ ਦੇ ਲੋਕਾਂ ਨੇ ਇਨ੍ਹਾਂ ਵਾਅਦਿਆਂ ਵਿੱਚ ਆ ਕੇ ਆਪ ਸਰਕਾਰ ਬਣਾਉਣ ਵਿੱਚ ਸਹਿਯੋਗ ਦਿੱਤਾ ਸੀ ਕਿ ਇਹ ਸਰਕਾਰ ਪਿਛਲੀਆਂ ਸਰਕਾਰਾਂ ਦਾ ਬਦਲ ਬਣੇਗੀ, ਪਰ ਸਰਕਾਰ ਦਾ ਪਿਛਲੇ ਲਗਭਗ 2 ਸਾਲਾਂ ਦਾ ਅਮਲ ਉਸ ਦੇ ਦਾਅਵਿਆਂ ਤੋਂ ਬਿਲਕੁਲ ਉਲਟ ਰਿਹਾ। ਇਸ ਸਰਕਾਰ ਵੱਲੋਂ ਪਹਿਲੀਆਂ ਸਰਕਾਰਾਂ ਵੱਲੋਂ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ/ਪੰਚਾਇਤੀਕਰਨ ਤੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਹ ਸਰਕਾਰ ਵੱਲੋਂ ਵੀ ਕਾਰਪੋਰੇਟ ਘਰਾਣਿਆਂ ਦੀ ਲੁੱਟ ਨੂੰ ਰਾਸ ਬੈਠਦੀਆਂ ਤਬਦੀਲੀਆਂ ਕੀਤੀਆਂ ਗਈਆਂ। ਇਸ ਧੰਦੇ ਨੂੰ ਅਗਾਂਹ ਜਾਰੀ ਰੱਖਣ ਲਈ ਨੰਗੇ ਚਿੱਟੇ ਝੂਠ ਤੇ ਧੋਖੇ ਤੋਂ ਕੰਮ ਲਿਆ ਗਿਆ। ਉਨ੍ਹਾ ਕਿਹਾ ਕਿ ਅਸੀਂ ਸਰਕਾਰ ਦੇ ਪ੍ਰਚਾਰ ਤੇ ਵਿਸ਼ਵਾਸ ਕਰਕੇ ਮੰਗਾਂ ਦੇ ਹੱਲ ਲਈ ਪੁਰਅਮਨ ਗੱਲਬਾਤ ਦਾ ਰਾਹ ਅਖਤਿਆਰ ਕੀਤਾ। ਮੌਜੂਦਾ ਪੰਜਾਬ ਸਰਕਾਰ ਨੂੰ ਕਈ ਵਾਰ ਮੰਗ-ਪੱਤਰ ਤੇ ਯਾਦ ਪੱਤਰ ਭੇਜੇ ਗਏ ਹਨ। ਇਹ ਪੱਤਰ ਸਿੱਧੇ ਮੁੱਖ ਮੰਤਰੀ ਤੇ ਆਪ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਰਾਹੀਂ ਵੀ ਭੇਜੇ ਗਏ ਹਨ। ਮੁੱਖ ਮੰਤਰੀ ਪੰਜਾਬ ਦੇ ਨਾਲ ਮੋਰਚੇ ਨੂੰ 19ਵੀਂ ਵਾਰ ਲਿਖਤੀ ਰੂਪ ਵਿੱਚ ਮੀਟਿੰਗ ਦਾ ਸਮਾਂ ਦਿੱਤਾ, ਪਰ ਤ੍ਰਾਸਦੀ ਇਹ ਹੈ ਕਿ ਐਨ ਮੌਕੇ 'ਤੇ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਮੋਰਚੇ ਵੱਲੋਂ ਮਜਬੂਰ ਹੋ ਕੇ 9-12-2023 ਨੂੰ ਲੁਧਿਆਣਾ ਵਿਖੇ ਲਾਡੋਵਾਲ ਪੁਲ (ਸਤਲੁਜ) ਦੇ ਕੋਲ ਅੰਮ੍ਰਿਤਸਰ-ਦਿੱਲੀ ਨੈਸ਼ਨਲ ਹਾਈਵੇਅ ਜਾਮ ਪ੍ਰਦਰਸ਼ਨ ਕੀਤਾ ਗਿਆ ਤੇ ਲੁਧਿਆਣਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਲ 20 ਦਸੰਬਰ ਨੂੰ 19ਵੀਂ ਵਾਰ ਮੀਟਿੰਗ ਮੋਰਚੇ ਦੇ ਆਗੂਆਂ ਨਾਲ ਤੈਅ ਕਰਵਾਈ ਗਈ, ਪਰ ਇਹ ਮੀਟਿੰਗ ਵੀ ਐਨ ਮੌਕੇ ਤੇ ਆ ਕੇ ਰੱਦ ਹੋ ਗਈ। ਅਜਿਹੇ ਹਲਾਤ ਵਿੱਚ ਠੇਕਾ ਮੁਲਾਜ਼ਮਾ ਕੋਲ ਪੱਕੇ ਰੁਜ਼ਗਾਰ ਤੇ ਗੁਜ਼ਾਰੇ ਯੋਗ ਤਨਖਾਹ ਦੀ ਪ੍ਰਾਪਤੀ ਲਈ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਬਾਕੀ ਨਹੀਂ, ਜਿਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਆਗੂਆਂ ਨੇ ਕਿਹਾ ਕਿ ਅੱਜ ਦੇ ਅਰਥੀ ਫੂਕ ਪ੍ਰਦਰਸ਼ਨ ਸਾਡੇ ਸੰਘਰਸ਼ ਦਾ ਅੰਤ ਨਹੀਂ ਹੈ। ਜੇਕਰ ਸਰਕਾਰ ਨੇ ਗੱਲਬਾਤ ਰਾਹੀਂ ਮੰਗਾਂ ਦੇ ਹੱਲ ਦਾ ਰਾਹ ਅਖਤਿਆਰ ਨਾ ਕੀਤਾ ਤਾਂ ਭਵਿੱਖ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਸਾਡੀ ਮਜਬੂਰੀ ਹੋਵੇਗੀ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ। ਇਹ ਸੰਘਰਸ਼ ਵੱਖ ਵੱਖ ਵਿਭਾਗਾਂ 'ਚ ਠੇਕਾ ਪ੍ਰਨਾਲੀ ਦਾ ਸੰਤਾਪ ਭੋਗ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਮਰਜ ਕਰਕੇ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਲਈ, ਗੁਜ਼ਾਰੇ ਯੋਗ ਉਜ਼ਰਤਾਂ ਹਾਸਲ ਕਰਨ, ਸਰਕਾਰੀ ਵਿਭਾਗਾਂ ਦਾ ਪੰਚਾਇਤੀਕਰਨ/ਨਿੱਜੀਕਰਨ ਦੀਆਂ ਨੀਤੀਆਂ ਨੂੰ ਰੱਦ ਕਰਨ ਸਮੇਤ 'ਮੰਗ-ਪੱਤਰ' 'ਚ ਦਰਜ ਤਮਾਮ ਮੰਗਾਂ ਮਨਵਾਉਣ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜਾਰੀ ਰੱਖਿਆ ਜਾਵੇਗਾ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਏ




**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਬੰਧੀ ਸਮਾਗਮ ਸਥਾਨਕ ਗੁਰਦੁਆਰਾ ਢਾਬ ਬਾਬਾ ਆਲਾ ਸਿੰਘ ਪੱਤੀ ਵਡਿਆਣੀ ਲੌਂਗੋਵਾਲ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਲੌਕਿਕ ਨਗਰ ਕੀਰਤਨ ਨਾਲ ਆਰੰਭ ਹੋਏ। ਗੁਰੂਘਰ ਵੱਲੋਂ ਸਜਾਏ ਗਏ ਨਗਰ ਕੀਰਤਨ ਵਿੱਚ ਹਜ਼ਾਰਾਂ ਹੀ ਸਿੱਖ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਗਈ।

ਸੁੰਦਰ ਪਾਲਕੀ ਸਾਹਿਬ ਤੇ ਗੱਤਕਾ ਪਰਟੀਆਂ ਦੇ ਜੌਹਰ ਦੇਖਣਯੋਗ ਸਨ। ਨਗਰ ਕੀਰਤਨ ਦਾ ਕਸਬੇ ਵਿੱਚ ਵੱਖ-ਵੱਖ ਥਾਵਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਮੁਸਲਮਾਨ ਭਰਾਵਾਂ ਵੱਲੋਂ ਵੀ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਹੋਰਨਾਂ ਸੰਥਾਵਾਂ ਤੋਂ ਇਲਾਵਾ ਸ੍ਰੀ ਦੁਰਗਾ ਮੰਦਰ ਕਮੇਟੀ ਤੇ ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਵੱਲੋਂ ਪੰਡਿਤ ਸੁਨੇਂਦਰ ਸ਼ਾਸਤਰੀ, ਵਿਜੇ ਗੋਇਲ, ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਦੇ ਚੇਅਰਮੈਨ ਮਹਿੰਦਰ ਸਿੰਘ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਅੰਮ੍ਰਿਤਪਾਲ ਸਿੰਘ ਸਿੱਧੂ, ਬਲਵਿੰਦਰ ਸਿੰਘ ਢਿੱਲੋਂ, ਗੁਰਮੀਤ ਸਿੰਘ ਲੱਲੀ ਕੌਂਸਲਰ, ਨੀਟੂ ਸ਼ਰਮਾ, ਸੁਰਜੀਤ ਸਿੰਘ, ਹਰਮੇਸ਼ ਸ਼ਰਮਾ, ਡਾ. ਗੁਰਪ੍ਰੀਤ ਸਿੰਘ ਵਾਲੀਆ, ਮਾ. ਗੁਰਬਿੰਦਰ ਸਿੰਘ, ਰੁਪਿੰਦਰ ਸਿੰਘ ਨੰਬਰਦਾਰ, ਆਸ਼ੂ ਆਰੀਆ, ਕਾਲਾ ਮਿੱਤਲ, ਸੰਜੇ ਪਾਲ, ਮੁਰਲੀ ਮਨੋਹਰ, ਪਵਨ ਕੁਮਾਰ ਬਬਲਾ, ਪ੍ਰਧਾਨ ਗੋਰਾ ਲਾਲ ਨੇ ਪੰਜ ਪਿਆਰਿਆਂ ਦਾ ਸਨਮਾਨ ਕਰਨ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲੇ ਭੇਟ ਕੀਤੇ ਗਏ। ਸੰਗਤਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਗਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸੁਨਾਮ ਇੰਚਾਰਜ ਰਾਜਿੰਦਰ ਦੀਪਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਗੁਰਨੈਬ ਸਿੰਘ ਰਾਮਪੁਰਾ, ਨਗਰ ਕੌਂਸਲ ਲੌਂਗੋਵਾਲ ਦੀ ਪ੍ਰਧਾਨ ਪਰਮਿੰਦਰ ਕੌਰ ਬਰਾੜ, ਕੌਂਸਲਰ ਮੇਲਾ ਸਿੰਘ ਸੂਬੇਦਾਰ, ਗ੍ਰੰਥੀ ਧਰਮ ਸਿੰਘ, ਲੱਡਾ ਗੁਰਦੁਆਰਾ ਕਮੇਟੀ ਦੇ ਸੇਵਾਦਾਰ ਬੰਤ ਸਿੰਘ, ਸਵਰਨ ਸਿੰਘ, ਬਲਵਿੰਦਰ ਸਿੰਘ, ਕਰਮ ਸਿੰਘ, ਬਲਕਾਰ ਸਿੰਘ, ਹਰਦੇਵ ਸਿੰਘ, ਰੋਹੀ ਸਿੰਘ, ਕਰਮਜੀਤ ਸਿੰਘ, ਗੋਲਡੀ, ਸੁਖਦੇਵ ਸਿੰਘ ਮੌਜੂਦ ਸਨ।

# ਤਾਰਾਂ ਚੋਰੀ ਕਰਨ ਵਾਲੇ ਗਰੋਹ ਦੇ 6 ਮੈਂਬਰ ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਗੀਰਥ ਸਿੰਘ ਮੀਨਾ ਐੱਸ ਐੱਸ ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਅੰਦਰ ਸ਼ਰਾਰਤੀ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੇ ਸਬੰਧ ਵਿੱਚ ਕਾਰਵਾਈ ਕਰਦੇ ਹੋਏ ਜਸਬੀਰ ਸਿੰਘ ਡੀ.ਐੱਸ.ਪੀ. (ਗਿੱਦੜਬਾਹਾ) ਦੀ ਨਿਗਰਾਨੀ ਹੇਠ ਇੰਸਪੈਕਟਰ ਜਸਵੀਰ ਸਿੰਘ ਮੁੱਖ ਅਫਸਰ ਥਾਣਾ ਗਿੱਦੜਬਾਹਾ ਵੱਲੋਂ ਪਿੰਡ ਭੂੰਦੜ ਦੇ ਖੇਤਾਂ ਵਿੱਚੋਂ ਬਿਜਲੀ ਦੀ ਤਾਰ ਚੋਰੀ ਕਰਨ ਵਾਲੇ ਗ੍ਰੋਹ ਦੇ 6 ਮੈਂਬਰਾਂ ਨੂੰ ਟਰੇਸ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਬੀਤੀ 12 ਦਸੰਬਰ 2023 ਨੂੰ ਬਿਜਲੀ ਵਿਭਾਗ ਦੇ ਸਹਾਇਕ ਕਾਰਜਕਾਰੀ ਵੱਲੋਂ ਥਾਣਾ ਕੋਟਭਾਈ ਵਿਖੇ ਲਿਖਤੀ ਦਰਖਾਸਤ ਦਿੱਤੀ ਗਈ ਸੀ ਕਿ ਸ੍ਰੀ ਮੁਕਤਸਰ ਸਾਹਿਬ ਤੋਂ ਮਲੋਟ ਰੋਡ ਤੇ ਪਿੰਡ ਭੂੰਦੜ ਦੇ 05 ਕਿੱਲ੍ਹਿਆਂ ਦੇ ਖੇਤ ਵਿੱਚੋਂ ਕਿਸੇ ਨਾ-ਮਾਲੂਮ ਵਿਅਕਤੀਆਂ ਵੱਲੋਂ ਬਿਜਲੀ ਦੇ ਖੰਭਿਆਂ ਤੋਂ ਤਾਰਾਂ ਚੋਰੀ ਕਰ ਲਈਆਂ ਗਈਆ ਸਨ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਥਾਣਾ ਕੋਟਭਾਈ ਵਿਖੇ ਦਰਜ ਕਰ ਤਫਤੀਸ਼ ਸ਼ੁਰੂ ਕੀਤੀ ਗਈ, ਦੌਰਾਨ ਤਫਤੀਸ਼ ਪੁਲਸ ਪਾਰਟੀ ਵੱਲੋਂ ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਤੇ ਕਸ਼ਮੀਰ ਸਿੰਘ ਪੁੱਤਰ ਅਰਜਨ ਸਿੰਘ ਵਾਸੀਆਨ ਵਿਰਕ ਕਲ੍ਹਾਂ ਬਠਿੰਡਾ ਤੇ ਜਸਕਰਨ ਸਿੰਘ ਉਰਫ ਜੱਸਾ ਪੁੱਤਰ ਗੇਜੀ ਸਿੰਘ ਵਾਸੀ ਪਿੰਡ ਰੁਪਾਣਾ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗੁਰਮੇਲ ਸਿੰਘ ਤੇ ਕਸ਼ਮੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਜਸਕਰਨ ਸਿੰਘ ਉਰਫ ਜੱਸਾ ਜੋ ਪਹਿਲਾਂ ਹੀ ਥਾਣਾ ਲੱਖੇਵਾਲਾ ਵਿਖੇ ਮੁਕੱਦਮਾ ਨੰ : 99/23 ਦੇ ਸਬੰਧ ਵਿੱਚ ਰਿਮਾਂਡ 'ਤੇ ਹੈ। ਮੁੱਢਲੀ ਪੁੱਛ-ਗਿੱਛ ਦੌਰਾਨ ਇਨ੍ਹਾਂ ਦੱਸਿਆ ਕਿ ਅਸੀਂ ਇਹ ਚੋਰੀ ਦੀਆਂ ਤਾਰਾਂ ਕਬਾੜੀਏ ਸ਼ੁਸ਼ੀਲ ਕੁਮਾਰ ਉਰਫ ਸੰਨੀ ਪੁੱਤਰ ਮੁਰਾਰੀ ਲਾਲ ਵਾਸੀ ਗਿੱਦੜਬਾਹਾ, ਧੰਨਾ ਸਿੰਘ ਪੁੱਤਰ ਜੀਤਾ ਸਿੰਘ ਵਾਸੀ ਕੋਟਭਾਈ ਤੇ ਗੁਰਮੀਤ ਸਿੰਘ ਨਿੱਕਾ ਪੁੱਤਰ ਗੁਰਦੇਵ ਸਿੰਘ ਵਾਸੀ ਵਿਰਕ ਖੁਰਦ (ਬਠਿੰਡਾ) ਨੂੰ ਵੇਚਿਆ ਸੀ। ਜਿਸ 'ਤੇ ਪੁਲਸ ਨੇ ਕਾਰਵਾਈ ਕਰਦੇ ਹੋਏ ਕਬਾੜੀਏ ਦਾ ਕੰਮ ਕਰਨ ਵਾਲੇ ਉੱਕਤ 03 ਵਿਅਕਤੀਆਂ ਉੱਕਤ ਮੁਕੱਦਮੇ ਵਿੱਚ ਗ੍ਰਿਫਤਾਰ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਲੋਕ ਸੇਵਾ ਸੁਸਾਇਟੀ ਵੱਲੋਂ 46ਵਾਂ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ



**ਜਗਰਾਉਂ (ਅਮਿਤ ਖੰਨਾ)**-ਸਵਰਗਵਾਸੀ ਦਇਆ ਚੰਦ ਜੈਨ ਸੁਤੰਤਰਤਾ ਸੈਨਾਨੀ ਦੀ ਯਾਦ ਵਿੱਚ ਉਨ੍ਹਾਂ ਦੇ ਸਪੁੱਤਰ ਰਜਿੰਦਰ ਜੈਨ ਦੇ ਪਰਿਵਾਰ ਦੇ ਸਹਿਯੋਗ ਨਾਲ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ 46ਵਾਂ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲਾਜਪਤ ਰਾਏ ਡੀ ਏ ਵੀ ਕਾਲਜ ਜਗਰਾਉਂ ਵਿਖੇ ਲਗਾਇਆ ਗਿਆ। ਸਾਲ 2023 ਦੀ ਟੀਮ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਇਸ ਸਾਲ ਦੇ ਅਖੀਰਲੇ ਪ੍ਰੋਜੈਕਟ ਵਿੱਚ ਲਗਾਏ ਕੈਂਪ ਦਾ ਉਦਘਾਟਨ ਕਰਦਿਆਂ ਹਲਕਾ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਜਿੱਥੇ ਆਉਣ ਵਾਲੇ ਨਵੇਂ ਸਾਲ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ, ਉੱਥੇ ਉਨ੍ਹਾਂ ਸੁਸਾਇਟੀ ਨੂੰ ਅਪੀਲ ਕੀਤੀ ਕਿ ਉਹ ਨਵੇਂ ਸਾਲ ਵਿੱਚ ਸਕੂਲਾਂ 'ਚ ਮੈਡੀਕਲ ਕੈਂਪ ਲਗਾ ਕੇ ਲੋੜਵੰਦ ਬੱਚਿਆਂ ਦੀ ਸਿਹਤ ਤੰਦਰੁਸਤੀ ਵਿੱਚ ਅਹਿਮ ਰੋਲ ਅਦਾ ਕਰਨ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਰਜਿੰਦਰ ਜੈਨ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਹਮੇਸ਼ਾ ਹੀ ਸੁਸਾਇਟੀ ਦੀ ਸਮਾਜ ਸੇਵਾ ਦੇ ਕੰਮਾਂ ਲਈ ਮਦਦ ਕੀਤੀ ਜਾਵੇਗੀ। ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਕੰਵਲ ਕੱਕੜ ਨੇ ਕਿਹਾ ਕਿ ਸੁਸਾਇਟੀ ਵੱਲੋਂ ਸਾਲ 2023 ਦਾ ਇਹ 14ਵਾਂ ਅੱਖਾਂ ਦਾ ਕੈਂਪ ਹੈ ਤੇ ਇਸ ਸਾਲ ਵਿੱਚ ਕਰੀਬ 800 ਦੇ ਵਿਅਕਤੀਆਂ ਦੇ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਸਫਲਤਾ ਪੂਰਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਅੱਜ ਦੇ ਕੈਂਪ ਵਿੱਚ ਸੰਕਰਾ ਹਸਪਤਾਲ ਲੁਧਿਆਣਾ ਦੀ ਟੀਮ ਦੇ 130 ਮਰੀਜ਼ਾਂ ਦਾ ਚੈੱਕਅਪ ਕਰਦਿਆਂ 40 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਕਰਵਾਏ ਜਾਣਗੇ। ਇਸ ਮੌਕੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਉਨ੍ਹਾਂ ਐਲਾਨ ਕੀਤਾ ਕਿ ਸੁਸਾਇਟੀ ਦਾ ਇਹ ਅਭਿਮਾਨ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਇਸ ਸਾਲ 107 ਦੇ ਕਰੀਬ ਸਮਾਜ ਸੇਵੀ ਪ੍ਰੋਜੈਕਟ ਲਗਾਏ ਗਏ ਹਨ। ਉਨ੍ਹਾਂ ਸਮੂਹ ਦਾਨੀ ਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਹਰਸ਼ ਜੈਨ, ਏ ਪੀ ਰਿਫੈਂਡਰੀ ਦੇ ਡਾਇਰੈਕਟਰ ਰਵੀ ਗੋਇਲ ਤੇ ਅਰੁਣ ਗੋਇਲ ਸਮੇਤ ਸੁਸਾਇਟੀ ਦੇ ਸਾਲ 2024 ਦੇ ਪ੍ਰਧਾਨ ਮਨੋਹਰ ਸਿੰਘ ਟੱਕਰ, ਸੀਨੀਅਰ ਮੀਤ ਪ੍ਰਧਾਨ ਰਜਿੰਦਰ ਜੈਨ ਕਾਕਾ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ ਆਰ ਓ ਸੁਖਦੇਵ ਗਰਗ ਤੇ ਨੀਰਜ ਮਿੱਤਲ, ਸਾਬਕਾ ਪ੍ਰਧਾਨ ਵਿਨੋਦ ਬਾਂਸਲ, ਪ੍ਰਸ਼ੋਤਮ ਅਗਰਵਾਲ, ਪ੍ਰਵੀਨ ਮਿੱਤਲ, ਆਰ ਕੇ ਗੋਇਲ, ਪ੍ਰੇਮ ਬਾਂਸਲ, ਮੁਕੇਸ਼ ਗੁਪਤਾ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਰਾਜਨ ਸਿੰਗਲਾ, ਅਨਿਲ ਮਲਹੋਤਰਾ, ਕੈਪਟਨ ਨਰੇਸ਼ ਵਰਮਾ, ਜਸਵੰਤ ਸਿੰਘ, ਗੁਰੂ ਆਸਰਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਪਰਮਵੀਰ ਸਿੰਘ ਮੋਤੀ, ਹਰਮਨਪ੍ਰੀਤ ਸਿੰਘ, ਪ੍ਰਿਤਪਾਲ ਸਿੰਘ, ਸੁਖਰਾਜ ਸਿੰਘ, ਹਰਮਿੰਦਰ ਸਿੰਘ ਆਦਿ ਹਾਜ਼ਰ ਸਨ।

## 2180 ਰੁਪਏ ਦੀ ਰਾਸ਼ੀ ਸਮੇਤ 2 ਸੱਟੇਬਾਜ਼ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਦੋ ਵਿਅਕਤੀਆਂ ਨੂੰ 2180 ਰੁਪਏ ਦੀ ਸੱਟੇ ਦੀ ਰਕਮ ਸਮੇਤ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਆਪਣੇ ਸਾਥੀ ਮੁਲਾਜ਼ਮਾਂ ਸਮੇਤ ਗਸ਼ਤ ਦੌਰਾਨ ਨਵਾਂ ਬੱਸ ਸਟੈਂਡ ਜਲਾਲਾਬਾਦ ਨੇੜੇ ਮੌਜੂਦ ਸਨ, ਖਾਸ ਮੁਖ਼ਬਰ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਹਰੀਸ਼ ਚੰਦਰ ਪੁੱਤਰ ਕਰਮ ਚੰਦ ਵਾਸੀ ਬਜਾਜ ਸਟ੍ਰੀਟ ਜਲਾਲਾਬਾਦ ਬੱਸ ਸਟੈਂਡ ਜਲਾਲਾਬਾਦ ਦੇ ਕੋਲ ਸ਼ਰੇਆਮ ਦੜਾ ਸੱਟਾ ਲਿਖ ਰਿਹਾ ਹੈ, ਜਿਸ 'ਤੇ ਪੁਲਸ ਨੇ ਛਾਪਾ ਮਾਰ ਕੇ ਹਰੀਸ਼ ਚੰਦਰ ਨੂੰ 1950 ਰੁਪਏ ਦੀ ਰਾਸ਼ੀ ਸਮੇਤ ਗ੍ਰਿਫਤਾਰ ਕਰ ਲਿਆ ਹੈ। ਉਧਰ, ਦੂਜੇ ਪਾਸੇ ਇੱਕ ਹੋਰ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਚਿਮਨ ਸਿੰਘ ਪੁੱਤਰ ਚੰਨ ਸਿੰਘ ਵਾਸੀ ਟਿਵਾਣਾ ਕਲਾਂ ਨੂੰ ਪੁਲਸ ਪਾਰਟੀ ਨੇ ਛਾਪਾ ਮਾਰ ਕੇ 230 ਰੁਪਏ ਦੜੇ ਸੱਟੇ ਦੀ ਰਾਸ਼ੀ ਸਮੇਤ ਕਾਬੂ ਕੀਤਾ ਹੈ। ਕਾਬੂ ਕੀਤੇ ਗਏ ਹਰੀਸ਼ ਚੰਦਰ ਤੇ ਚਿਮਨ ਸਿੰਘ ਖਿਲਾਫ ਥਾਣਾ ਸਿਟੀ ਵਿਖੇ ਵੱਖ-ਵੱਖ ਮਾਮਲਿਆਂ ਵਿੱਚ ਕੇਸ ਦਰਜ ਕੀਤਾ ਗਿਆ ਹੈ।

# ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਵੱਲੋਂ ਮਿਲਟਰੀ ਸਟੇਸ਼ਨ ਦਾ ਦੌਰਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਲੈਕ ਚਾਰਜ਼ਰ ਬ੍ਰਿਗੇਡ ਦੀ ਤਰਫੋਂ ਭਾਰਤੀ ਫੌਜ/ਸਪਤ ਸ਼ਕਤੀ ਕਮਾਂਡ/ਬਠਿੰਡਾ ਚੇਤਕ ਕੋਰ, ਹੈਲਸ ਏਂਜਲਸ ਸਬ ਏਰੀਆ ਦੀ ਸਰਪ੍ਰਸਤੀ ਹੇਠ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਦੇ ਸਹਿਯੋਗ ਨਾਲ ਜੰਗੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਭਾਰਤੀ ਫੌਜ ਦੀਆਂ ਸਮਰੱਥਾਵਾਂ ਦਾ ਵਿੱਦਿਅਕ ਪ੍ਰਦਰਸ਼ਨ ਦੇ ਮੱਦੇਨਜ਼ਰ ਪੰਜਾਬ ਦੇ ਪੰਜ ਜ਼ਿਲ੍ਹਿਆਂ ਦੇ ਸਰਕਾਰੀ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਬਠਿੰਡਾ ਮਿਲਟਰੀ ਸਟੇਸ਼ਨ ਵਿਖੇ ਇੱਕ 'ਵਿਸ਼ੇਸ਼ ਜੀਵਨ ਢੰਗ' ਲਈ ਭਾਰਤੀ ਫੌਜ ਵਿੱਚ ਭਰਤੀ ਹੋਣ ਲਈ ਨੌਜਵਾਨ ਦਿਮਾਗਾਂ ਨੂੰ ਜਗਾਉਣ ਲਈ ਦੌਰਾ ਕਰਵਾਇਆ ਗਿਆ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਸੰਸਥਾਵਾਂ ਨਾਲ ਜਾਣੂ ਕਰਵਾਉਂਦਿਆਂ ਅਤੇ ਭਾਰਤੀ ਫੌਜ ਦੇ ਆਊਟਰੀਚ ਪ੍ਰੋਗਰਾਮ ਵਜੋਂ ਨੌਜਵਾਨ ਤੇ ਪ੍ਰਭਾਵਸ਼ਾਲੀ ਦਿਮਾਗਾਂ ਨੂੰ ਹਥਿਆਰਬੰਦ ਸੈਨਾਵਾਂ ਨੂੰ ਸਾਹਸ ਤੇ ਐਡਰੇਨਾਲੀਨ ਰਸ ਨਾਲ ਭਰਪੂਰ ਇੱਕ ਸਫਲ ਕੈਰੀਅਰ ਮਾਰਗ ਵਜੋਂ ਚੁਣਨ ਲਈ ਪ੍ਰੇਰਿਤ ਵੀ ਕੀਤਾ ਗਿਆ। ਇਸ ਦੌਰਾਨ ਬੱਚਿਆਂ ਨੂੰ ਬਹੁਤ ਨੇੜੇ ਤੋਂ ਗਰਜ਼ਦੇ-90 ਭੀਸ਼ਮ ਬੈਟਲ ਟੈਂਕਾਂ, ਇਨਫੈਂਟਰੀ ਕੰਬੈਟ ਵਹੀਕਲਜ਼, ਏਅਰ ਡਿਫੈਂਸ ਗਨ, ਰਾਡਾਰ, ਆਰਟਿਲਰੀ ਗਨ ਤੇ ਆਖਰੀ ਡੈੱਸ ਕੰਬੈਟਸ ਲਈ ਇਨਫੈਂਟਰੀ ਉਪਕਰਨਾਂ ਦਾ ਗਤੀਸ਼ੀਲ ਪ੍ਰਦਰਸ਼ਨ ਦੇਖਣ ਦਾ ਮੌਕਾ ਪ੍ਰਦਾਨ ਕੀਤਾ ਗਿਆ। ਇਸ ਵਿੱਚ ਇੱਕ ਸਿਮੂਲੇਟਡ ਲੜਾਈ ਸਥਿਤੀ ਡਿਸਪਲੇ ਵੀ ਸ਼ਾਮਲ ਹੈ ਤੇ ਇਹ ਸਾਜ਼ੋ-ਸਾਮਾਨ ਆਪਣੀ ਲੜਾਈ ਦੀਆਂ ਭੂਮਿਕਾਵਾਂ ਕਿਵੇਂ ਨਿਭਾਉਂਦੇ ਹਨ, ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਭਾਰਤੀ ਫੌਜ ਦੇ ਸੀਨੀਅਰ ਅਫਸਰਾਂ ਦੇ ਨਾਲ-ਨਾਲ ਬਹਾਦਰੀ ਅਵਾਰਡ ਜੇਤੂਆਂ ਸਮੇਤ ਵੱਖ-ਵੱਖ ਹੋਰ ਅਫਸਰਾਂ ਤੇ ਲੜਾਕਿਆਂ ਨਾਲ ਵੀ ਗੱਲਬਾਤ ਕੀਤੀ, ਜਿਸ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਫੌਜ ਦੇ ਜੀਵਨ ਢੰਗ ਬਾਰੇ ਜਾਣਕਾਰੀ ਦਿੱਤੀ। ਭਾਰਤੀ ਫੌਜ ਨੇ ਰਾਸ਼ਟਰ ਦੀ ਸੇਵਾ ਵਿੱਚ, ਇਸ ਪ੍ਰਦਰਸ਼ਨੀ ਦਾ ਆਯੋਜਨ ਅਗਲੀ ਪੀੜੀ ਨੂੰ ਆਪਣੇ ਹਥਿਆਰਬੰਦ ਬਲਾਂ ਰਾਹੀਂ ਦੇਸ਼ ਦੀ ਸੇਵਾ ਕਰਨ ਤੇ ਇੱਕ ਵਿਲੱਖਣ ਅਤੇ ਸਾਧਾਰਨ ਜੀਵਨ ਜੀਉਣ ਲਈ ਪ੍ਰੇਰਿਤ ਕੀਤਾ।

## ਪਿਓ-ਪੁੱਤ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 4 ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਜ਼ਮੀਨੀ ਵਿਵਾਦ ਨੂੰ ਲੈ ਕੇ ਪਿਓ-ਪੁੱਤ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਵਾਲੇ ਚਾਰ ਵਿਅਕਤੀਆਂ ਖਿਲਾਫ ਥਾਣਾ ਅਰਨੀਵਾਲਾ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਸਾਜਨ ਕੁਮਾਰ ਪੁੱਤਰ ਕ੍ਰਿਸ਼ਨ ਲਾਲ ਵਾਸੀ ਵਾਰਡ ਨੰਬਰ 9 ਅਰਨੀਵਾਲਾ ਨੇ ਦੱਸਿਆ ਕਿ ਉਹ ਬੀਤੇ ਦਿਨ ਆਪਣੇ ਪਿਤਾ ਨਾਲ ਖੇਤਾਂ ਨੂੰ ਪਾਣੀ ਲਾਉਣ ਗਿਆ ਸੀ ਤੇ ਨਰੈਣ ਦਾਸ ਪੁੱਤਰ ਲੱਭਾ ਰਾਮ, ਗੁਰਮੁੱਖ ਦਾਸ ਲਾਭ ਰਾਮ, ਦਿਰਾਜ ਕੁਮਾਰ ਪੁੱਤਰ ਨਰੈਣ ਦਾਸ ਤੇ ਰੋਬਿਨ ਕੁਮਾਰ ਪੁੱਤਰ ਨਰੈਣ ਦਾਸ ਨੇ ਉਸ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰ ਦਿੱਤਾ।

ਮੁੱਦਈ ਸਾਜਨ ਕੁਮਾਰ ਨੇ ਅੱਗੇ ਦੱਸਿਆ ਕਿ ਨਰੈਣ ਸਿੰਘ ਆਦਿ ਨੇ ਉਨ੍ਹਾਂ ਦੀ ਜ਼ਮੀਨ ਵਿੱਚੋਂ ਹਿੱਸਾ ਮੰਗਿਆ, ਜਿਸ ਕਾਰਨ ਉਨ੍ਹਾਂ ਨੇ ਸਾਡੇ ਨਾਲ ਲੜਾਈ ਝਗੜਾ ਕੀਤਾ ਅਤੇ ਕੁੱਟਮਾਰ ਕਰਕੇ ਸਾਨੂੰ ਜ਼ਖ਼ਮੀ ਕਰ ਦਿੱਤਾ। ਜਾਂਚ ਅਧਿਕਾਰੀ ਅੰਗਰੇਜ਼ ਸਿੰਘ ਨੇ ਦੱਸਿਆ ਕਿ ਮੁੱਦਈ ਸਾਜਨ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਨਰੈਣ ਦਾਸ, ਗੁਰਮੁੱਖ ਦਾਸ, ਦਿਰਾਜ ਕੁਮਾਰ ਤੇ ਰੋਬਿਨ ਕੁਮਾਰ ਵਾਸੀਆਨ ਅਰਨੀਵਾਲਾ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਵਿਜੈ ਇੰਦਰ ਸਿੰਗਲਾ ਨੂੰ ਸਹਾਇਕ ਖਜ਼ਾਨਚੀ ਬਣਾਏ ਜਾਣ ਦੀ ਖੁਸ਼ੀ 'ਚ ਲੱਡੂ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**-ਕਾਂਗਰਸ ਕਮੇਟੀ ਸੰਗਰੂਰ ਵੱਲੋਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਹਾਇਕ ਖਜ਼ਾਨਚੀ ਬਣਾਏ ਜਾਣ ਦੀ ਖੁਸ਼ੀ ਵਿੱਚ ਸੰਗਰੂਰ ਦੇ ਬੜੇ ਚੌਕ ਵਿੱਚ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਪਿੰਡਾਂ ਦੇ ਸਰਪੰਚ, ਪੰਚ ਤੇ ਯੂਥ ਕਾਂਗਰਸ ਦੇ ਆਗੂਆਂ ਨੇ ਬੋਲਦਿਆਂ ਕਿਹਾ ਕਿ ਵਿਜੈ ਇੰਦਰ ਸਿੰਗਲਾ ਦੀ ਇਸ ਨਿਯੁਕਤੀ ਨਾਲ ਪਾਰਟੀ ਵਿੱਚ ਜਾਨ ਪਵੇਗੀ। ਵਿਜੈ ਇੰਦਰ ਸਿੰਗਲਾ ਰਾਹੁਲ ਗਾਂਧੀ ਦੀ ਪਹਿਲੀ ਟੀਮ ਵਿੱਚ ਗਿਣੇ ਜਾਂਦੇ ਹਨ। ਵਿਜੈ ਇੰਦਰ ਸਿੰਗਲਾ ਨੇ ਸੰਗਰੂਰ ਮੈਂਬਰ ਪਾਰਲੀਮੈਂਟ ਤੇ ਮੰਤਰੀ ਰਹਿੰਦੇ ਹੋਏ ਰਿਕਾਰਡ ਤੋੜ ਕੰਮ ਕੀਤੇ ਹਨ, ਜਿਨ੍ਹਾਂ ਵਿੱਚ ਪੀ ਜੀ ਆਈ, ਹੋਮੀ ਭਾਭਾ ਕੈਂਸਰ ਹਸਪਤਾਲ, ਸਿੰਥੈਟਿਕ ਟਰੈਕ, ਪਿੰਡਾਂ ਵਿੱਚ ਸੜਕਾਂ ਦੇ ਜਾਲ ਵਿਛਾਏ ਤੇ ਹੋਰ ਵੀ ਅਨੇਕਾਂ ਕੰਮ ਕੀਤੇ ਹਨ। ਵਰਕਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 2024 ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਟਿਕਟ ਦੇ ਕੇ ਨਵਾਜਿਆ ਜਾਵੇ। ਇਸ ਮੌਕੇ ਕਾਂਗਰਸ ਪਾਰਟੀ ਦੇ ਆਗੂ ਸੁਭਾਸ਼ ਗਰੋਵਰ, ਮਹੇਸ਼ ਕੁਮਾਰ ਮੇਸ਼ੀ, ਰੋਕੀ ਬਾਂਸਲ ਬਲਾਕ ਪ੍ਰਧਾਨ, ਹਰਪਾਲ ਸਿੰਘ ਸੋਨੂੰ ਵਾਈਸ ਚੇਅਰਮੈਨ ਓਬੀਸੀ ਡੀਪਾਰਟਮੈਂਟ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ, ਦਰਸਨ ਸਿੰਘ ਕਾਂਗੜਾ, ਜੱਸੀ ਲੌਂਗੋਵਾਲੀਆ ਸਰਪੰਚ, ਚਮਕੌਰ ਸਿੰਘ ਜੱਸੀ, ਮਨਦੀਪ ਕੌਰ, ਬਲਵੀਰ ਕੌਰ, ਨੇਹਾ ਗਰੋਵਰ, ਮਹਿੰਦਰ ਸਿੰਘ ਨਾਈ ਵਾਲਾ, ਨਰਿੰਦਰ ਸਿੰਘ ਜਨਰਲ ਸਕੱਤਰ, ਨਵੀਨ ਬੱਗਾ, ਸਮੀ ਮੰਗਟ ਰਾਜ ਕੁਮਾਰ ਪਹਿਲਵਾਨ, ਅਮਿਤ ਜਿੰਦਲ, ਰਵੀ ਗੋਇਲ, ਨਰੇਸ਼ ਰੰਗਾ, ਸ਼ਿੰਗਾਰਾ ਘਾਬਦਾ, ਕੁਲਦੀਪ ਘਾਬਦਾ, ਬਣੀ ਸੈਣੀ, ਜਸਵਿੰਦਰ ਸਿੰਘ ਸੈਣੀ, ਰਜੇਸ਼ ਲੋਟ, ਦਿਲਦਾਰ ਸਿੰਘ ਮਾਸਟਰ ਮਨਚੰਦਾ, ਜਗਜੀਤ ਸਿੰਘ ਕਾਲਾ, ਬਲਵੀਰ ਸਿੰਘ ਚੰਗਾਲ, ਮੀਡੀਆ ਇੰਚਾਰਜ ਗੁਰਜੀਤ ਸਿੰਘ ਵਿੱਕੀ ਗਰਚਾ ਤੇ ਹੋਰ ਆਗੂ ਹਾਜ਼ਰ ਸਨ।

# ਭਾਰਤੀਯ ਅੰਬੇਡਕਰ ਮਿਸ਼ਨ ਦੀਆਂ ਸੂਬਾ ਤੇ ਜ਼ਿਲ੍ਹਾ ਕਮੇਟੀਆਂ ਭੰਗ

**31 ਜਨਵਰੀ ਤੋਂ ਪਹਿਲਾਂ ਨਵੀਂ ਟੀਮ ਦਾ ਹੋਵੇਗਾ ਐਲਾਨ : ਕਾਂਗੜਾ**

**ਸੰਗਰੂਰ (ਪ੍ਰਵੀਨ ਸਿੰਘ)**-ਸਮਾਜ ਸੇਵਾ ਨੂੰ ਸਮਰਪਤ ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ (ਰਜਿ:) ਭਾਰਤ ਦੀਆਂ ਸਾਰੀਆਂ ਸੂਬਾ, ਜ਼ਿਲ੍ਹਾ ਤੇ ਬਲਾਕ ਪੱਧਰੀ ਇਕਾਈਆਂ ਨੂੰ ਭੰਗ ਕਰ ਦਿੱਤਾ ਗਿਆ ਹੈ, ਜਿਸ ਦੀ ਘੋਸ਼ਣਾ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਭਾਰਤੀਯ ਅੰਬੇਡਕਰ ਮਿਸ਼ਨ ਦੇ ਮੁੱਖ ਦਫਤਰ ਵਿਖੇ ਕੀਤੀ ਗਈ ਕੌਮੀ ਪ੍ਰਧਾਨ ਨੇ ਇਹ ਵੀ ਐਲਾਨ ਕੀਤਾ ਕਿ ਸੰਗਠਨ ਦਾ ਸਾਰਾ ਨਵਾਂ ਢਾਂਚਾ 31 ਜਨਵਰੀ 2024 ਤੋਂ ਪਹਿਲਾਂ ਪਹਿਲਾਂ ਬਣਾ ਲਿਆ ਜਾਵੇਗਾ। ਸ੍ਰੀ ਦਰਸ਼ਨ ਸਿੰਘ ਕਾਂਗੜਾ ਮਿਸ਼ਨ ਦੇ ਮੁੱਖ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ ਇੱਕ ਸਮਾਜਿਕ ਜਥੇਬੰਦੀ ਹੈ, ਜਿਸ ਵਿੱਚ ਹਰ ਵਰਗ ਨਾਲ ਸਬੰਧਤ ਵਿਅਕਤੀ ਸ਼ਾਮਲ ਹਨ, ਜੋ ਪਿਛਲੇ ਕਰੀਬ 24-25 ਸਾਲਾਂ ਤੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਦੱਬੇ ਕੁੱਚਲੇ ਤੇ ਲਿਤਾੜੇ ਹੋਏ ਲੋਕਾਂ ਅਤੇ ਗਰੀਬਾਂ ਦੀਆਂ ਸਮੱਸਿਆਵਾਂ ਦੇ ਸਥਾਈ ਹੱਲ, ਉਨ੍ਹਾਂ ਦੇ ਹਿੱਤਾਂ 'ਤੇ ਪਹਿਰਾ ਦੇਣ, ਉਨ੍ਹਾਂ ਦੇ ਬੱਚਿਆਂ ਦਾ ਵਿੱਦਿਅਕ ਪੱਧਰ ਉੱਚਾ ਚੁੱਕਣ, ਉਨ੍ਹਾਂ ਨੂੰ ਨਸ਼ੇ ਆਦਿ ਸਮਾਜਿਕ ਬੁਰਾਈਆ ਤੋਂ ਦੂਰ ਕਰਨ, ਉਨ੍ਹਾਂ ਨੂੰ ਇੰਨਸਾਫ ਦਿਵਾਉਣ, ਗਰੀਬ ਲੜਕੀਆਂ ਦੇ ਵਿਆਹ ਸਮੇਂ ਉਨ੍ਹਾਂ ਦੀ ਹਰ ਪੱਖੋਂ ਮਦਦ ਕਰਨ ਤੇ ਵੱਖ ਵੱਖ ਢੰਗ ਨਾਲ ਉਕਤ ਵਰਗ ਦੀ ਭਲਾਈ ਲਈ ਪੰਜਾਬ ਸਣੇ ਹੋਰ ਵੀ ਸੂਬਿਆਂ ਅੰਦਰ ਕੰਮ ਕਰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਸੋਚ ਨੂੰ ਮੰਨਣ ਵਾਲੇ, ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਤੇ ਅਗਾਂਹਵਧੂ ਸੋਚ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਭਾਰਤੀਯ ਅੰਬੇਡਕਰ ਮਿਸ਼ਨ ਵਿੱਚ ਜ਼ਿੰਮੇਵਾਰੀਆਂ ਦੇ ਕੇ ਹਰ ਸਾਲ ਨਵੀਂ ਟੀਮ ਬਣਾਈ ਜਾਂਦੀ ਹੈ, ਜਿਸ ਤਹਿਤ 2024 ਲਈ 31 ਜਨਵਰੀ ਤੋਂ ਪਹਿਲਾਂ ਨਵੀਂ ਟੀਮ ਦਾ ਐਲਾਨ ਕੀਤਾ ਜਾਵੇਗਾ।

# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਪ੍ਰਭਾਤ ਫੇਰੀਆਂ ਜਾਰੀ



**ਮੱਖੂ (ਰਛਪਾਲ ਸਿੰਘ ਸੰਧੂ)**-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਸਿੰਘ ਸਭਾ ਮਖੂ ਦੇ ਸੇਵਾਦਾਰਾਂ ਵੱਲੋਂ ਸ਼ਹਿਰ ਵਿੱਚ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ। ਸ਼ਹਿਰ ਦੀ ਸੰਗਤ ਵੱਲੋਂ ਆਪਣੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਪ੍ਰਭਾਤ ਫੇਰੀਆਂ ਬਹੁਤ ਹੀ ਸ਼ਰਧਾ ਭਾਵਨਾ ਨਾਲ ਕਰਵਾਈਆਂ ਜਾ ਰਹੀਆਂ ਹਨ। ਪ੍ਰਭਾਤ ਫੇਰੀਆਂ ਦੌਰਾਨ ਗੁਰਦੁਆਰਾ ਸਿੰਘ ਸਭਾ ਦੇ ਸੇਵਾਦਾਰਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਜਾ ਰਹੀ ਅਤੇ ਰਾਗੀ ਢਾਡੀ ਜਥੇ ਵੱਲੋਂ ਕਥਾ ਕੀਰਤਨ ਕਰਕੇ ਗੁਰੂ ਘਰ ਦਾ ਜਸ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ ਜਾ ਰਿਹਾ ਹੈ। ਅੱਜ ਦੀ ਪ੍ਰਭਾਤ ਫੇਰੀਆਂ ਡਾ. ਨਰਿੰਦਰ ਸਿੰਘ ਗਾਂਧੀ (ਡਾ. ਮਾਝਾ) ਵੱਲੋਂ ਆਪਣੇ ਗ੍ਰਹਿ ਵਿਖੇ ਕਰਵਾਈ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਮਖੂ ਦੇ ਪ੍ਰਧਾਨ ਜਗਜੀਤ ਸਿੰਘ ਕਾਲੜਾ ਤੇ ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ਼ਹਿਰ ਵਿੱਚ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਸ਼ਹਿਰ ਵਾਸੀਆਂ ਵੱਲੋਂ ਆਪੋ ਆਪਣੇ ਘਰਾਂ ਵਿੱਚ ਪ੍ਰਭਾਤ ਫੇਰੀਆਂ ਬਹੁਤ ਹੀ ਸ਼ਰਧਾ ਨਾਲ ਕਰਵਾਈਆਂ ਜਾ ਰਹੀਆਂ ਹਨ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਸਾਹਿਬ ਵਿਖੇ 3 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਜਾਵੇਗਾ ਅਤੇ 5 ਜਨਵਰੀ ਨੂੰ ਦਸਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਵਾਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸੰਪੂਰਨ ਉਪਰੰਤ ਰਾਗੀ ਢਾਡੀ ਜਥੇ ਵੱਲੋਂ ਸੰਗਤ ਨੂੰ ਗੁਰੂ ਘਰ ਦਾ ਜਸ ਸੁਣਾਇਆ ਜਾਵੇਗਾ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਮਖੂ ਦੇ ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ, ਪ੍ਰਧਾਨ ਜਗਜੀਤ ਸਿੰਘ ਕਾਲੜਾ, ਨਰਿੰਦਰ ਕਟਾਰੀਆ, ਗੁਰਨਾਮ ਸਿੰਘ, ਡਾ. ਨਰਿੰਦਰ ਸਿੰਘ ਗਾਂਧੀ, ਡਾ. ਗੁਰਵਿੰਦਰ ਸਿੰਘ ਗਾਂਧੀ, ਡਾ. ਸੁਰਜੀਤ ਸਿੰਘ ਪੱਟੀ ਵਾਲੇ, ਡਾ. ਬਿਨਵੰਤ ਸਿੰਘ, ਬਲਕਾਰ ਸਿੰਘ, ਬਲਦੇਵ ਸਿੰਘ, ਗੁਰਚਰਨ ਸਿੰਘ ਗਾਬਾ, ਲੱਕੀ ਬਾਵਾ, ਜਤਿੰਦਰ ਖੁਰਾਣਾ ਬਿੱਟੂ, ਗੁਰਅਸੀਸ ਸਿੰਘ, ਕਾਬਲ ਸਿੰਘ ਲਖਨਪਾਲ, ਦਰਸ਼ਨ ਸਿੰਘ ਕਟਾਰੀਆ, ਜਸਵੀਰ ਸਿੰਘ ਕਟਾਰੀਆ, ਬਲਵਿੰਦਰ ਸਿੰਘ ਕਟਾਰੀਆ, ਨਿਰਮਲ ਸਿੰਘ ਸੋਢੀ, ਡਾ. ਸੁਖਜੀਤ ਸਿੰਘ ਧੀਮਾਨ, ਸੰਜੀਵ ਮਾਨਕਟਾਲਾ, ਬਿੱਟੂ ਨਾਰੰਗ, ਡਾ. ਪਵਨ ਕੁਮਾਰ, ਸੋਨੂੰ ਖੁਰਾਣਾ, ਵਰਿੰਦਰ ਕਟਾਰੀਆ, ਕੁਨਾਲ ਅਹੂਜਾ, ਬੰਟੀ ਨਾਰੰਗ, ਕੁਲਦੀਪ ਸਿੰਘ, ਸੁਸ਼ੀਲ ਕੰਧਾਰੀ ਆਦਿ ਹਾਜ਼ਰ ਸਨ।

# ਡਾ. ਕਿਰਪਾਲ ਸਿੰਘ ਨੂੰ ਪਦ-ਉੱਨਤ ਹੋਣ 'ਤੇ ਕੀਤਾ ਸਨਮਾਨਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਡਾ. ਕਿਰਪਾਲ ਸਿੰਘ ਦੇ ਪਦ-ਉੱਨਤ ਹੋ ਕੇ ਸਿਵਲ ਸਰਜਨ ਸੰਗਰੂਰ ਬਣਨ ਦੀ ਖੁਸ਼ੀ ਵਿੱਚ ਉੱਘੇ ਸਮਾਜ ਸੇਵੀ ਆਗੂ ਸਾਹਿਬਾਨਾਂ ਵੱਲੋਂ ਡਾਕਟਰ ਸਾਹਿਬ ਦੀ ਮਿਹਨਤ ਤੇ ਚੰਗੇ ਸੁਭਾਅ ਦੇ ਨਾਲ ਸੰਗਰੂਰ ਦੇ ਸਿਵਲ ਹਸਪਤਾਲ ਨੂੰ ਬੜੇ ਵਧੀਆ ਢੰਗ ਦੇ ਨਾਲ ਅੱਗੇ ਤੋਰਦੇ ਹੋਏ ਤੇ ਵੱਡੀ ਗਿਣਤੀ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਆਏ ਮਰੀਜ਼ਾਂ ਨੂੰ ਸਰਕਾਰ ਵੱਲੋਂ ਆਈਆਂ ਸਕੀਮਾਂ ਦਾ ਲਾਭ ਦੇਣ ਅਤੇ ਦਿਵਾਉਣ ਲਈ ਡਾਕਟਰ ਸਾਹਿਬ ਵਚਨਬੱਧ ਰਹਿੰਦੇ ਹਨ। ਇਸ ਲਈ ਸਮਾਜ ਸੇਵੀ ਆਗੂਆਂ ਵੱਲੋਂ ਇਨ੍ਹਾਂ ਦੀ ਗੁਣਵੱਤਾ ਨੂੰ ਦੇਖਦੇ ਹੋਏ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਸ ਵਿੱਚ ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਦਮਦਮੀ, ਸਾਬਕਾ ਸਰਪੰਚ ਤੇ ਜ਼ਿਲ੍ਹਾ ਲੇਬਰ ਕੋਰਟ ਦੇ ਮੈਂਬਰ ਪਾਲੀ ਸਿੰਘ ਕਮਲ ਗ੍ਰਾਮ ਪੰਚਾਇਤ ਉੱਭਾਵਾਲ, ਉੱਘੇ ਸਮਾਜ ਸੇਵੀ ਸਰਦਾਰ ਜਸਪਾਲ ਸਿੰਘ ਬੇਦੀ ਸੰਗਰੂਰ, ਕ੍ਰਿਸ਼ਨ ਬਾਵਾ ਨਮੋਲ ਵਾਲੇ, ਹੈਲਥ ਡਿਪਾਰਟਮੈਂਟ ਦੇ ਹੈੱਡ ਕਲਰਕ ਕੁਲਵਿੰਦਰ ਸਿੰਘ ਮਾਨਾ ਤੇ ਹੋਰ ਵੱਲੋਂ ਸਨਮਾਨ ਕੀਤਾ ਗਿਆ। ਸੰਸਥਾ ਵੱਲੋਂ ਡਾਕਟਰ ਸਾਹਿਬ ਦੀ ਬਹੁਤ ਜਲਦੀ ਇਸ ਉਪਲਬਧੀ ਨੂੰ ਹਾਸਲ ਕਰਨ ਲਈ ਕੀਤੀ ਗਈ ਮਸਤੂਆਣਾ ਸਾਹਿਬ ਵਿਖੇ ਅਰਦਾਸ ਕੀਤੀ ਗਈ।

# 'ਸਫਰ-ਏ-ਸ਼ਹਾਦਤ' ਹਫਤੇ ਤਹਿਤ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਕਰਾਇਆ ਜਾਣੂ

**ਗੰਗੂ ਬ੍ਰਾਹਮਣ ਤੇ ਮੋਤੀ ਰਾਮ ਮਹਿਰਾ ਦੋਨੋਂ ਰਸੋਈਏ, ਪਰ ਸੋਚ 'ਚ ਫਰਕ : ਚਾਣਕੀਆ**



**ਕੋਟਕਪੂਰਾ (ਸ਼ਾਮ ਲਾਲ ਚਾਵਲਾ)**

ਪਿਛਲੇ ਸਾਲ ਦੀ ਤਰਾਂ ਇਸ ਵਾਰ ਵੀ 'ਸਫਰ-ਏ-ਸ਼ਹਾਦਤ' ਤਹਿਤ ਸਥਾਨਕ ਗੁਰਦਵਾਰਾ ਪਾਤਸ਼ਾਹੀ ਦਸਵੀਂ ਵਿਖੇ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸੱਤ ਰੋਜ਼ਾ 'ਸ਼ਹੀਦੀ ਜੋੜ ਮੇਲ' ਮੌਕੇ ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਚਾਣਕੀਆ ਨੇ ਗੁਰੂ ਗੋਬਿੰਦ ਸਿੰਘ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਭਾਈ ਮੋਤੀ ਰਾਮ ਮਹਿਰਾ ਜੀ ਤੇ ਸਮੂਹ ਸ਼ਹੀਦ ਸਿੰਘ/ਸਿੰਘਣੀਆਂ ਦੀਆਂ ਸ਼ਹਾਦਤਾਂ, ਕੁਰਬਾਨੀਆਂ ਅਤੇ ਪ੍ਰੇਰਨਾਵਾਂ ਤੋਂ ਜਾਣੂ ਕਰਵਾਇਆ।

ਉਨ੍ਹਾ ਦੱਸਿਆ ਕਿ ਅਖੀਰਲੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਗੁਰਬਾਣੀ ਕੀਰਤਨ ਰਾਹੀਂ ਵੱਖ ਵੱਖ ਰਾਗੀ ਜਥਿਆਂ ਨੇ ਹਾਜ਼ਰੀ ਲਵਾਈ। ਬਾਬਾ ਕੁਲਵੰਤ ਸਿੰਘ ਚਾਣਕੀਆ ਨੇ ਪਹਿਲੇ ਦਿਨ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਆਖਿਆ ਕਿ ਦੁਸ਼ਮਣਾਂ ਦੀਆਂ ਚੁੱਕੀਆਂ ਸਹੁੰਆਂ ਤੇ ਦਿਵਾਏ ਗਏ ਯਕੀਨ ਤੋਂ ਬਾਅਦ ਕਿਲ੍ਹਾ ਛੱਡਣ ਉਪਰੰਤ ਪਰਿਵਾਰ ਵਿਛੋੜਾ ਪੈ ਗਿਆ, ਜੋ ਸ਼ਹੀਦੀ ਜਾਮ ਪੀਣ ਤੱਕ ਪਰਿਵਾਰ ਇਕੱਠਾ ਨਾ ਹੋ ਸਕਿਆ। ਦੂਜੇ ਦਿਨ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਗੜ੍ਹੀ ਵਿੱਚ ਸ਼ਹੀਦੀ ਬਾਰੇ ਦੱਸਿਆ ਕਿ ਦੁਸ਼ਮਣਾਂ ਨੂੰ ਸਖਤ ਟੱਕਰ ਦੇ ਕੇ ਸੋਚਣ ਲਈ ਮਜਬੂਰ ਕਰਨ ਵਾਲਿਆਂ ਸਾਹਿਬਜ਼ਾਦਿਆਂ ਦੀ ਗੱਤਕੇਬਾਜ਼ੀ, ਕਲਾ ਤੇ ਫੁਰਤੀ ਦੇਖ ਕੇ ਦੁਸ਼ਮਣ ਫੌਜਾਂ ਹੈਰਾਨ ਹੋ ਰਹੀਆਂ ਸਨ। ਤੀਜੇ ਦਿਨ ਦਸਮੇਸ਼ ਪਿਤਾ ਜੀ ਦਾ ਚਮਕੌਰ ਗੜ੍ਹੀ ਨੂੰ ਛੱਡਣ ਬਾਰੇ ਉਨ੍ਹਾਂ ਦੱਸਿਆ ਕਿ ਆਪਣੀਆਂ ਅੱਖਾਂ ਸਾਹਮਣੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਸਮੇਤ ਅਨੇਕਾਂ ਸਿੰਘਾਂ ਦੀ ਸ਼ਹਾਦਤ ਨੂੰ ਦੇਖਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਖੁਦ ਦੁਸ਼ਮਣਾ ਨਾਲ ਟੱਕਰ ਲੈਣ ਦੀ ਜ਼ਿੱਦ ਕਰਨ ਲੱਗੇ, ਪਰ ਪੰਜ ਸਿੰਘਾਂ ਦਾ ਦਿੱਤਾ ਆਦੇਸ਼ ਮੰਨ ਕੇ ਚਮਕੌਰ ਦੀ ਗੜ੍ਹੀ ਛੱਡਣ ਲਈ ਮਜਬੂਰ ਹੋ ਗਏ। ਚੌਥੇ ਦਿਨ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸਰਹਿੰਦ ਤੱਕ ਦੇ ਸਫ਼ਰ ਦਾ ਬਿਰਤਾਂਤ ਬਿਆਨ ਕਰਦਿਆਂ ਬਾਬਾ ਕੁਲਵੰਤ ਸਿੰਘ ਚਾਣਕੀਆ ਨੇ ਆਖਿਆ ਕਿ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ 'ਤੇ ਵਿਸ਼ਵਾਸ ਕਰਕੇ ਮਾਤਾ ਗੁਜਰੀ ਜੀ ਛੋਟੇ ਲਾਲਾਂ ਨੂੰ ਲੈ ਕੇ ਉਸ ਦੇ ਘਰ ਚਲੇ ਗਏ, ਪਰ ਗੰਗੂ ਬੇਈਮਾਨ ਹੋ ਗਿਆ ਤੇ ਉਸ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਸੂਬੇ ਨੂੰ ਸੂਚਨਾ ਦੇ ਦਿੱਤੀ। ਪੰਜਵੇਂ ਦਿਨ ਛੋਟੇ ਸਾਹਿਬਜ਼ਾਦਿਆਂ ਦੀ ਸੂਬੇ ਦੀ ਕਚਹਿਰੀ ਵਿੱਚ ਪੇਸ਼ੀ ਮੌਕੇ ਉਹ੍ਹਾਂ ਨੂੰ ਦਿੱਤੇ ਗਏ ਲਾਲਚ ਤੇ ਡਰਾਵਿਆਂ ਬਾਰੇ ਅੰਕੜਿਆਂ ਸਹਿਤ ਅਨੇਕਾਂ ਉਦਾਹਰਨਾਂ ਦੇ ਕੇ ਸੰਗਤ ਨੂੰ ਵਿਲੱਖਣ ਘਟਨਾਕ੍ਰਮ ਤੋਂ ਜਾਣੂ ਕਰਵਾਇਆ।

ਜਥੇਦਾਰ ਚਾਣਕੀਆ ਨੇ ਛੇਵੇਂ ਦਿਨ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਸਬੰਧੀ ਜਦੋਂ ਸੰਗਤਾਂ ਨਾਲ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਤਾਂ ਸੰਗਤਾਂ ਦੀਆਂ ਅੱਖਾਂ ਨਮ ਹੋ ਗਈਆਂ। ਉਨ੍ਹਾ ਦੱਸਿਆ ਕਿ ਇੱਕ ਪਾਸੇ ਦੁਸ਼ਮਣਾਂ ਦੇ ਰਸੋਈਏ ਮੋਤੀ ਰਾਮ ਮਹਿਰਾ ਨੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਬਦਲੇ ਆਪਣੇ ਪਰਿਵਾਰ ਲਈ ਐਨੀ ਵੱਡੀ ਮੁਸੀਬਤ ਸਹੇੜੀ ਕਿ ਉਸ ਨੂੰ ਆਪਣਾ ਸਾਰਾ ਪਰਿਵਾਰ ਹੀ ਕੁਰਬਾਨ ਕਰਨਾ ਪਿਆ ਤੇ ਦੂਜੇ ਪਾਸੇ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਦੀ ਬੇਈਮਾਨੀ ਕਰਕੇ ਲੋਕ ਗੰਗੂ ਦਾ ਨਾਮ ਨਫਰਤ ਨਾਲ, ਜਦਕਿ ਮੋਤੀ ਰਾਮ ਮਹਿਰਾ ਦਾ ਨਾਮ ਸਤਿਕਾਰ ਨਾਲ ਲੈਂਦੇ ਹਨ। ਸਫਰ-ਏ-ਸ਼ਹਾਦਤ ਦੇ ਸਾਰੇ ਦਿਨ ਅਮਰਦੀਪ ਸਿੰਘ ਦੀਪਾ ਸਮੇਤ ਅਨੇਕਾਂ ਵੀਰ-ਭੈਣਾਂ ਤੇ ਬੱਚਿਆਂ ਨੇ ਨਿਸ਼ਕਾਮ ਸੇਵਾਵਾਂ ਨਿਭਾਉਂਦਿਆਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

# ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ

**ਸ਼ਹੀਦ ਊਧਮ ਸਿੰਘ ਦੇ 125ਵੇਂ ਜਨਮ ਦਿਨ ਨੂੰ ਕੀਤਾ ਸਮਰਪਤ**



ਜਥੇਬੰਦੀ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ ਨਵੇਂ ਸਾਲ ਦਾ ਕੈਲੰਡਰ ਜਾਰੀ ਕਰਦੇ ਹੋਏ। (ਫੋਟੋ : ਭੁਪਿੰਦਰ ਸਿੰਘ)

**ਮੋਗਾ (ਅਮਰਜੀਤ ਬੱਬਰੀ)**

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਵਿਖੇ ਆਜ਼ਾਦੀ ਸੰਗਰਾਮ ਦੇ ਮਹਾਨ ਨਾਇਕ ਸ਼ਹੀਦ ਊਧਮ ਸਿੰਘ ਜੀ ਦੇ 125ਵੇਂ ਜਨਮ ਦਿਨ ਨੂੰ ਸਮਰਪਤ ਨਵਾਂ ਸਾਲ 2024 ਦਾ ਕੈਲੰਡਰ ਜਾਰੀ ਕੀਤਾ ਗਿਆ। ਕੈਲੰਡਰ ਜਾਰੀ ਕਰਨ ਦੀ ਰਸਮ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਸੂਬਾ ਸਲਾਹਕਾਰ ਪ੍ਰੇਮ ਚਾਵਲਾ ਤੇ ਲਛਮਣ ਸਿੰਘ ਮਲੂਕਾ, ਭੁਪਿੰਦਰ ਸਿੰਘ ਸੇਖੋਂ, ਬੂਟਾ ਸਿੰਘ ਭੱਟੀ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ ਵੱਲੋਂ ਸਾਂਝੇ ਤੌਰ 'ਤੇ ਅਦਾ ਕੀਤੀ ਗਈ। ਜ਼ਿਕਰਯੋਗ ਹੈ ਕਿ ਕੈਲੰਡਰ ਵਿੱਚ ਜਥੇਬੰਦੀ ਦੇ ਉਦੇਸ਼ ਜਿਵੇਂ ਕਿ ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਵਾ ਕੇ ਕਾਮਨ ਸਕੂਲ ਸਿੱਖਿਆ ਸਿਸਟਮ ਲਾਗੂ ਕਰਵਾਉਣਾ, ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਨੀਤੀ ਦੇ ਖਿਲਾਫ ਲਗਾਤਾਰ ਸੰਘਰਸ਼ ਕਰਨਾ, ਪੰਜਾਬ ਦੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਅਸਲ ਰੂਪ ਵਿੱਚ ਬਹਾਲ ਕਰਵਾਉਣਾ, 10+2 ਜਮਾਤ ਤੱਕ ਮੁਫਤ ਤੇ ਲਾਜ਼ਮੀ ਸਿੱਖਿਆ ਲਾਗੂ ਕਰਵਾਉਣਾ, ਪਰਖ ਕਾਲ ਦੇ ਸਮੇਂ ਦੌਰਾਨ ਕੀਤੀ ਗਈ ਸੇਵਾ ਦੌਰਾਨ ਪੂਰੀਆਂ ਤਨਖਾਹਾਂ ਤੇ ਭੱਤੇ ਲਾਗੂ ਕਰਵਾਉਣਾ, ਐੱਨ ਐੱਸ ਕਿਉ ਐੱਫ ਅਧਿਆਪਕਾਂ, ਕੰਪਿਊਟਰ ਅਧਿਆਪਕਾਂ, ਹੋਰ ਕੱਚੇ ਤੇ ਠੇਕਾ ਅਧਾਰਤ ਵਲੰਟੀਅਰਾਂ ਦੀਆਂ ਸੇਵਾਵਾਂ ਸਿੱਖਿਆ ਵਿਭਾਗ ਪੰਜਾਬ ਵਿੱਚ ਰੈਗੂਲਰ ਕਰਵਾਉਣਾ, ਅਧਿਆਪਕਾਂ ਦੇ ਵੱਖ-ਵੱਖ ਵਰਗਾਂ ਲਈ ਸ਼ਾਨਦਾਰ ਤਨਖਾਹ ਸਕੇਲਾਂ ਦੀ ਪ੍ਰਾਪਤੀ ਕਰਨਾ, ਕੇਂਦਰੀ ਪੈਟਰਨ ਅਨੁਸਾਰ ਤਨਖ਼ਾਹ ਸਕੇਲ ਦੇਣ ਸੰਬੰਧੀ 17 ਜੁਲਾਈ 2020 ਦਾ ਪੱਤਰ ਰੱਦ ਕਰਵਾਉਣਾ, ਜਥੇਬੰਦੀ ਦੇ ਮੰਗ ਪੱਤਰ ਵਿੱਚ ਦਰਜ ਸਾਰੀਆਂ ਮੰਗਾਂ ਦੇ ਨਿਪਟਾਰੇ ਤੱਕ ਲਗਾਤਾਰ ਸੰਘਰਸ਼ ਕਰਨਾ ਆਦਿ ਉਦੇਸ਼ ਸ਼ਾਮਲ ਕੀਤੇ ਗਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਕੁਲਦੀਪ ਸਿੰਘ ਸਹਿਦੇਵ, ਜਸਪਾਲ ਸੰਧੂ ਜਲੰਧਰ, ਬਲਜੀਤ ਟੌਮ, ਰਵੀ ਕੁਮਾਰ ਤਰਨਤਾਰਨ, ਮਨਜੀਤ ਸਿੰਘ ਫਿਰੋਜ਼ਪੁਰ, ਸੱਤਪਾਲ ਸਿੰਘ ਸਹਿਗਲ, ਮੇਘਇੰਦਰ ਸਿੰਘ ਬਰਾੜ ਤੇ ਛਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ।

# ਗੁਰਦੁਆਰੇ 'ਚ ਪੁਲਸ ਵੱਲੋਂ ਗੋਲੀ ਚਲਾਉਣ ਦੇ ਰੋਸ ਵਜੋਂ ਲੱਗਾ ਧਰਨਾ ਜਾਰੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਸਾਹਮਣੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਖੇ ਜੁੱਤੀਆਂ ਸਮੇਤ ਪੁਲਸ ਵੱਲੋਂ ਦਾਖਲ ਹੋ ਕੇ ਬੇਅਦਬੀ ਕਰਨ ਅਤੇ ਗੋਲੀ ਚਲਾਉਣ ਦੀ ਘਟਨਾ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਂਝੇ ਤੌਰ ਤੇ ਆਰੰਭਿਆ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਹੈ। ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਦੇ ਬਾਹਰ ਅਰੰਭੇ ਗਏ ਇਸ ਰੋਸ ਪ੍ਰਦਰਸ਼ਨ 'ਚ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਸੀਨੀਅਰ ਅਕਾਲੀ ਆਗੂ ਇੰਜ ਸਵਰਨ ਸਿੰਘ ਹਲਕੇ ਦੀਆਂ ਸੰਗਤਾਂ ਨਾਲ ਹਾਜ਼ਰ ਹੋਏ। ਧਰਨੇ ਦੌਰਾਨ ਬੁਲਾਰਿਆ ਨੇ ਭਗਵੰਤ ਮਾਨ ਸਰਕਾਰ ਦੀ ਕਰੜੀ ਅਲੋਚਨਾ ਕੀਤੀ।

## ਨਵੇਂ ਸਾਲ ਦੇ ਜਸ਼ਨ ਮਨਾਉਣ ਦੀ ਥਾਂ ਪੱਕੇ ਮੋਰਚੇ 'ਤੇ ਡਟੇ ਈ ਟੀ ਟੀ ਅਧਿਆਪਕ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਜਿੱਥੇ ਇੱਕ ਪਾਸੇ ਪੂਰਾ ਦੇਸ਼ ਨਵੇਂ ਸਾਲ ਦੇ ਜਸ਼ਨ ਮਨਾਅ ਰਿਹਾ ਹੈ ਉੱਥੇ ਹੀ ਦੂਜੇ ਪਾਸੇ ਈ ਟੀ ਟੀ ਟੈੱਟ ਪਾਸ ਬੇਰੁਜ਼ਗਾਰ 5994 ਅਧਿਆਪਕ ਯੂਨੀਅਨ ਦੇ ਨੁਮਾਇੰਦੇ ਪੱਕੇ ਮੋਰਚੇ 'ਤੇ ਬੈਠਣ ਲਈ ਮਜ਼ਬੂਰ ਹਨ।ਆਮ ਆਦਮੀ ਦੀ ਸਰਕਾਰ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਵੀ ਪੰਜਾਬ ਦਾ ਪੜ੍ਹਿਆ ਲਿਖਿਆ ਵਰਗ ਸੜਕਾਂ ਕਿਨਾਰੇ ਟੈਂਟ ਲਗਾ ਕੇ ਜੁਆਇਨਿੰਗ ਦੀ ਗੁਹਾਰ ਲਗਾ ਰਿਹਾ ਹੈ।ਪਿਛਲੇ 82 ਦਿਨਾਂ ਤੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਪੱਕਾ ਮੋਰਚਾ ਲਗਾ ਕੇ ਬੈਠੇ ਇਹ ਨੌਜਵਾਨ ਸਰਕਾਰੀ ਪ੍ਰਾਇਮਰੀ ਅਧਿਆਪਕ ਲੱਗਣ ਦੀ ਯੋਗਤਾ ਪੂਰੀ ਕਰ ਚੁੱਕੇ ਹਨ, ਪਰ ਹੁਣ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ ਸਕੂਲਾਂ 'ਚ ਜੁਆਇਨ ਕਰਵਾਉਣ ਦੀ ਬਜਾਇ ਅਦਾਲਤਾਂ ਦੇ ਕੇਸਾਂ 'ਚ ਉਲਝਾਅ ਕੇ ਡੰਗ ਟਪਾਇਆ ਜਾ ਰਿਹਾ ਹੈ।ਇਸ ਮੋਰਚੇ ਬਾਰੇ ਹੋਰ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਬਲਿਹਾਰ ਬੱਲੀ, ਪਰਮਪਾਲ, ਬੱਗਾ ਖੁਡਾਲ, ਕੁਲਵਿੰਦਰ ਬਰੇਟਾ, ਰਮੇਸ਼ ਅਬੋਹਰ, ਪਰਗਟ ਸਿੰਘ, ਲਵਪ੍ਰੀਤ ਦੰਦੀਵਾਲ, ਜੱਸੀ, ਹਰੀਸ਼ ਕੁਮਾਰ ਤੇ ਬੰਟੀ ਅਬੋਹਰ ਨੇ ਦੱਸਿਆ ਕਿ ਪੱਕੇ ਮੋਰਚੇ 'ਤੇ ਬੈਠੇ ਨੌਜਵਾਨਾਂ ਦਾ ਵੀ ਮਨ ਸੀ ਕਿ ਨਵਾਂ ਸਾਲ ਆਪਣੇ ਪਰਿਵਾਰਾਂ ਵਿੱਚ ਬੈਠ ਕੇ ਮਨਾਈਏ ਪਰ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅਸੀਂ ਆਪਣੇ ਪਰਵਾਰਾਂ ਵਿੱਚ ਨਹੀ ਜਾ ਸਕੇ।ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕੱਢੀਆਂ ਗਈਆਂ ਈ ਟੀ ਟੀ ਕਾਡਰ ਦੀਆਂ 5994 ਅਸਾਮੀਆਂ ਦੀ ਲਿਖਤੀ ਪ੍ਰੀਖਿਆ 5 ਮਾਰਚ 2023 ਨੂੰ ਲਈ ਗਈ ਸੀ ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਨਤੀਜਾ ਆਉਣ ਤੋਂ ਬਾਅਦ ਸਕਰੂਟਨੀ (ਦਸਤਾਵੇਜ਼ਾਂ ਦੀ ਜਾਂਚ) ਤੱਕ ਵੀ ਹੋ ਚੁੱਕੀ ਹੈ ਪਰ ਅੱਜ ਤੱਕ ਸਕੂਲਾਂ ਵਿੱਚ ਜੁਆਇਨ ਨਹੀਂ ਕਰਵਾਇਆ ਗਿਆ।

# ਸਰਦੀਆਂ ਦੌਰਾਨ ਜਲ ਜੀਵਾਂ ਦੀ ਸਾਂਭ-ਸੰਭਾਲ ਸੰਬੰਧੀ ਐਡਵਾਇਜ਼ਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਮੱਛੀ ਪਾਲਣ ਵਿਭਾਗ ਨੇ ਸੂਬੇ ਦੇ ਮੱਛੀ ਪਾਲਕਾਂ ਨੂੰ ਸਰਦੀਆਂ ਦੌਰਾਨ ਜਲ-ਜੀਵਾਂ, ਜਿਨ੍ਹਾਂ ਨੂੰ ਸਿਆਲ ਵਿੱਚ ਵਿਸ਼ੇਸ਼ ਦੇਖਭਾਲ ਦੀ ਲੋੜ ਹੁੰਦੀ ਹੈ, ਦੀ ਸਾਂਭ-ਸੰਭਾਲ ਬਾਰੇ ਜਾਗਰੂਕ ਕਰਨ ਲਈ ਐਡਵਾਇਜ਼ਰੀ ਜਾਰੀ ਕੀਤੀ ਹੈ। ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸਰਦੀਆਂ ਦੇ ਮੌਸਮ ਦੌਰਾਨ ਤਾਪਮਾਨ 'ਚ ਗਿਰਾਵਟ ਆਉਣ ਦੇ ਮੱਦੇਨਜ਼ਰ ਸੂਬੇ ਦੇ ਮੱਛੀ ਪਾਲਕਾਂ ਨੂੰ ਮੱਛੀਆਂ ਦੇ ਤਲਾਬ ਵਿੱਚ ਪਾਣੀ ਦਾ ਪੱਧਰ 6-7 ਫੁੱਟ ਤੱਕ ਬਣਾਈ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਹੇਠਲੇ ਗਰਮ ਜ਼ੋਨ ਵਿੱਚ ਹਾਈਬਰਨੇਸ਼ਨ ਵਾਸਤੇ ਮੱਛੀਆਂ ਨੂੰ ਲੋੜੀਂਦੀ ਜਗ੍ਹਾ ਮੁਹੱਈਆ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਇਹ ਵੀ ਸਲਾਹ ਦਿੱਤੀ ਗਈ ਹੈ ਕਿ ਉਹ ਤਾਪਮਾਨ ਦੇ ਹਿਸਾਬ ਨਾਲ ਮੱਛੀਆਂ ਨੂੰ ਖ਼ੁਰਾਕ ਦੇਣ, ਜੈਵਿਕ ਖ਼ੁਰਾਕ ਦੀ ਵਰਤੋਂ ਨੂੰ ਘਟਾਉਣ ਜਾਂ ਬੰਦ ਕਰਨ ਕਿਉਂਕਿ ਵਾਧੂ ਫੀਡ ਤਲਾਬ ਦੇ ਤਲ 'ਤੇ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨਾਲ ਪਾਣੀ ਦੀ ਗੁਣਵੱਤਾ ਵਿਗੜਨ ਲਗਦੀ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਆਕਸੀਜਨ ਦੀ ਕਮੀ ਨੂੰ ਪੂਰਾ ਕਰਨ ਲਈ ਸਵੇਰੇ ਤਲਾਬ 'ਚ ਤਾਜ਼ਾ ਪਾਣੀ ਪਾਉਣ ਜਾਂ ਏਰੀਏਟਰਾਂ ਦੀ ਵਰਤੋਂ ਕਰਨ ਅਤੇ ਤਲਾਬ ਵਿਚਲੇ ਪਾਣੀ ਦੇ ਪੀ.ਐਚ. ਪੱਧਰ ਦੀ ਨਿਯਮਤ ਨਿਗਰਾਨੀ ਨੂੰ ਯਕੀਨੀ ਬਣਾਉਣ ਦੀ ਸਲਾਹ ਵੀ ਦਿੱਤੀ ਗਈ ਹੈ। ਕੈਬਨਿਟ ਮੰਤਰੀ ਨੇ ਮੱਛੀ ਪਾਲਕਾਂ ਨੂੰ ਆਪਣੇ ਫਾਰਮਾਂ ਵਿੱਚ ਆਕਸੀਜਨ ਦੀਆਂ ਗੋਲੀਆਂ ਜਾਂ ਪਾਊਡਰ ਰੱਖਣ ਦੀ ਸਲਾਹ ਵੀ ਦਿੱਤੀ। ਇਸ ਤੋਂ ਇਲਾਵਾ ਸਰਦੀਆਂ ਦੇ ਮੌਸਮ ਦੌਰਾਨ ਫਿਨ ਰੌਟ, ਗਿਲ ਰੌਟ, ਈ.ਯੂ.ਐਸ. ਅਤੇ ਆਰਗੂਲੋਸਿਸ ਵਰਗੀਆਂ ਬਿਮਾਰੀਆਂ ਦੇ ਵਧੇਰੇ ਜੋਖ਼ਮ ਨਾਲ ਪ੍ਰਭਾਵਿਤ ਹੋ ਸਕਣ ਵਾਲੀਆਂ ਮੱਛੀਆਂ ਨੂੰ ਬਚਾਉਣ ਲਈ ਤਲਾਬ ਵਿੱਚ 400 ਮਿਲੀਲੀਟਰ ਪ੍ਰਤੀ ਏਕੜ ਸੀ.ਆਈ.ਐਫ.ਏ.ਐਕਸ. ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਐਡਵਾਈਜ਼ਰੀ ਅਨੁਸਾਰ ਐਲਗਲ ਬਲੂਮਜ਼, ਜੋ ਪਾਣੀ ਵਿੱਚ ਵਾਧੂ ਪੌਸ਼ਟਿਕ ਤੱਤਾਂ ਦੀ ਮੌਜੂਦਗੀ ਕਰਕੇ ਪੈਦਾ ਹੁੰਦੀ ਹੈ, ਨੂੰ 1-2 ਕਿਲੋਗ੍ਰਾਮ ਪ੍ਰਤੀ ਏਕੜ ਦੀ ਦਰ ਨਾਲ ਪੋਟਾਸ਼ੀਅਮ ਪਰਮੈਂਗਨੇਟ (04) ਦੀ ਵਰਤੋਂ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ।

## ਸੜਕ ਹਾਦਸੇ 'ਚ ਨੌਜਵਾਨ ਦੀ ਮੌਤ, 2 ਜ਼ਖ਼ਮੀ

**ਫਿਲੌਰ, (ਨਿਰਮਲ)** ਬੀਤੀ ਰਾਤ ਪਿੰਡ ਗੜ੍ਹਾ ਵਿਖੇ ਹੋਏ ਇਕ ਹਾਦਸੇ ਵਿੱਚ ਇੱਕ ਦੀ ਮੌਤ ਹੋ ਗਈ ਹੈ ਅਤੇ 2 ਜਖਮੀ ਹੋ ਗਏ ਜਖਮੀ ਨੌਜਵਾਨਾਂ ਨੂੰ ਪਿੰਡ ਗੜ੍ਹਾ ਦੇ ਕੁਝ ਨੌਜਵਾਨਾਂ ਨੇ ਨਿੱਜੀ ਵਾਹਨਾਂ ਦੀ ਮਦਦ ਨਾਲ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਇਆ ਹੈ। ਹਾਦਸੇ ਵਿੱਚ ਜਖਮੀ ਨੌਜਵਾਨਾਂ ਦੀ ਪਹਿਚਾਣ ਮਨੀਸ਼ ਕੁਮਾਰ ਪੁੱਤਰ ਰਾਜਾ ਰਾਮ ਵਾਸੀ ਪਿੰਡ ਅਰੋੜਾ ਜਿਲ੍ਹਾ ਊਨਾ ਵਿਜੇ ਕੁਮਾਰ ਪੁੱਤਰ ਪਾਲ ਰਾਮ ਵਾਸੀ ਪਿੰਡ ਥਲਾ ਵਜੋਂ ਹੋਈ ਹੈ। ਮ੍ਰਿਤਕ ਦੀ ਪਹਿਚਾਣ ਰਾਹੁਲ ਪੁੱਤਰ ਪ੍ਰੇਮ ਵਾਸੀ ਪਿੰਡ ਊਨਾ ਵਜੋਂ ਹੋਈ ਹੈ ਦੱਸਿਆ ਜਾ ਰਿਹਾ ਹੈ ਦੋ ਵਿਅਕਤੀ ਇਕ ਸਕੂਟਰੀ 'ਤੇ ਇੱਕ ਵਿਅਕਤੀ ਇੱਕ ਸਕੂਟਰੀ 'ਤੇ ਸਵਾਰ ਸਨ ਤੇ ਇਨ੍ਹਾਂ ਦੀ ਆਪਸ ਵਿੱਚ ਟੱਕਰ ਹੋਣ ਕਾਰਨ ਇਹ ਹਾਦਸਾ ਵਾਪਰ ਗਿਆ। ਸਿਵਲ ਹਸਪਤਾਲ ਦੇ ਡਿਊਟੀ ਡਾਕਟਰ ਨੇ ਦੱਸਿਆ ਕਿ ਦੋਵਾਂ ਵਿਅਕਤੀ ਦਾ ਇਲਾਜ ਚੱਲ ਰਿਹਾ ਹੈ।

## ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਮੀਟਿੰਗ



**ਖਰੜ (ਨਵਾਂ ਜ਼ਮਾਨਾ ਸਰਵਿਸ)** ਗਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਦੀ ਇਕੱਤਰਤਾ ਹਰਨਾਮ ਸਿੰਘਮ ਡੱਲਾ ਦੀ ਪ੍ਰਧਾਨਗੀ ਹੇਠ ਨਗਰ ਕੌਂਸਲ ਪਾਰਕ ਖਰੜ ਵਿਖੇ ਹੋਈ। ਇਹ ਮੀਟਿੰਗ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸੀ। ਇੱਕ ਫੈਸਲੇ ਰਾਹੀਂ ਗਦਰੀ ਬਾਬੇ ਵਿਚਾਰਧਾਰਕ ਮੰਚ ਵੱਲੋਂ ਪੁਆਧ ਦੇ ਗਦਰੀ ਸ਼ਹੀਦ ਕਾਂਸੀ ਰਾਮ ਦੀ ਸ਼ਹਾਦਤ ਨੂੰ ਸਮਰਪਿਤ 'ਗਦਰੀ ਬਾਬਿਆਂ ਦੀ ਵਿਚਾਰਧਾਰਾ ਅਤੇ ਅੱਜ ਦੇ ਹਾਲਾਤ' ਵਿਸ਼ੇ 'ਤੇ 20 ਜਨਵਰੀ ਨੂੰ ਸੈਮੀਨਾਰ ਆਯੋਜਿਤ ਕਰਵਾਉਣ ਦਾ ਅਹਿਮ ਫੈਸਲਾ ਲਿਆ ਗਿਆ। ਇਸ ਸੈਮੀਨਾਰ ਨੂੰ ਸਫਲ ਬਣਾਉਣ ਲਈ ਸਥਾਨਕ ਲੇਖਕ ਸਭਾਵਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਨਾਲ ਸਬੰਧਤ ਟਰੇਡ ਯੂਨੀਅਨਾਂ, ਪੱਤਰਕਾਰਾਂ, ਕਿਸਾਨ ਜਥੇਬੰਦੀਆਂ ਅਤੇ ਧਰਮ ਨਿਰਪੱਖ ਲੋਕਾਂ ਨੂੰ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਵੇਗੀ। ਹਾਜ਼ਰ ਮੈਂਬਰਾਂ ਵੱਲੋਂ ਮੰਚ ਦੇ ਵਿਧਾਨ ਨੂੰ ਅੰਤਿਮ ਰੂਪ ਦਿੱਤਾ ਗਿਆ। ਇਕੱਤਰਤਾ 'ਚ ਸੇਵਾ ਸਿੰਘ ਖਾਨਪੁਰ, ਯੋਗ ਰਾਜ, ਦਿਨੇਸ਼ ਪ੍ਰਸਾਦ, ਗੁਰਮੇਲ ਸਿੰਘ, ਕ੍ਰਿਪਾਲ ਸਿੰਘ ਮੁੰਡੀਖਰੜ, ਸੁਰਿੰਦਰ ਸਿੰਘ ਬਡਾਲਾ, ਸੁਰਿੰਦਰ ਸਿੰਘ ਮੋਰਿੰਡਾ, ਸੁਖਵਿੰਦਰ ਸਿੰਘ ਦੁਮਣਾ, ਗੁਰਦੇਵ ਅਰਨੀਵਾਲਾ, ਅਮਰਜੀਤ ਸਿੰਘ ਅਤੇ ਸੁਰਿੰਦਰ ਸਿੰਘ ਰਸੂਲਪੁਰ ਸ਼ਾਮਲ ਹੋਏ।

## ਸ਼੍ਰੋਮਣੀ ਭਗਤ ਬਾਬਾ ਨਾਮਦੇਵ ਦਾ ਪ੍ਰਕਾਸ਼ ਉਤਸਵ ਮਨਾਇਆ



**ਫਿਲੌਰ (ਬੀ ਐਸ ਕੈਨੇਡੀ)** ਸ੍ਰੋਮਣੀ ਭਗਤ ਬਾਬਾ ਨਾਮਦੇਵ ਦਾ 753ਵਾਂ ਪ੍ਰਕਾਸ਼ ਉਤਸਵ ਸਰਕਾਰੀ ਸਰਾਂ ਫਿਲੌਰ ਵਿਖੇ ਬੜੀ ਸ਼ਰਧਾਪੂਰਵਕ ਮਨਾਇਆਂ ਗਿਆ। ਸਵੇਰੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਕੀਰਤਨ ਦੌਰਾਨ ਰਾਗੀ ਜਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

## ਗੋਇਨਕਾ ਸਕੂਲ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੀਤਾ ਯਾਦ



**ਕਪੂਰਥਲਾ, (ਹਨੀ)** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਮਾਤਾ ਗੁਜਰੀ ਤੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੀਰ ਬਾਲ ਦਿਵਸ ਮਨਾਇਆ ਗਿਆ, ਜਿਸ ਦੀ ਸ਼ੁਰੂਆਤ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਸਭਾ ਕਰਵਾਈ ਗਈ। ਇਸ ਦੌਰਾਨ ਵਿਦਿਆਰਥੀਆਂ ਨੇ ਸ਼ਬਦ ਗਾਇਨ, ਧਾਰਮਿਕ ਗੀਤਾਂ ਅਤੇ ਕਵਿਤਾਵਾਂ ਰਾਹੀਂ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਦੀ ਜੀਵਨੀ ਅਤੇ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਇਆ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਨੇ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆ ਦੀ ਸ਼ਹਾਦਤ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਵੱਲੋਂ ਦਿਖਾਏ ਸੱਚ ਦੇ ਰਸਤੇ 'ਤੇ ਚੱਲਣ ਦਾ ਸੁਨੇਹਾ ਦਿੱਤਾ।

# ਦਿਹਾਣਾ ਵਿਖੇ ਪਹਿਲਾ 7 ਸਾਈਡ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਦਿਹਾਣਾ ਵਿਖੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਗਦਰੀ ਬਾਬੇ ਸਪੋਰਟਸ ਕਲੱਬ ਦਿਹਾਣਾ ਦੀ ਗਰਾਊਂਡ 'ਚ ਪਹਿਲਾਂ 7 ਸਾਈਡ ਫੁੱਟਬਾਲ ਟੂਰਨਾਮੈਂਟ ਸਾਨੋ ਸੌਕਤ ਨਾਲ ਸਮਾਪਤ ਹੋਇਆ। ਇਸ ਮੌਕੇ ਮੁੱਖ ਪ੍ਰਬੰਧਕ ਬਲਵੀਰ ਸਿੰਘ ਸਮਰਾ ਨੇ ਦੱਸਿਆ ਕਿ ਸਵਰਗਵਾਸੀ ਗੁਰਮੀਤ ਕੌਰ ਸਮਰਾ ਦੀ ਯਾਦ 'ਚ ਪਹਿਲਾਂ 7 ਸਾਈਡ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਟੂਰਨਾਮੈਂਟ 'ਚ ਪੰਜਾਬ ਨਾਮਵਰ ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਦਿਹਾਣਾ ਅਤੇ ਹਾਰਟਾ ਵਿਚਕਾਰ ਖੇਡਿਆ ਗਿਆ। ਜਿਸ 'ਚ ਦਿਹਾਣਾ ਦੀ ਟੀਮ 4-0 ਜੇਤੂ ਰਹੀ। ਇਨਾਮਾਂ ਦੀ ਵੰਡ ਮੁੱਖ ਮਹਿਮਾਨ ਗਿਆਨ ਸਿੰਘ ਸਮਰਾ ਰਿਟਾਇਰ ਸੈਨਾ ਪੁਲਸ ਦੀ ਪੜਪੋਤੀ ਖੁਸ਼ਰੂਪ ਕੌਰ ਸਮਰਾ ਅਤੇ ਬਲਵੀਰ ਸਿੰਘ ਸਮਰਾ ਵੱਲੋਂ ਸਾਂਝੇ ਤੌਰ 'ਤੇ ਕੀਤੀ। ਪ੍ਰਬੰਧਕ ਬਲਵੀਰ ਸਿੰਘ ਸਮਰਾ, ਅਵਤਾਰ ਸਿੰਘ ਦਿਹਾਣਾ ਇੰਟਰਨੈਸ਼ਨਲ ਅਥਲੀਟ ਦਿਹਾਣਾ, ਗੁਰਵਿੰਦਰ ਸਿੰਘ ਬਾਵਾ, ਜਗਦੀਸ਼ ਸਿੰਘ ਸੋਨਾ, ਗੁਰਦੀਪ ਸਿੰਘ ਸਰੋਆ, ਕਰਨੈਲ ਸਿੰਘ, ਬਲਦੇਵ ਸਿੰਘ, ਮਨਦੀਪ ਸਿੰਘ ਆਸੂ ਸੈਣੀ, ਹਰਸਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਖੇਡ ਪ੍ਰੇਮੀ ਹਾਜ਼ਰ ਸਨ।

# ਮੀਤ ਹੇਅਰ ਵੱਲੋਂ ਪੰਜਾਬ ਸਪੋਰਟਸ 'ਵਰਸਿਟੀ ਦਾ ਨਵੇਂ ਸਾਲ ਦਾ ਕੈਲੰਡਰ ਜਾਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਨਵੇਂ ਸਾਲ ਦੀ ਪੂਰਵ ਸੰਧਿਆ 'ਤੇ ਪੰਜਾਬ ਦੀਆਂ ਖੇਡ ਪ੍ਰਾਪਤੀਆਂ ਨੂੰ ਦਰਸਾਉਂਦਾ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ।ਇਹ ਕੈਲੰਡਰ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਪੰਜਾਬ ਦੇ ਸਮੂਹ ਐਵਾਰਡ ਜੇਤੂ ਖਿਡਾਰੀ ਤੇ ਖਿਡਾਰਨਾਂ ਨੂੰ ਸ਼ਾਮਲ ਕੀਤਾ ਗਿਆ ਹੈ।ਦੋ ਕੈਲੰਡਰ ਤਿਆਰ ਕੀਤੇ ਗਏ ਹਨ, ਇੱਕ ਦੀਵਾਰ ਵਾਲਾ ਅਤੇ ਦੂਜਾ ਟੇਬਲ ਕੈਲੰਡਰ।ਖੇਡ ਮੰਤਰੀ ਵੱਲੋਂ ਵਿਸ਼ੇਸ਼ ਮੁੱਖ ਸਕੱਤਰ ਸਰਵਜੀਤ ਸਿੰਘ ਤੇ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲੈਫਟੀਨੈਂਟ ਜਨਰਲ (ਰਿਟਾ.) ਜੇ ਐਸ ਚੀਮਾ ਦੀ ਹਾਜ਼ਰੀ 'ਚ ਇਹ ਜਾਰੀ ਕੀਤੇ ਗਏ। ਖੇਡ ਮੰਤਰੀ ਨੇ ਨਵੇਂ ਸਾਲ ਦੀ ਸਮੂਹ ਪੰਜਾਬੀਆਂ ਅਤੇ ਖੇਡ ਜਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਦਾ ਅਮੀਰ ਖੇਡ ਵਿਰਸਾ ਹੈ ਅਤੇ ਪੰਜਾਬੀ ਖਿਡਾਰੀਆਂ ਨੇ ਕੁੱਲ ਦੁਨੀਆਂ ਵਿੱਚ ਆਪਣੀ ਖੇਡ ਦਾ ਲੋਹਾ ਮਨਵਾਇਆ ਹੈ। ਖੇਡ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਖਿਡਾਰੀਆਂ ਨੇ ਹੁਣ ਤੱਕ ਚਾਰ ਪਦਮਾ ਭੂਸ਼ਣ, 24 ਪਦਮਾ ਸ੍ਰੀ, ਚਾਰ ਖੇਲ ਰਤਨ ਪੁਰਸਕਾਰ, 129 ਅਰਜੁਨਾ ਐਵਾਰਡ, 15 ਦਰੋਣਾਚਾਰੀਆ ਐਵਾਰਡ, 21 ਧਿਆਨ ਚੰਦ ਐਵਾਰਡ ਅਤੇ ਪੰਜ ਤੇਨਜ਼ਿੰਗ ਨਾਰਗੇ ਪੁਰਸਕਾਰ ਜਿੱਤੇ ਹਨ। ਸਮੂਹ 202 ਐਵਾਰਡ ਜੇਤੂ ਕੈਲੰਡਰ ਵਿੱਚ ਸ਼ਾਮਲ ਕੀਤੇ ਗਏ ਹਨ। ਲੈਫਟੀਨੈਂਟ ਜਨਰਲ (ਰਿਟਾ.) ਜੇ.ਐਸ. ਚੀਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਲੰਡਰ ਦਾ ਵਿਲੱਖਣ ਪਹਿਲੂ ਇਹ ਹੈ ਕਿ ਕੌਮਾਂਤਰੀ ਔਰਤ ਦਿਵਸ ਵਾਲੇ ਮਾਰਚ ਮਹੀਨੇ ਸਾਰੀਆਂ ਐਵਾਰਡ ਜੇਤੂ ਮਹਿਲਾ ਖਿਡਾਰਨਾਂ, ਵਿਸ਼ਵ ਅਥਲੈਟਿਕਸ ਦਿਵਸ ਵਾਲੇ ਮਈ ਮਹੀਨੇ ਸਾਰੇ ਅਥਲੈਟਿਕਸ ਦੇ ਐਵਾਰਡ ਜੇਤੂ ਸ਼ਾਮਲ ਹਨ। ਇੱਕ ਪਰਿਵਾਰ ਵਿੱਚ ਕਈ ਐਵਾਰਡ ਜੇਤੂ ਖਿਡਾਰੀ ਵੀ ਹਨ ਜਿਵੇਂ ਪਿਤਾ-ਪੁੱਤਰ, ਦੋ ਭਰਾ, ਪਤੀ-ਪਤਨੀ, ਚਾਚਾ-ਭਤੀਜਾ ਆਦਿ ਹਨ। ਇਨ੍ਹਾਂ ਸਭ ਨੂੰ ਕੈਲੰਡਰ 'ਚ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ।

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰਸ਼ਨ-ਉੱਤਰ ਮੁਕਾਬਲੇ ਕਰਵਾਏ

**ਆਦਮਪੁਰ (ਪਰਮਜੀਤ ਸਿੰਘ)**-ਪਿੰਡ ਕੋਟਲੀ ਅਰਾਈਆਂ ਵਿਖੇ ਐਨ ਆਰ ਆਈ ਭੁਪਿੰਦਰ ਸਿੰਘ ਹੁੰਦਲ ਹੁਰਾ ਵੱਲੋਂ ਸੰਸਥਾਪਕ ਸੰਸਥਾ ਮੇਰਾ ਪਿੰਡ 360 ਫਾਊਂਡੇਸ਼ਨ ਦੇ ਮੁੱਖ ਸੈਂਟਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਅਤੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਇਲਾਕੇ ਦੇ ਛੋਟੇ-ਛੋਟੇ ਬੱਚਿਆਂ ਦੇ ਪ੍ਰਸ਼ਨ ਉੱਤਰ ਮੁਕਾਬਲਾ ਕਰਵਾਏ ਗਏ, ਜਿਸ 'ਚ 120 ਤੋਂ ਵੱਧ ਬੱਚਿਆਂ ਨੇ ਵੱਧ ਚੜਕੇ ਭਾਗ ਲਿਆ ਅਤੇ ਮੈਰਿਟ 'ਚ ਆਉਣ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬਾਕੀ ਬੱਚਿਆਂ ਦਾ ਵੀ ਹੌਸਲਾ ਵਧਾਇਆ ਗਿਆ।ਸੰਸਥਾ ਵੱਲੋਂ ਵੱਖ ਵੱਖ ਇਤਿਹਾਸਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਦੇ ਜੀਵਨ ਤੋਂ ਜਾਣੂ ਕਰਵਾਉਣ ਲਈ ਸਮੇਂ ਸਮੇਂ 'ਤੇ ਅਜਿਹੀਆਂ ਪ੍ਰਤੀਯੋਗਤਾਵਾਂ ਕਾਰਵਾਈਆਂ ਜਾਂਦੀਆਂ ਹਨ ਤਾਂ ਕਿ ਬੱਚਿਆਂ ਦਾ ਆਪਣੇ ਵਿਰਸੇ ਨਾਲ ਲਗਾਵ ਲੱਗਿਆ ਰਹੇ।ਇਸ ਮੌਕੇ ਸੰਸਥਾ ਦੇ ਮੈਨੇਜਰ ਪੀਊਸ਼ ਨਰ, ਮਨੀਸ਼ਾ ਨਰ, ਅਮਨਦੀਪ ਸਿੰਘ, ਭਾਰਤੀ ਆਦਿ ਹਾਜ਼ਰ ਸਨ।



## ਵੰਦੇ ਭਾਰਤ ਐਕਸਪ੍ਰੈਸ ਦਾ ਫਗਵਾੜਾ ਵਿਖੇ ਠਹਿਰਾਅ 'ਤੇ ਧੰਨਵਾਦ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਰਜਿ. ਫਗਵਾੜਾ ਅਤੇ ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵੱਲੋਂ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਵੰਦੇ ਭਾਰਤ ਐਕਸਪ੍ਰੈਸ ਰੇਲ ਗੱਡੀ ਦਾ ਫਗਵਾੜਾ ਸਟੇਸ਼ਨ ਪੁੱਜਣ 'ਤੇ ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਅਤੇ ਸਮਾਜ ਸੇਵਿਕਾ ਮੈਡਮ ਅਨੀਤਾ ਸੋਮ ਪ੍ਰਕਾਸ਼ ਕੈਂਥ ਦਾ ਟ੍ਰੇਨ ਦਾ ਫਗਵਾੜਾ ਵਿਖੇ ਠਹਿਰਾਵ ਦਿਵਾਉਣ ਲਈ ਧੰਨਵਾਦ ਕਰਦੇ ਹੋਏ ਸਭਾ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਅਵਤਾਰ ਸਿੰਘ ਮੰਡ ਕੌਮੀ ਸਕੱਤਰ ਭਾਜਪਾ ਕਿਸਾਨ ਮੋਰਚਾ, ਸੁਸਾਇਟੀ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ ਤੇ ਸਵਰਨ ਸਿੰਘ ਸਵਰਨ ਸਵੀਟ ਸ਼ਾਪ, ਰਾਜ ਕੁਮਾਰ ਕਨੌਜੀਆ, ਜਨਰਲ ਸਕੱਤਰ ਵਿਜੇ ਕੁਮਾਰ, ਪਰਮਜੀਤ ਚਾਚੋਕੀ ਤੇ ਬੰਟੂ ਵਾਲੀਆ ਭਾਜਪਾ ਨੇਤਾ, ਜਗਜੀਤ ਸੇਠ, ਹਰਜਿੰਦਰ ਗੋਗਨਾ, ਮਨਦੀਪ ਬੱਸੀ, ਜਸ਼ਨ ਮਹਿਰਾ, ਡਾ. ਨਰੇਸ਼ ਬਿੱਟੂ, ਸਾਹਿਬਜੀਤ ਸਾਬੀ, ਭੁਪੇਸ਼ ਗੁਪਤਾ, ਰਾਕੇਸ਼ ਕੋਛੜ, ਨਰਿੰਦਰ ਸੈਣੀ, ਗੁਰਸ਼ਰਨ ਬੱਸੀ, ਅਨੂਪ ਦੁੱਗਲ ਤੇ ਰਾਜ ਕੁਮਾਰ ਰਾਜਾ।

## ਨਵੇਂ ਸਾਲ ਦੀ ਆਮਦ 'ਤੇ ਲਗਾਇਆ ਲੰਗਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** 2023 ਨੂੰ ਅਲਵਿਦਾ ਤੇ 2024 ਨੂੰ ਜੀ ਆਇਆ ਕਹਿੰਦਿਆਂ ਲੰਗਰ ਲਗਾਇਆ ਗਿਆ। ਸਥਾਨਕ ਨੈਣਾਂ ਦੇਵੀ ਰੋਡ 'ਤੇ ਮਹੰਤ ਦਿਨੇਸ਼ ਕੁਮਾਰ ਰੋਮੀ ਦੀ ਅਗਵਾਈ 'ਚ ਸ਼ਰਧਾਲੂਆ ਦੀ ਚਾਹ ਪ੍ਰਸਾਦੇ ਕੜੀ ਚਾਵਲ, ਮੰਡੇ, ਭਟੂਰੇ, ਜਲੇਬੀਆਂ, ਖੀਰ ਆਦਿ ਨਾਲ ਸੇਵਾ ਕੀਤੀ ਗਈ। ਇਸ ਮੌਕੇ ਮਹੰਤ ਦਿਨੇਸ਼ ਕੁਮਾਰ ਰੋਮੀ ਨੇ ਦੱਸਿਆ ਅਸੀਂ ਇੱਥੇ 2014 ਤੋਂ ਲੰਗਰ ਦੀ ਸੇਵਾ ਕਰ ਰਹੇ ਹਾਂ ਐਤਵਾਰ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਮਾਤਾ ਨੈਣਾ ਦੇਵੀ ਮੰਦਰ ਜਾਣ ਵਾਲੇ ਸ਼ਰਧਾਲੂਆਂ ਨੂੰ ਚਾਹ ਪ੍ਰਸਾਦੇ ਦੀ ਸੇਵਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਹਰ ਸਾਲ 31 ਦਸੰਬਰ ਵਾਲੇ ਦਿਨ ਜਦੋਂ ਕਿ ਬਹੁਤ ਵੱਡੀ ਤਾਦਾਦ 'ਚ ਸ਼ਰਧਾਲੂ ਮਾਤਾ ਨੈਣਾ ਦੇਵੀ ਮੰਦਰ ਦੇ ਦਰਸ਼ਨਾਂ ਲਈ ਜਾਂਦੇ ਹਨ ਉਹਨਾਂ ਲਈ ਚਾਹ ਪਾਣੀ ਅਤੇ ਲੰਗਰ ਦੀ ਸੇਵਾ ਇੱਥੇ ਕੀਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਸਾਰੇ ਲੋਕਾਂ ਦੀ ਮਦਦ ਨਾਲ ਇਹ ਸੇਵਾ ਨਿਭਾਈ ਜਾਂਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਅਨਿਲ ਕੁਮਾਰ, ਦਿਨੇਸ਼ ਨੱਢਾ, ਸੁਨੀਲ ਕੁਮਾਰ, ਦਿਲਜੀਤ ਸਿੰਘ, ਰਾਜਕੁਮਾਰ ਰਾਜੂ, ਅਸ਼ਵਨੀ ਕੁਮਾਰ, ਪਾਲ ਸਿੰਘ, ਬ੍ਰਿਜ ਰਾਜ, ਸੋਨੂ, ਤੇਜਵੀਰ, ਸ਼ਾਮ ਸੁੰਦਰ ਸੋਨੀ, ਹਰੀ ਸ਼ਾਮ ਆਦਿ ਸੇਵਾਦਾਰ ਹਾਜ਼ਰ ਸਨ।

# ਬਹਿਰਾਮ ਵਿਖੇ ਸੰਤ ਸੰਮੇਲਨ ਕਰਵਾਇਆ



**ਬਹਿਰਾਮ (ਅਵਤਾਰ ਕਲੇਰ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਸੰਤ ਨਰੰਜਣ ਦਾਸ ਗੱਦੀ ਨਸ਼ੀਨ ਡੇਰਾ ਸੱਚ ਖੰਡ ਬੱਲਾਂ ਦੀ ਸਰਪ੍ਰਸਤੀ ਹੇਠ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਬਹਿਰਾਮ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 17ਵਾਂ ਮਹਾਨ ਸੰਤ ਸੰਮੇਲਨ ਬਹਿਰਾਮ ਵਿਖੇ ਕਰਵਾਇਆ ਗਿਆ।

ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜਥਾ ਗਿਆਨੀ ਗੁਰਦੀਪ ਸਿੰਘ ਅੜਾਪੜ ਦੇ ਜਥੇ ਵਲੋਂ ਹਾਜਰੀ ਭਰੀ ਗਈ। ਸੰਤ ਸੰਮੇਲਨ 'ਚ ਸੰਤ ਨਰੰਜਣ ਦਾਸ ਗੱਦੀ ਨਸ਼ੀਨ ਡੇਰਾ ਸੱਚ ਖੰਡ ਬੱਲਾਂ, ਸੰਤ ਕ੍ਰਿਸ਼ਨ ਨਾਥ ਚਹੇੜੂ, ਸੰਤ ਪ੍ਰੀਤਮ ਦਾਸ ਡੇਰਾ ਸੰਗਤਪੁਰ, ਸੰਤ ਹਰਵਿੰਦਰ ਦਾਸ ਡੇਰਾ ਈਸਪੁਰ, ਸੰਤ ਸਤਨਾਮ ਦਾਸ ਡੇਰਾ ਫਰਾਲਾ, ਸੰਤ ਸੁਖਵਿੰਦਰ ਦਾਸ ਡੇਰਾ ਢੱਡੇ, ਸਾਈਂ ਪੱਪਲ ਸ਼ਾਹ ਭਰੋਮਜਾਰਾ, ਸੰਤ ਲੇਖ ਰਾਜ ਨੂਰਪੁਰ, ਸੰਤ ਪ੍ਰੇਮ ਦਾਸ ਫਰਾਲਾ ਆਦਿ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ।

ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਚੌਧਰੀ ਮੋਹਨ ਲਾਲ ਸਾਬਕਾ ਵਿਧਾਇਕ ਬੰਗਾ, ਵਾਟਰ ਸੋਰਸਿਸ ਮੈਨੇਜਮੈਂਟ ਐਂਡ ਡਿਵੈਲਪਮੈਂਟ ਪੰਜਾਬ ਦੇ ਵਾਈਸ ਚੇਅਰਮੈਨ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ, ਕਮਲਜੀਤ ਬੰਗਾ ਮੈਂਬਰ ਜਿਲ੍ਹਾ ਪ੍ਰੀਸ਼ਦ, ਰਘਬੀਰ ਸਿੰਘ ਬਿੱਲਾ, ਪ੍ਰਵੀਨ ਬੰਗਾ ਆਦਿ ਨੇ ਸ਼ਿਰਕਤ ਕੀਤੀ।

# ਦੁੱਧ ਦਾ ਲੰਗਰ ਲਗਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਰਿਟਾਇਰਡ ਐਸ ਐਸ ਪੀ ਹਰਵਿੰਦਰ ਸਿੰਘ ਡੱਲੀ ਦੇ ਸਮੂਹ ਪਰਵਾਰ ਵੱਲੋਂ ਮੋਤੀ ਰਾਮ ਮਹਿਰਾ ਦੀ ਸੇਵਾ ਨੂੰ ਯਾਦ ਕਰਦਿਆਂ ਪਿੰਡ ਡੱਲੀ ਵਿਖੇ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਅੰਮ੍ਰਿਤਪਾਲ ਸਿੰਘ ਡੱਲੀ ਨੇ ਦੱਸਿਆ ਕਿ ਮੌਜੂਦਾ ਦਿਨੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਨ ਚੱਲ ਰਹੇ ਹਨ। ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਤੇ ਨਾਲ ਹੀ ਉਨ੍ਹਾਂ ਸਾਰੇ ਸਿੰਘਾਂ ਨੂੰ, ਜਿਨ੍ਹਾਂ ਗੁਰੂ ਸਾਹਿਬ ਦੀ ਅਗਵਾਈ ਵਿੱਚ ਜ਼ੁਲਮ ਦੇ ਖ਼ਿਲਾਫ਼ ਮੁਗਲਾਂ ਨਾਲ ਲੜਾਈ ਲੜੀ ਅਤੇ ਇਸ ਕਰਕੇ ਉਨਾਂ ਸਾਰੇ ਮੋਤੀ ਰਾਮ ਮਹਿਰਾ ਵਰਗੇ ਗੁਰੂ ਦੇ ਪਿਆਰਿਆਂ ਨੂੰ ਯਾਦ ਕੀਤਾ ਜਾ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਹਰੇਕ ਸ਼ਨੀਵਾਰ ਗੁਰੂ ਸਾਹਿਬ ਜੀ ਦੀ ਕ੍ਰਿਪਾ ਸਦਕਾ 12 ਵਜੇ ਤੋਂ 3 ਵਜੇ ਤੱਕ ਲੰਗਰ ਲਗਾਇਆ ਜਾਂਦਾ ਹੈ। ਇਸ ਮੌਕੇ ਅਮ੍ਰਿਤਪਾਲ ਸਿੰਘ ਡੱਲੀ, ਰਿਟਾਇਰਡ ਐਸ ਐਸ ਪੀ ਹਰਵਿੰਦਰ ਸਿੰਘ ਡੱਲੀ, ਜਿਲ੍ਹਾ ਸਿਹਤ ਅਫਸਰ ਲਖਵੀਰ ਸਿੰਘ, ਇੰਸਪੈਕਟਰ ਬਲਜੀਤ ਸਿੰਘ ਥਾਣਾ ਮੁਖੀ ਭੋਗਪੁਰ, ਐਡਵੋਕੇਟ ਰਾਜ ਗੁਲਜਿੰਦਰ ਸਿੰਘ ਸਿੱਧੂ, ਸਾਬਕਾ ਬੀ ਡੀ ਪੀ ਓ ਰਾਮ ਲੁਭਾਇਆ, ਕੁਲਜੀਤ ਸਿੰਘ, ਗੁਰਪ੍ਰੀਤ ਸਿੰਘ ਡੱਲੀ, ਮਨੀ ਡੱਲੀ, ਜੋਬਨ ਸਿੰਘ, ਸਸੀ ਡੱਲੀ, ਜੀਤ ਲਾਲ ਭੱਟੀ ਹਲਕਾ ਇੰਚਾਰਜ, ਬਲਵਿੰਦਰ ਕੁਮਾਰ ਭੰਡਾਰੀ, ਬਲਵਿੰਦਰ ਸਿੰਘ ਪਤਿਆਲ ਹੋਰ ਆਦਿ ਸ਼ਾਮਲ ਸਨ।



# ਜਿੰਪਾ ਨੇ ਸੂਬੇ ਦੇ ਲੋਕਾਂ ਨੂੰ ਨਵੇਂ ਸਾਲ ਦੀ ਦਿੱਤੀ ਵਧਾਈ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸੂਬੇ ਦੇ ਲੋਕਾਂ ਨੂੰ ਨਵੇਂ ਸਾਲ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਨਵੇਂ ਸਾਲ 'ਤੇ ਸੂਬੇ ਦੇ ਸਮੂਹ ਲੋਕਾਂ ਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਦਾ ਸੰਕਲਪ ਲੈਣਾ ਚਾਹੀਦਾ ਹੈ। ਉਹ ਭਗਵਾਨ ਪਰਸ਼ੂਰਾਮ ਪਾਰਕ, ਗੌਤਮ ਨਗਰ ਵਿਖੇ ਮਾਰਨਿੰਗ ਵਾਕ ਪਾਜ਼ੀਟਿਵ ਫੈਮਿਲੀ ਦੇ ਮੈਂਬਰਾਂ ਨਾਲ ਸੈਰ ਅਤੇ ਯੋਗਾ ਕਰਦਿਆਂ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ।ਕੈਬਨਿਟ ਮੰਤਰੀ ਨੇ ਕਿਹਾ ਕਿ ਹੁਸ਼ਿਆਰਪੁਰ ਵਾਸੀਆਂ ਨੂੰ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਵਿਚ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਕੁਦਰਤ ਦੀ ਗੋਦ ਵਿਚ ਵਸੇ ਇਸ ਸ਼ਹਿਰ ਨੂੰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਅਤੇ ਸੁੰਦਰ ਸ਼ਹਿਰਾਂ ਦੀ ਸ਼੍ਰੇਣੀ ਵਿਚ ਲਿਆਂਦਾ ਜਾ ਸਕੇ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਜਲਦੀ ਹੀ ਸ਼ਹਿਰ ਨੂੰ ਡੰਪ ਮੁਕਤ ਐਲਾਨਿਆ ਜਾਵੇਗਾ।ਇਸ ਦੌਰਾਨ ਉਨ੍ਹਾਂ ਦੁਕਾਨਦਾਰਾਂ ਨੂੰ ਚਾਈਨਾ ਡੋਰ ਨਾ ਵੇਚਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਇਕ ਖਤਰਨਾਕ ਡੋਰ ਹੈ ਜੋ ਕਿ ਪਸ਼ੂਆਂ ਅਤੇ ਪੰਛੀਆਂ ਦੇ ਨਾਲ-ਨਾਲ ਮਨੁੱਖੀ ਜੀਵਨ ਲਈ ਵੀ ਖ਼ਤਰਾ ਹੈ।ਇਸ ਮੌਕੇ ਡਾ. ਗੁਰਦੀਪ ਸ਼ਰਮਾ, ਅਸ਼ੋਕ ਸ਼ਰਮਾ, ਵਰਿੰਦਰ ਵੈਦ, ਰਜਿੰਦਰ ਮਲਹੋਤਰਾ, ਰਾਕੇਸ਼ ਸਾਹਨੀ, ਗੋਬਿੰਦ ਜਸਵਾਲ, ਵਿਨੈ ਸੇਠੀ, ਸੁਮੇਸ਼ ਸੋਨੀ, ਬਲਕਾਰ ਸਿੰਘ, ਮੁਰਲੀ ਮਨੋਹਰ, ਮਨੋਜ ਗੌੜ, ਨਰੇਸ਼ ਕੁਮਾਰ ਸਾਬਾ, ਰਵਿੰਦਰ ਕੁਮਾਰ, ਕੁਲਦੀਪ ਗੁਪਤਾ, ਲਵਨੀਸ਼ ਗੁਪਤਾ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

## ਵਿਸ਼ਵਾਸ ਫਾਊਂਡੇਸ਼ਨ ਨੇ ਲੋੜਵੰਦਾਂ ਨੂੰ ਕੰਬਲ ਵੰਡੇ

**ਮੋਹਾਲੀ (ਗੁਰਜੀਤ ਬਿੱਲਾ)** ਹਮੇਸ਼ਾ ਮਾਨਵਤਾ ਦੀ ਸੇਵਾ ਦੀ ਭਾਵਨਾ ਅਤੇ ਸਮਰਪਣ ਅਤੇ ਸਹਿਯੋਗ ਦੇ ਉਦੇਸ਼ ਨਾਲ ਵਿਸ਼ਵਾਸ ਫਾਊਂਡੇਸ਼ਨ ਵੱਲੋਂ ਗੁਰੂਦੇਵ ਸਵਾਮੀ ਵਿਸ਼ਵਾਸ ਦੇ ਅਸ਼ੀਰਵਾਦ ਨਾਲ ਮੋਹਾਲੀ ਵਿਖੇ ਠੰਡ ਤੋਂ ਬਚਾਅ ਲਈ 150 ਗਰਮ ਕੰਬਲ ਵੰਡੇ ਗਏ।ਇਹ ਕੰਬਲ ਵਿਸ਼ਵਾਸ ਮੈਡੀਟੇਸ਼ਨ ਸੈਂਟਰ ਸੈਕਟਰ 66 ਮੁਹਾਲੀ ਦੇ ਆਸ-ਪਾਸ ਤਰਪਾਲਾਂ ਨਾਲ ਬਣੀਆਂ ਝੁੱਗੀਆਂ ਵਿੱਚ ਰਹਿੰਦੇ ਲੋੜਵੰਦ ਪਰਵਾਰਾਂ ਨੂੰ ਵੰਡੇ ਗਏ।ਇਹ ਨੇਕ ਕਾਰਜ ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਦੇ ਨਿਰਦੇਸ਼ਨ ਹੇਠ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਲੋੜਵੰਦਾਂ ਨੂੰ 1200 ਕੰਬਲ ਵੰਡੇ ਜਾਂਦੇ ਹਨ ਅਤੇ ਇਸ ਸਾਲ ਵੀ 1000 ਕੰਬਲ ਲੋੜਵੰਦਾਂ ਨੂੰ ਵੰਡੇ ਗਏ ਹਨ।ਲੋੜਵੰਦਾਂ ਦੀ ਮੱਦਦ ਕਰਕੇ ਹੀ ਆਪਣੀ ਖੁਸ਼ੀ ਪ੍ਰਾਪਤ ਕਰਨਾ ਸਾਡਾ ਪਰਮ ਧਰਮ ਹੋਣਾ ਚਾਹੀਦਾ ਹੈ। ਵਿਸ਼ਵਾਸ ਫਾਊਂਡੇਸ਼ਨ ਹਮੇਸ਼ਾ ਨਿਰਸਵਾਰਥ ਭਾਵਨਾ ਨਾਲ ਕੰਮ ਕਰਦੀ ਹੈ। ਇਸ ਮੌਕੇ ਵਿਸ਼ਵਾਸ ਫਾਊਂਡੇਸ਼ਨ ਦੇ ਬਹੁਤ ਸਾਰੇ ਪੈਰੋਕਾਰ ਮੌਜੂਦ ਸਨ।

## ਸ਼ਹੀਦੀ ਦਿਹਾੜੇ ਮੌਕੇ ਧਾਰਮਿਕ ਸਮਾਗਮ ਕਰਵਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਹਰਿ ਰਾਇ ਸਾਹਿਬ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀਆਂ, ਸ੍ਰੀ ਗੁਰੂ ਹਰਿ ਰਾਇ ਨੌਜਵਾਨ ਸਭਾ ਭੁੰਗਰਨੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧੰਨ ਧੰਨ ਸ੍ਰੀ ਗੋਬਿੰਦ ਸਿੰਘ ਦੇ ਚਾਰੇ ਸਾਹਿਬਜਾਦੇ, ਮਾਤਾ ਗੁਜਰ ਕੌਰ ਅਤੇ ਸਮੂਹ ਸ਼ਹੀਦਾਂ ਦੀ ਯਾਦ 'ਚ ਰਾਤਰੀ ਦੇ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਹਰਿਰਾਸ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ 'ਚ ਸੰਤ ਬਾਬਾ ਸੁਖਤੇਜ ਸਿੰਘ ਡੁਮੇਲੀ, ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ ਭੁੰਗਰਨੀ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਦਵਿੰਦਰ ਸਿੰਘ, ਅਮਰੀਕ ਸਿੰਘ, ਮਨਪ੍ਰੀਤ ਸਿੰਘ, ਜਗਤਾਰ ਸਿੰਘ ਤਾਰੀ, ਹਰਜਿੰਦਰ ਸਿੰਘ ਕਾਕਾ, ਗੁਰਬਚਨ ਸਿੰਘ ਕਾਕਾ, ਹਰਿੰਦਰ ਸਿੰਘ, ਜਗਤਾਰ ਸਿੰਘ ਭੁੰਗਰਨੀ, ਸਤਵੰਤ ਸਿੰਘ ਸਾਬਕਾ ਪੰਚ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



ਫਿਲੌਰ ਵਿਖੇ ਜਾਗਰਣ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇਚਾਰਜ ਪ੍ਰੇਮ ਕੁਮਾਰ ਕੌਂਸਲਰ, ਨੇਹਾ ਪੰਮਾ ਦੇ ਪਤੀ ਅੰਮ੍ਰਿਤ ਪੰਮਾ, ਕੌਂਸਲਰ ਵੈਭਵ ਸ਼ਰਮਾ, ਗੋਰੀ ਸਾਬਕਾ ਸਰਪੰਚ, ਹਰਕਮਲ ਸਿੰਘ ਬੇਗਮਪੁਰ, ਕੌਂਸਲਰ ਸੁਰਿੰਦਰ ਕੈਂਥ, ਸੁਰਿੰਦਰ ਡਾਬਰ ਨੂੰ ਜਾਗਰਨ ਕਮੇਟੀ ਦੇ ਮੈਂਬਰ ਸਨਮਾਨਿਤ ਕਰਦੇ ਹੋਏ। (ਫੋਟੋ ਤੇ ਵੇਰਵਾ : ਬੀ ਐਸ ਕੈਨੇਡੀ, ਫਿਲੌਰ)

# ਬੀਬੀ ਸੱਤਿਆ ਦੇਵੀ ਨੂੰ ਸ਼ਰਧਾਂਜਲੀਆਂ



**ਮਾਹਿਲਪੁਰ (ਸਫਰੀ)** ਸੀ ਪੀ ਆਈ (ਐਮ) ਦੇ ਸਰਗਰਮ ਵਰਕਰ ਤੇ ਜਨਵਾਦੀ ਇਸਤਰੀ ਸਭਾ ਦੇ ਆਗੂ ਬੀਬੀ ਸੱਤਿਆ ਦੇਵੀ ਗੜ੍ਹੀ ਮੱਟੋਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸੀ ਪੀ ਆਈ (ਐਮ) ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਦਰਸ਼ਨ ਸਿੰਘ ਮੱਟੂ, ਜਿਲ੍ਹਾ ਕਮੇਟੀ ਮੈਂਬਰ ਬੀਬੀ ਸੁਰਿੰਦਰ ਕੌਰ ਚੁੰਬਰ ਨੇ ਕਿਹਾ ਕਿ ਬੀਬੀ ਸੱਤਿਆ ਦੇਵੀ ਬਹੁਤ ਨੇਕ ਸੁਭਾਅ ਦੇ ਮਾਲਕ ਸੀ। ਉਹ ਪਾਰਟੀ ਵੱਲੋਂ ਤੇ ਜਨਵਾਦੀ ਇਸਤਰੀ ਸਭਾ ਵਲੋਂ ਉਲੀਕੇ ਐਕਸ਼ਨਾਂ 'ਚ ਵਧ ਚੜਕੇ ਸ਼ਾਮਲ ਹੁੰਦੇ ਰਹਿੰਦੇ ਸਨ, ਪਰ ਪਿਛਲੇ ਸਮੇਂ ਤੋਂ ਉਨ੍ਹਾਂ ਦੀ ਸਿਹਤ ਨਾਸਾਜ ਚੱਲ ਰਹੀ ਸੀ। ਪਿਛਲੇ ਦਿਨੀਂ ਸੰਖੇਪ ਬਿਮਾਰੀ ਨਾਲ ਸਦੀਵੀਂ ਵਿਛੋੜਾ ਦੇ ਗਏ। ਪਰਵਾਰ ਨੇ ਸੱਤਿਆ ਦੇਵੀ ਬਹੁਤ ਸੇਵਾ ਕੀਤੀ। ਕਾਮਰੇਡ ਦਰਸ਼ਨ ਸਿੰਘ ਮੱਟੂ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਬੀਬੀ ਸੱਤਿਆ ਦੇਵੀ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਦਾ ਸੱਦਾ ਦਿੱਤਾ।

# ਨਾਵਲ 'ਚਿੱਤਰਾ-ਬਚਿੱਤਰਾ' ਤੇ ਹੋਰ ਪੁਸਤਕਾਂ ਦੀ ਸਮੀਖਿਆ ਨਾਲ ਮੀਟਿੰਗ ਸਮਾਪਤ



**ਬਹਿਰਾਮਪੁਰ ਬੇਟ/ਬੇਲਾ/ਚਮਕੌਰ ਸਾਹਿਬ (ਨਵਾਂ ਜ਼ਮਾਨਾ ਸਰਵਿਸ)** ਸਾਹਿਤ ਸਭਾ ਰਜਿ: ਬਹਿਰਾਮਪੁਰ ਬੇਟ ਦੇ ਦਫਤਰ ਕੰਪਲੈਕਸ 'ਚ ਪਟਿਆਲਾ ਤੋਂ ਪਹੁੰਚੇ ਪ੍ਰਗਤੀਸ਼ੀਲ ਗੀਤ ਗਾਇਕ ਪਿਆਰਾ ਦੀਨ ਦੇ ਖ਼ੂਬਸੂਰਤ ਗੀਤ ਨਾਲ ਸ਼ੁਰੂ ਹੋਈ ਮਾਸਿਕ ਇਕੱਤਰਤਾ ਦੀ ਸ਼ੁਰੂਆਤ ਹੋਈ। ਜਿਸ ਦੀ ਪ੍ਰਧਾਨਗੀ ਹਰਨਾਮ ਸਿੰਘ ਡੱਲਾ ਨੇ ਕੀਤੀ। ਇੱਕ ਸੋਕ ਮਤੇ ਰਾਹੀਂ ਉੱਘੇ ਗਜਲਗੋ ਸੁਰਜੀਤ ਸਿੰਘ ਜੀਤ ਦੀ ਪਤਨੀ ਸ੍ਰੀਮਤੀ ਹਰਬੰਸ ਕੌਰ ਅਤੇ ਨਰਿੰਦਰ ਸਿੰਘ ਮਣਕੂ ਦੀ ਭੈਣ ਬੀਬੀ ਪਰਮਜੀਤ ਕੌਰ ਦੀ ਮੌਤ 'ਤੇ ਸੋਕ ਪ੍ਰਗਟ ਕੀਤਾ ਗਿਆ। ਇਕੱਤਰਤ 'ਚ ਸੁਰਿੰਦਰ ਸਿੰਘ ਰਸੂਲਪੁਰ, ਯਾਕੂਬ ਅਲੀ, ਨਾਵਲਕਾਰ ਸੰਤਵੀਰ, ਕੰਵਰਫੂਲ ਸਿੰਘ, ਲੇਖ ਰਾਜ ਧੀਰ, ਰਾਣਾ ਮਨਮੋਹਣ ਸਿੰਘ, ਮੋਹਿਤ, ਨੇਤਰ ਸਿੰਘ ਮੁੱਤੋਂ, ਅਜਮੇਰ ਸਿੰਘ ਫਿਰੋਜਪੁਰੀ, ਡਾਕਟਰ ਦੌਲਤ ਰਾਮ, ਜਗਤਾਰ ਸਿੰਘ ਅਤੇ ਦਵਿੰਦਰ ਸਿੰਘ ਲੋਈ ਨੇ ਭਾਗ ਲਿਆ। ਸਭਾ ਦੇ ਜਨਰਲ ਸਕੱਤਰ ਅਜਮੇਰ ਫਿਰੋਜਪੁਰੀ ਨੇ ਪਿਛਲੇ ਸਮਾਗਮ ਦੀ ਵਿਸਤ੍ਰਿਤ ਰਿਪੋਰਟ ਪੜ੍ਹੀ। ਹਾਜ਼ਰ ਸਾਹਿਤਕਾਰਾਂ ਵੱਲੋਂ ਪੜ੍ਹੀਆਂ ਗਈਆਂ ਪੁਸਤਕਾਂ ਦੀ ਸਮੀਖਿਆ ਕਰਦਿਆਂ ਸੁਰਿੰਦਰ ਸਿੰਘ ਰਸੂਲਪੁਰ ਨੇ ਗਦਰੀ ਬਾਬਿਆਂ, ਸੰਤਵੀਰ ਵਲੋਂ ਪ੍ਰਗਟ ਸਤੌਜ ਦੇ ਨਾਵਲ 'ਖ਼ਬਰ ਇੱਕ ਪਿੰਡ ਦੀ' ਅਤੇ ਗੁਰਮੀਤ ਸਿੰਘ ਸਿੰਗਲ ਦੀਆਂ ਕਹਾਣੀਆਂ, ਪਿਆਰਾ ਦੀਨ ਵੱਲੋਂ ਪ੍ਰਤਾਪੀ ਨਾਵਲ, ਨੇਤਰ ਸਿੰਘ ਮੁੱਤੋਂ ਨੇ ਓਮ ਪ੍ਰਕਾਸ਼ ਬਾਲਮੀਕੀ ਦੀ ਪੁਸਤਕ 'ਆਛੂਤ', ਹਰਨਾਮ ਸਿੰਘ ਡੱਲਾ ਵਲੋਂ ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਚਿੱਤਰਾ-ਬਚਿੱਤਰਾ' ਦੀ ਸਮੀਖਿਆ ਕੀਤੀ ਗਈ ਅਤੇ ਕਿਹਾ ਗਿਆ ਕਿ ਚਿੱਤਰਾ-ਬਚਿੱਤਰਾ ਨਾਵਲ ਜਿੱਥੇ ਪੰਜਾਬੀ ਮੱਧ ਵਰਗੀ ਦੀ ਮਸਤ ਜੀਵਨ ਸ਼ੈਲੀ ਨੂੰ ਬੇਪਰਦ ਕਰਦਾ ਹੈ ਓਥੇ ਦੇਸ ਵੰਡ ਦੇ ਸੰਤਾਪ ਦੀ ਗਾਥਾ ਵੀ ਪਾਠਕਾਂ ਸਾਹਮਣੇ ਲਿਆ ਖੜ੍ਹਾਉਂਦਾ ਹੈ। ਇਸ ਨਾਵਲ ਇਹ ਦੀ ਕਲਾਤਮਕ ਵਿਸੇਸਤਾ ਹੈ ਕਿ ਇਸ ਦੇ ਪਾਤਰਾਂ ਵਿੱਚੋਂ ਕੋਈ ਵੀ ਨਾਇਕ ਪਾਤਰ ਨਾ ਹੋ ਕੇ ਇੱਕ ਦੂਜੇ ਦੇ ਪੂਰਕ ਹੋ ਨਿੱਬੜਦੇ ਹਨ। ਸਾਹਿਤਕ ਦੌਰ ਦੌਰਾਨ ਨੇਤਰ ਸਿੰਘ ਮੁੱਤੋਂ ਨੇ 'ਮੈਂ ਫਸਲਾਂ ਦੇ ਦੇ ਥੱਕੀ', ਸੁਰਿੰਦਰ ਸਿੰਘ ਰਸੂਲਪੁਰ ਨੇ ਸਾਹਿਬਜਾਦਿਆਂ ਨੂੰ ਸਰਧਾਂਜ਼ਲੀ ਭੇਟ ਕਰਦੀ ਕਵਿਤਾ, ਹਰਨਾਮ ਸਿੰਘ ਡੱਲਾ ਨੇ ਕਵਿਤਾ 'ਪਿੰਡ ਦੀ ਚੁੱਪ' ਕੁਲਵਿੰਦਰ ਨੇ ਕਵਿਤਾ ਅਤੇ ਪਿਆਰਾ ਦੀਨ ਨੇ ਇੱਕ ਹੋਰ ਗੀਤ ਪੇਸ਼ ਕੀਤਾ। ਸਾਰੀਆਂ ਹੀ ਰਚਨਾਵਾਂ 'ਤੇ ਉਸਾਰੂ ਬਹਿਸ ਨਾਲ ਮੀਟਿੰਗ ਦੀ ਸਮਾਪਤੀ ਹੋਈ।

# ਦੀਪਕ ਵਰਮਾ ਬਣੇ ਕਰਤਾਰਪੁਰ ਪ੍ਰੈੱਸ ਕਲੱਬ ਦੇ ਪ੍ਰਧਾਨ



**ਕਰਤਾਰਪੁਰ, (ਹਰਮੇਸ਼ ਦੱਤ)**- ਕਰਤਾਰਪੁਰ ਪ੍ਰੈਸ ਕਲੱਬ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਜਸਵੰਤ ਵਰਮਾ ਦੀ ਦੇਖ-ਰੇਖ ਹੇਠ ਹੋਈ ਜਿਸ 'ਚ ਕਲੱਬ ਦੇ ਸਰਪ੍ਰਸਤ ਦੀਪਕ ਵਰਮਾ ਅਤੇ ਰਾਕੇਸ਼ ਪੁੰਜ, ਜਸਵੰਤ ਨੇ ਸੰਬੋਧਨ ਕੀਤਾ। ਵਰਮਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਸਾਰੇ ਅਧਿਕਾਰੀਆਂ ਦੀ ਸਮੁੱਚੀ ਕਮੇਟੀ ਦੇ ਨਾਲ-ਨਾਲ ਪੱਤਰਕਾਰ ਦੀਪਕ ਵਰਮਾ ਨੂੰ ਕਰਤਾਰਪੁਰ ਪ੍ਰੈੱਸ ਕਲੱਬ ਦਾ ਪ੍ਰਧਾਨ, ਜਰਨਲ ਸੈਕਟਰੀ ਹਰਮੇਸ਼ ਦੱਤ ਅਤੇ ਗਗਨ ਗੌਤਮ ਨੂੰ ਪੀ ਆਰ ਓ ਨਵ-ਨਿਯੁਕਤ ਪ੍ਰਧਾਨ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ, ਜਿਸ ਤੋਂ ਬਾਅਦ ਨਵ-ਨਿਯੁਕਤ ਪ੍ਰਧਾਨ ਦੀਪਕ ਵਰਮਾ ਨੇ ਆਪਣੀ ਟੀਮ ਦਾ ਐਲਾਨ ਕਰਦਿਆਂ ਹਰਮੇਸ਼ ਦੱਤ ਨੂੰ ਜਨਰਲ ਸਕੱਤਰ, ਗਗਨ ਗੌਤਮ ਨੂੰ ਪੀ ਆਰ ਓ, ਰਾਕੇਸ਼ ਪੁੰਜ ਨੂੰ ਕੈਸ਼ੀਅਰ, ਜਸਵੰਤ ਵਰਮਾ ਨੂੰ ਚੇਅਰਮੈਨ ਬਣਾਇਆ ਅਤੇ ਕਿਹਾ ਕਿ ਅਗਲੀ ਮੀਟਿੰਗ 'ਚ ਬਾਕੀ ਸਾਰੇ ਮੈਂਬਰ ਨਿਯੁਕਤ ਕੀਤੇ ਜਾਣਗੇ। ਇਸ ਮੌਕੇ ਪੱਤਰਕਾਰ ਗੁਰਨੇਕ ਸਿੰਘ ਵਿਰਦੀ, ਬੋਧ ਪ੍ਰਕਾਸ਼ ਸਾਹਨੀ, ਐਡਵੋਕੇਟ ਕਿਸ਼ਨ ਸ਼ਰਮਾ, ਦਿਨੇਸ਼ ਕੁਮਾਰ, ਡਾ. ਅਰੁਣ ਸ਼ਰਮਾ, ਸੁਰਿੰਦਰ ਸਿੰਘ ਪੱਡਾ, ਮਨਜੀਤ ਕੁਮਾਰ ਆਦਿ ਹਾਜ਼ਰ ਸਨ। ਪ੍ਰਧਾਨ ਬਣਨ 'ਤੇ ਪੱਤਰਕਾਰ ਦੀਪਕ ਵਰਮਾ ਨੇ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਮਿਹਨਤੀ। ਲੋਕਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੇਗਾ। ਕਲੱਬ ਵੱਲੋਂ ਸਮੂਹ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਲੋੜਵੰਦਾਂ ਦੀ ਸੇਵਾ ਲਈ ਸਮਾਜ ਸੇਵਾ ਦੇ ਪ੍ਰੋਜੈਕਟ ਵੀ ਉਲੀਕੇ ਜਾਣਗੇ।

# ਚਿੱਟੀ ਵੇਈਂ 'ਚ 200 ਕਿਊਸਿਕ ਸਾਫ਼ ਪਾਣੀ ਛੱਡਣ ਲਈ ਰੈਗੂਲੇਟਰ ਬਣ ਕੇ ਤਿਆਰ



**ਸੁਲਤਨਾਪੁਰ ਲੋਧੀ, (ਬਲਵੀਰ ਸਿੰਘ ਧਾਲੀਵਾਲ)** ਦੁਆਬੇ ਦੀ ਸ਼ਾਹ ਰਗ ਅਖਵਾਉਂਦੀ ਚਿੱਟੀ ਵੇਈਂ 'ਚ ਦੁਆਬੇ ਦੇ ਲੋਕਾਂ ਦਾ ਸਾਫ ਪਾਣੀ ਵਗਦਾ ਦੇਖਣ ਦੇ ਸੁਫਨੇ ਨੂੰ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਨੇ ਇਸ ਸਾਲ ਸਕਾਰ ਕਰ ਦਿੱਤਾ ਹੈ। ਉਹਨਾਂ ਵੱਲੋਂ ਚਿੱਟੀ ਵੇਈਂ 'ਚ 200 ਕਿਊਸਿਕ ਪਾਣੀ ਵਗਦਾ ਕਰਨ ਲਈ ਬਣਨ ਵਾਲੇ ਰੈਗੂਲੇਟਰ ਲਈ ਆਪਣੇ ਐਮ ਪੀ ਫੰਡਜ਼ 'ਚੋਂ 1 ਕਰੋੜ 19 ਲੱਖ ਤੋਂ ਵੱਧ ਦੀ ਗਰਾਂਟ ਦਿੱਤੀ ਸੀ, ਜਿਸ ਦਾ ਉਦਘਾਟਨ 8 ਮਈ 2023 ਨੂੰ ਸੰਤ ਮਹਾਪੁਰਸ਼ਾਂ ਅਤੇ ਇਲਾਕਾ ਵਾਸੀਆਂ ਦੀ ਹਾਜ਼ਰੀ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਗਿਆ ਸੀ। ਹੁਣ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਿੰਬਲੀ ਵਿਖੇ ਬਿਸਤ ਦੋਆਬ ਨਹਿਰ 'ਚੋਂ 200 ਕਿਊਸਿਕ ਪਾਣੀ ਚਿੱਟੀ ਵੇਈਂ 'ਚ ਛੱਡਣ ਲਈ ਨੇੜੇ ਰੈਗੂਲੇਟਰ ਬਣਕੇ ਤਿਆਰ ਹੈ। ਜਿਸਦਾ ਉਦਘਾਟਨ ਸਾਲ 2024 ਵਿੱਚ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਪੰਜਾਬ 'ਚ ਤੇਜ਼ੀ ਨਾਲ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ, ਜਿਸ ਲਈ ਧਰਤੀ ਹੇਠਲੇ ਪਾਣੀ ਦੇ ਇਸ ਪੱਧਰ ਨੂੰ ਉਚਾ ਚੁੱਕਣ ਦੀ ਇਹ ਸਾਰਥਿਕ ਸ਼ੁਰੂਆਤ ਕੀਤੀ ਜਾ ਰਹੀ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਸੇ ਤਰ੍ਹਾਂ ਨਾਲ ਪਵਿੱਤਰ ਕਾਲੀ ਵੇਈਂ 'ਚ ਵੀ ਸਾਫ ਪਾਣੀ ਵਗਦਾ ਹੋਣ ਨਾਲ ਇਸਦੇ ਨਾਲ ਲੱਗਦੇ ਇਲਾਕਿਆਂ 'ਚ ਪਾਣੀ ਉਪਰ ਆ ਰਿਹਾ ਹੈ। ਜਦਕਿ ਪੂਰੇ ਪੰਜਾਬ ਦੇ ਜ਼ਿਲ੍ਹੇ ਡਾਰਕ ਜ਼ੋਨ 'ਚ ਜਾ ਰਹੇ ਹਨ। ਇਲਾਕਾ ਵਾਸੀਆਂ ਵੱਲੋਂ ਸਾਲ 2023 ਦੌਰਾਨ ਸੰਤ ਸੀਚੇਵਾਲ ਵੱਲੋਂ ਕੀਤੇ ਗਏ ਇਸ ਇਤਿਹਾਸਿਕ ਕਾਰਜ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ।

ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੰਜਾਬ ਦੇ ਕਰੀਬਨ 51 ਪਿੰਡਾਂ ਨੂੰ ਪਾਣੀ ਵਾਲੇ ਟੈਂਕਰ ਲਈ ਵੀ ਆਪਣੀ ਅਖਤਿਆਰੀ ਫੰਡਜ਼ 'ਚੋਂ ਗ੍ਰਾਂਟਾਂ ਦਿੱਤੀਆਂ ਜਾ ਚੁੱਕੀਆਂ ਹਨ। ਉਹਨਾਂ ਵੱਲੋਂ ਹੁਸ਼ਿਆਰਪੁਰ ਤੇ ਹੋਰ ਹਲਕੇ ਦੇ ਕਈ ਪਿੰਡਾਂ ਨੂੰ ਆਪਣੇ ਫੰਡਜ਼ ਵਿੱਚੋਂ ਪਾਣੀ ਦੇ ਟੈਂਕਰ ਮੁਹੱਈਆ ਕਰਵਾਏ ਹਨ। ਜਿਹਨਾਂ ਨੂੰ ਬਾਰਿਸ਼ਾਂ ਦੌਰਾਨ ਪੀਣ ਵਾਲੇ ਸਾਫ ਪਾਣੀ ਲਈ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਉਹ ਪਾਣੀ ਵਾਲੇ ਟੈਂਕਰ ਲਈ ਉਹਨਾਂ ਨੂੰ ਪਿੰਡਾਂ ਨੂੰ ਪਹਿਲ ਦੇ ਰਹੇ ਹਨ ਜਿਹਨਾਂ ਵੱਲੋਂ ਆਪਣੇ ਪਿੰਡਾਂ ਵਿੱਚ ਸਾਂਝੀਵਾਲਤਾ ਬਣਾਈ ਹੋਈ ਹੈ ਤੇ ਵੱਡੀ ਗਿਣਤੀ ਵਿੱਚ ਰੁੱਖ ਲਗਾਏ ਹੋਏ ਹਨ।

## ਹਰਿਆਣਾ ਦੇ ਬਜ਼ੁਰਗ 22 ਤੋਂ ਬਾਅਦ ਕਰਨਗੇ ਅਯੋਧਿਆ 'ਚ ਰਾਮ ਲੱਲਾ ਦੇ ਦਰਸ਼ਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਸੂਬੇ ਦੀ ਰਾਜਨੀਤੀ 'ਚ ਉਸ ਸਮੇਂ ਇਕ ਨਵਾਂ ਅਧਿਆਏ ਜੋੜ ਦਿੱਤਾ ਜਦੋਂ ਉਨ੍ਹਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਨ ਕੀ ਬਾਤ ਪ੍ਰੋਗ੍ਰਾਮ ਦੀ ਤਰਜ 'ਤੇ ਲੋਕਾਂ ਨਾਲ ਵਿਸ਼ੇਸ਼ ਚਰਚਾ ਦੀ ਗੋਲਡਨ ਜੁਬਲੀ ਬਨਾ ਦਿੱਤੀ। ਸੂਬਾ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਕੀਤੇ ਜਾ ਰਹੇ ਭਲਾਈ ਦੇ ਕੰਮਾਂ ਦੀ ਫੀਡਬੈਕ ਲੈਣ ਲਈ ਮੁੱਖ ਮੰਤਰੀ ਮਨੋਹਰ ਲਾਲ ਨੇ ਇਕ ਸਾਲ ਪਹਿਲਾਂ ਸ਼ਨੀਵਾਰ ਨੂੰ ਵਿਸ਼ੇਸ਼ ਚਰਚਾ ਦਾ ਪ੍ਰੋਗ੍ਰਾਮ ਸ਼ੁਰੂ ਕੀਤਾ ਸੀ, ਉਸ ਦਾ ਸ਼ਨੀਵਾਰ 50ਵਾਂ ਐਪੀਸੋਡ ਸੀ। ਸ੍ਰੀ ਮਨੋਹਰ ਲਾਲ ਸਾਲ 2024 ਦੀ ਪਹਿਲਾ ਸ਼ਾਮ 'ਤੇ ਸੂਬਾਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਐਲਾਨ ਕੀਤਾ ਕਿ 22 ਜਨਵਰੀ, 2024 ਨੂੰ ਅਯੋਧਿਆ ਵਿਚ ਸ੍ਰੀ ਰਾਮ ਮੰਦਰ ਦਾ ਉਦਘਾਟਨ ਹੋਣ ਬਾਅਦ ਹਰਿਆਣਾ ਦੇ ਬਜੁਰਗਾਂ ਨੂੰ ਮੁੱਖ ਮੰਤਰੀ ਤੀਰਥ ਦਰਸ਼ਨ ਯੋਜਨਾ ਤਹਿਤ ਅਯੋਧਿਆ ਵਿੱਚ ਰਾਮ ਲੱਲਾ ਦੇ ਦਰਸ਼ਨ ਕਰਵਾਉਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਗਾਮੀ 25 ਜਨਵਰੀ ਦੇ ਬਾਅਦ ਨਵੇਂ ਕਲੇਵਰ ਅਤੇ ਨਵੇਂ ਫਲੇਵਰ 'ਚ ਜਨਸੰਵਾਦ ਪ੍ਰੋਗ੍ਰਾਮ ਨੂੰ ਫਿਰ ਤੋਂ ਸ਼ੁਰੂ ਕੀਤਾ ਜਾਵੇਗਾ।

# ਸ਼ਮਸ਼ਾਨਘਾਟ ਵਿਖੇ ਚਾਰ ਮੋਰਚਰੀਆਂ ਰੱਖੀਆਂ ਜਾਣਗੀਆਂ : ਪਰਮਾਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਅਜਨੋਹਾ ਦੇ ਉਘੇ ਸਮਾਜ ਸੇਵਕ ਮਾਸਟਰ ਗੁਰਚੇਤ ਸਿੰਘ ਪਰਮਾਰ ਕਨੇਡਾ ਨੇ ਆਪਣੇ ਮਾਤਾ ਪਿਤਾ ਦੀ ਯਾਦ 'ਚ ਪਿੰਡ ਵਿਕਾਸ ਕਾਰਜਾਂ ਲਈ ਪਿਛਲੇ ਕਾਫੀ ਸਾਲਾਂ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਠੇਕੇਦਾਰ ਰੂਪ ਲਾਲ ਮੌਜੋਮਜਾਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਸਟਰ ਗੁਰਚੇਤ ਸਿੰਘ ਪਰਮਾਰ ਪਿੰਡ ਅਜਨੋਹਾ ਕਨੇਡਾ ਨੇ ਆਪਣੇ ਸਵ. ਮਾਤਾ ਪਿਤਾ ਦੀ ਯਾਦ ਵਿੱਚ ਅਜਨੋਹਾ ਵਿਖੇ ਜਨਵਰੀ 2006 ਨੂੰ ਗੇਟ ਦੀ ਉਸਾਰੀ ਕੀਤੀ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਦੇ ਅਸਥਾਨ 'ਤੇ ਜੂਨ 2015 ਨੂੰ ਦੋ ਕਮਰਿਆਂ ਬਣਕੇ ਦਿੱਤੇ। ਉਨ੍ਹਾਂ ਦੱਸਿਆ ਕਿ 2016 ਨੂੰ ਸ਼ਿਵ ਮੰਦਰ ਵਿਖੇ ਪੰਜ ਫੁੱਟ ਉਚੀ ਹਨੂੰਮਾਨ ਜੀ ਦੀ ਲਾਲ ਪੱਥਰ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ। ਉਨ੍ਹਾਂ ਦੱਸਿਆ ਕਿ 2019 ਨੂੰ 12 ਪਿੰਡਾ 'ਚ ਵਾਤਾਵਰਣ ਨੂੰ ਬਚਾਉਣ ਲਈ 6,000 ਹਜ਼ਾਰ ਬੂਟੇ ਲਗਾਏ ਗਏ। ਉਨ੍ਹਾਂ ਦੱਸਿਆ ਕਿ ਸਾਲਾਨਾ ਇੱਕ ਜਨਵਰੀ 2024 ਨੂੰ ਪਿੰਡ ਅਜਨੋਹਾ ਦੇ ਸਮਸਾਨਘਾਟ ਵਿਖੇ ਮੋਰਚੀ ਦਾ ਕਮਰਾ ਬਣਾਕੇ ਦਿੱਤਾ ਗਿਆ। ਜਿਸ ਵਿੱਚ ਸੋਲਰ ਲਾਈਟਾਂ ਲਗਵਾਕੇ, ਪਾਣੀ ਦੀ ਸਹੂਲਤ 500 ਲੀਟਰ ਦੀ ਟੈਂਕੀ ਰੱਖਵਾਈ ਅਤੇ ਦੋ ਦੋ ਡੈਡ ਬੋਡੀ ਰੱਖਣ ਲਈ ਦੋ ਫਰਿਜ ਬੋਕਸਾ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਠੇਕੇਦਾਰ ਰੂਪ ਲਾਲ ਮੌਜੋਮਜਾਰਾ ਨੇ ਦੱਸਿਆ ਕਿ 2 ਜਨਵਰੀ ਨੂੰ ਸਵੇਰੇ 10 ਵਜੇ ਪਿੰਡ ਅਜਨੋਹਾ ਵਿਖੇ ਚਾਰ ਮੋਰਚੀਆਂ ਸ਼ਮਸ਼ਾਨਘਾਟ ਵਿਖੇ ਰੱਖੀਆਂ ਜਾਣਗੀਆਂ।

1-JAN-PAGE-9.qxd 12/31/2023 10:15 PM Page 1



# ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਵੱਲੋਂ ਅਰਥੀ ਫੂਕ ਪ੍ਰਦਰਸ਼ਨ

**ਅੱਡਾ ਸਰਾਂ ( ਜਸਵੀਰ ਸਿੰਘ)** - ਆਮ ਲੋਕਾਂ ਦੀ ਹਿਤੈਸ਼ੀ ਹੋਣ ਦੇ ਖੋਖਲੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਅਗੁਵਾਈ ਵਾਲੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਨੂੰ 19ਵੀਂ ਵਾਰ ਲਿਖਤੀ ਰੂਪ ਵਿਚ ਮੀਟਿੰਗ ਦਾ ਸਮਾਂ ਦੇ ਕੇ, ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰਨ ਦੇ ਰੋਸ, ਵਜੋਂ ਮੋਰਚੇ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਇਥੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਚੌਕ ਹੁਸ਼ਿਆਰਪੁਰ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਵੱਲੋਂ ਪੰਜਾਬ ਸਰਕਾਰ ਦੇ ਵਿਰੁੱਧ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਪ੍ਰੈਸ ਬਿਆਨ ਜਾਰੀ ਕਰਦਿਆਂ ਆਗੂਆਂ ਸੂਬਾ ਆਗੂ ਓੁੰਕਾਰ ਸਿੰਘ ਢਾਂਡਾ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਸੰਧੂ ਬਰਾਂਚ ਪ੍ਰਧਾਨ ਸੁਖਵਿੰਦਰ ਸਿੰਘ ਚੁੰਬਰ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੌਜੂਦਾ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਸਾਡੀ ਸਰਕਾਰ ਬਣਨ ਉਪਰੰਤ ਸਰਕਾਰੀ ਵਿਭਾਗਾਂ ਵਿਚ ਠੇਕਾ ਪ੍ਰਣਾਲੀ ਅਧੀਨ ਸੇਵਾਵਾ ਨਿਭਾ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜ਼ਮਾਂ ਸਬੰਧਤ ਵਿਭਾਗਾਂ ਵਿਚ ਰੈਗੂਲਰ ਕੀਤਾ ਜਾਵੇਗਾ। ਜਿਸ ਲਈ ਸਾਡੀ ਸਰਕਾਰ ਹਰ ਹੀਲਾ ਕਰੇਗਾ ਅਤੇ ਲੋੜ ਪੈਣ 'ਤੇ ਅਗਰ ਸਾਡੀ ਸਰਕਾਰ ਨੂੰ ਅਦਾਲਤ ਵੀ ਜਾਣਾ ਪਿਆ ਤਾਂ ਅਸੀ ਪਿੱਛੇ ਨਹੀਂ ਹਟਾਂਗੇ, ਠੇਕਾ ਮੁਲਾਜਮਾਂ ਸਮੇਤ ਹਰੇਕ ਵਰਗ ਦੇ ਲੋਕਾਂ ਨੇ ਇਨ੍ਹਾਂ ਵਾਅਦਿਆਂ ਵਿਚ ਆ ਕੇ ਆਪ ਸਰਕਾਰ ਬਣਾਉਣ ਵਿਚ ਸਹਿਯੋਗ ਦਿੱਤਾ ਸੀ ਕਿ ਇਹ ਸਰਕਾਰ ਪਿਛਲੀਆਂ ਸਰਕਾਰਾਂ ਦਾ ਬਦਲ



ਬਣੇਗੀ। ਪਰ ਸਰਕਾਰ ਦਾ ਪਿਛਲੇ ਲਗਭਗ 2 ਸਾਲਾਂ ਦਾ ਅਮਲ ਉਸਦੇ ਦਾਅਵਿਆਂ ਤੋਂ ਬਿਲਕੁਲ ਉਲਟ, ਪਹਿਲੀਆਂ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨਾਲੋਂ ਕੋਈ ਵੀ ਵੱਖਰਾ ਨਹੀਂ। ਇਸ ਸਰਕਾਰ ਵਲੋਂ ਪਹਿਲੀਆਂ ਸਰਕਾਰਾਂ ਵਲੋਂ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ/ਪੰਚਾਇਤੀਕਰਨ ਦੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਟਰੇਡ ਯੂਨੀਅਨ ਹੱਕਾਂ ਚ ਕਾਰਪੋਰੇਟ ਘਰਾਣਿਆਂ ਦੀ ਲੁੱਟ ਨੂੰ ਰਾਸ ਬੈਠਦੀਆਂ ਤਬਦੀਲੀਆਂ ਕੀਤੀਆਂ ਗਈਆਂ। ਇਸ ਧੰਦੇ ਨੂੰ ਅਗਾਂਹ ਜਾਰੀ ਰੱਖਣ ਲਈ ਨੰਗੇ ਚਿੱਟੇ ਝੂਠ ਅਤੇ ਧੋਖੇ ਤੋਂ ਕੰਮ ਲਿਆ ਗਿਆ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਦੇ ਪ੍ਰਚਾਰ ਤੇ ਵਿਸ਼ਵਾਸ ਕਰਕੇ ਮੰਗਾਂ ਦੇ ਹੱਲ ਲਈ ਪੁਰ ਅਮਨ ਗੱਲਬਾਤ ਦਾ ਰਾਹ ਅਖਤਿਆਰ ਕੀਤਾ। ਮੌਜੂਦਾ ਪੰਜਾਬ ਸਰਕਾਰ ਨੂੰ ਕਈ ਵਾਰ ਮੰਗ-ਪੱਤਰ ਅਤੇ ਯਾਦ ਪੱਤਰ ਭੇਜੇ ਗਏ ਹਨ। ਇਹ ਪੱਤਰ ਸਿੱਧੇ ਮੁੱਖ ਮੰਤਰੀ ਅਤੇ ਆਪ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਦੇ ਰਾਹੀ ਵੀ ਭੇਜੇ ਗਏ ਹਨ। ਮੁੱਖ ਮੰਤਰੀ ਪੰਜਾਬ ਦੇ ਨਾਲ ਮੋਰਚੇ ਨੂੰ 19ਵਾਰ ਲਿਖਤੀ ਰੂਪ ਵਿਚ ਮੀਟਿੰਗ ਦਾ ਸਮਾਂ ਦਿੱਤਾ ਪਰ ਤ੍ਰਾਸਦੀ ਇਹ ਹੈ ਕਿ ਐਨ ਮੌਕੇ ਤੇ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਮੋਰਚੇ ਵੱਲੋਂ ਮਜਬੂਰ ਹੋ ਕੇ 9-12-2023 ਨੂੰ ਲੁਧਿਆਣਾ ਵਿਖੇ ਲਾਡੋਵਾਲ ਪੁਲ (ਸਤਲੁਜ) ਦੇ ਕੋਲ ਅਮ੍ਰਿਤਸਰ-ਦਿੱਲੀ ਨੈਸ਼ਨਲ ਹਾਈਵੇਅ ਜਾਮ ਪ੍ਰਦਰਸ਼ਨ ਕੀਤਾ ਗਿਆ ਅਤੇ ਲੁਧਿਆਣਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਲ 20 ਦਸੰਬਰ ਨੂੰ 19ਵੀਂ ਵਾਰ ਮੀਟਿੰਗ ਮੋਰਚੇ ਦੇ ਆਗੂਆਂ ਨਾਲ ਤੈਅ ਕਰਵਾਈ ਗਈ ਪਰ ਇਹ ਮੀਟਿੰਗ ਵੀ ਐਨ ਮੌਕੇ 'ਤੇ ਆ ਕੇ ਰੱਦ ਹੋ ਗਈ। ਅਜਿਹੇ ਹਲਾਤ ਵਿੱਚ ਠੇਕਾ ਮੁਲਾਜ਼ਮਾਂ ਕੋਲ ਆਪਣੇ ਮੁਲਕ ਦੇ ਪੈਦਾਵਾਰੀ ਵਸੀਲਿਆਂ ਦੀ ਰਾਖੀ ਲਈ, ਪੱਕੇ ਰੁਜ਼ਗਾਰ ਅਤੇ ਗੁਜ਼ਾਰੇ ਯੋਗ ਤਨਖਾਹ ਦੀ ਪ੍ਰਾਪਤੀ ਲਈ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਹੀ ਬਾਕੀ ਨਹੀਂ। ਜਿਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਆਗੂਆਂ ਨੇ ਕਿਹਾ ਕਿ ਅਰਥੀ ਫੂਕ ਪ੍ਰਦਰਸ਼ਨ ਸਾਡੇ ਸੰਘਰਸ਼ ਦਾ ਅੰਤ ਨਹੀਂ ਹੈ। ਜੇਕਰ ਸਰਕਾਰ ਨੇ ਗੱਲਬਾਤ ਰਾਹੀਂ ਮੰਗਾਂ ਦੇ ਹੱਲ ਦਾ ਰਾਹ ਅਖਤਿਆਰ ਨਾ ਕੀਤਾ ਤਾਂ ਭਵਿੱਖ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਸਾਡੀ ਮਜਬੂਰੀ ਹੋਵੇਗੀ ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ। ਇਹ ਸੰਘਰਸ਼ ਵੱਖ ਵੱਖ ਵਿਭਾਗਾਂ 'ਚ ਠੇਕਾ ਪ੍ਰਣਾਲੀ ਦਾ ਸੰਤਾਪ ਭੋਗ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਨੂੰ ਵਿਭਾਗ 'ਚ ਮਰਜ ਕਰਕੇ ਪੱਕੇ ਰੁਜਗਾਰ ਦੀ ਪ੍ਰਾਪਤੀ ਲਈ, ਗੁਜਾਰੇ ਯੋਗ ਉਜਰਤਾਂ ਹਾਸਿਲ ਕਰਨ, ਸਰਕਾਰੀ ਵਿਭਾਗਾਂ ਦਾ ਪੰਚਾਇਤੀਕਰਨ/ਨਿੱਜੀਕਰਨ ਦੀਆਂ ਨੀਤੀਆਂ ਨੂੰ ਰੱਦ ਕਰਨ ਸਮੇਤ 'ਮੰਗ-ਪੱਤਰ' 'ਚ ਦਰਜ ਤਮਾਮ ਮੰਗਾਂ ਮਨਵਾਉਣ ਲਈ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜਾਰੀ ਰੱਖਿਆ ਜਾਵੇਗਾ।

# ਘੱਟ ਗਿਣਤੀ ਭਾਈਚਾਰੇ ਦਾ ਸਭ ਤੋਂ ਵੱਧ ਵਿਕਾਸ ਮੋਦੀ ਸਰਕਾਰ ਨੇ ਕੀਤਾ : ਜਾਕਿਰ ਹੁਸੈਨ




**ਚੰਡੀਗੜ੍ਹ, (ਗੁਰਜੀਤ ਬਿੱਲਾ)**- ਭਾਰਤੀ ਜਨਤਾ ਪਾਰਟੀ ਦੇਸ਼ ਭਰ ਵਿੱਚ ਘੱਟ ਗਿਣਤੀ ਸਨੇਹ ਸੰਵਾਦ ਯਾਤਰਾ ਕੱਢੇਗੀ। ਇਹ ਯਾਤਰਾ ਸਾਰੇ ਲੋਕ ਸਭਾ ਹਲਕਿਆਂ ਅਤੇ ਵਿਧਾਨ ਸਭਾ ਹਲਕਿਆਂ ਵਿੱਚ ਕੱਢੀ ਜਾਵੇਗੀ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਡਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਰਦੇਸ਼ਾਂ 'ਤੇ ਭਾਜਪਾ ਘੱਟ ਗਿਣਤੀ ਮੋਰਚਾ ਪੰਜਾਬ 'ਚ ਵੀ 'ਸਨੇਹ ਸੰਪਰਕ ਯਾਤਰਾ' ਦਾ ਆਯੋਜਨ ਕਰੇਗਾ। ਇਹ ਜਾਣਕਾਰੀ ਭਾਜਪਾ ਘੱਟ ਗਿਣਤੀ ਮੋਰਚਾ ਦੇ ਕੌਮੀ ਮੀਤ ਪ੍ਰਧਾਨ ਅਤੇ ਵਕਫ ਬੋਰਡ ਹਰਿਆਣਾ ਦੇ ਚੇਅਰਮੈਨ ਚੌਧਰੀ ਜਾਕਿਰ ਹੁਸੈਨ ਨੇ ਭਾਜਪਾ ਘੱਟ ਗਿਣਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਥਾਮਸ ਮਸੀਹ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਭਾਜਪਾ ਹੈੱਡਕੁਆਰਟਰ ਵਿਖੇ ਆਯੋਜਿਤ ਪੱਤਰਕਾਰ ਸੰਮੇਲਨ ਦੌਰਾਨ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਘੱਟ ਗਿਣਤੀ ਮੋਰਚਾ ਦੇ ਕੌਮੀ ਇੰਚਾਰਜ ਗੁਲਾਮ ਮੁਸਤਫਾ, ਭਾਜਪਾ ਪੰਜਾਬ ਦੇ ਬੁਲਾਰੇ ਐਸ.ਐਸ. ਚੰਨੀ, ਭਾਜਪਾ ਦੇ ਸੂਬਾ ਮੀਡੀਆ ਸਕੱਤਰ ਹਰਦੇਵ ਸਿੰਘ ਉੱਭਾ, ਮੁਹੰਮਦ ਖੁਰਸ਼ੀਦ ਅਲੀ, ਬਿਲਾਲ ਸ਼ਾਹ ਆਦਿ ਵੀ ਹਾਜਰ ਸਨ। ਥਾਮਸ ਮਸੀਹ ਨੇ ਸੂਬੇ ਦੇ ਮੁੱਖ ਦਫਤਰ ਪਹੁੰਚਣ 'ਤੇ ਰਾਸ਼ਟਰੀ ਅਹੁਦੇਦਾਰਾਂ ਦਾ ਗੁਲਦਸਤੇ ਅਤੇ ਦੁਸ਼ਾਲਾ ਦੇ ਕੇ ਸਵਾਗਤ ਕੀਤਾ। ਚੌਧਰੀ ਜਾਕਿਰ ਹੁਸੈਨ ਨੇ ਕਿਹਾ ਕਿ ਭਾਜਪਾ ਘੱਟ ਗਿਣਤੀ ਮੋਰਚਾ ਦੇ ਕੌਮੀ ਪ੍ਰਧਾਨ ਜਮਾਲ ਸਿੱਦੀਕੀ ਦੇ ਪ੍ਰੋਗਰਾਮ ਦੀ ਰੂਪ-ਰੇਖਾ ਤਹਿਤ ਦੇਸ ਨੂੰ ਛੇ ਸਮੂਹਾਂ ਵਿੱਚ ਵੰਡਿਆ ਗਿਆ ਹੈ। ਜਿਸ ਦੇ ਤਹਿਤ ਭਾਜਪਾ ਪੰਜਾਬ ਦੇ ਹੈੱਡਕੁਆਰਟਰ ਚੰਡੀਗੜ੍ਹ ਵਿਖੇ ਉੱਤਰੀ ਕਲੱਸਟਰ ਦੀ ਮੀਟਿੰਗ ਕੀਤੀ ਗਈ ਹੈ, ਜਿਸ ਵਿੱਚ ਲੱਦਾਖ, ਹਿਮਾਚਲ, ਪੰਜਾਬ, ਹਰਿਆਣਾ, ਉਤਰਾਖੰਡ, ਚੰਡੀਗੜ੍ਹ, ਦਿੱਲੀ ਆਦਿ ਸੂਬੇ ਸ਼ਾਮਿਲ ਹਨ। ਇਸ ਮੀਟਿੰਗ ਵਿੱਚ ਇਨ੍ਹਾਂ ਰਾਜਾਂ ਦੇ ਇੰਚਾਰਜ, ਸਹਿ-ਇੰਚਾਰਜ ਅਤੇ ਸੂਬਾ ਪ੍ਰਧਾਨ ਹਾਜਰ ਸਨ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਇਸ ਸਨੇਹ ਯਾਤਰਾ ਦੇ ਕੰਮਕਾਜ ਨੂੰ ਦੇਖਣ ਲਈ ਸਾਰੇ ਰਾਜਾਂ ਵਿੱਚ ਟੀਮਾਂ ਦਾ ਗਠਨ ਕੀਤਾ ਜਾਵੇਗਾ ਅਤੇ ਇਹ ਟੀਮ ਹਰ ਲੋਕਸਭਾ ਹਲਕੇ ਵਿੱਚ ਇੱਕ ਟੀਮ ਬਣਾਏਗੀ ਜੋ ਲੋਕਸਭਾ ਵਿੱਚ ਇਸ ਯਾਤਰਾ ਦੇ ਕੰਮਕਾਜ ਦੀ ਨਿਗਰਾਨੀ ਕਰੇਗੀ। ਇਹ ਸਨੇਹ ਸੰਵਾਦ ਯਾਤਰਾ 15 ਜਨਵਰੀ ਤੋਂ ਸ਼ੁਰੂ ਹੋਵੇਗੀ। ਇਸ ਯਾਤਰਾ ਦੌਰਾਨ ਘੱਟ ਗਿਣਤੀ ਵਰਗ ਦੇ ਲੋਕਾਂ ਨੂੰ ਭਾਜਪਾ ਨਾਲ ਜੋੜ ਕੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਘੱਟ ਗਿਣਤੀ ਲੋਕਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਸ ਦਾ ਲਾਭ ਕਿਵੇਂ ਲਿਆ ਜਾ ਸਕਦਾ ਹੈ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

ਉਹਨਾ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਦੀ ਭਲਾਈ ਲਈ ਜਿੰਨੇ ਕੰਮ ਮੋਦੀ ਦੀ ਸਰਕਾਰ ਨੇ ਕੀਤੇ ਹਨ ਉਹਨੇ ਕੰਮ ਕਿਸੇ ਹੋਰ ਸਰਕਾਰ ਨੇ ਅੱਜ ਤੱਕ ਨਹੀਂ ਕੀਤੇ । ਉਨ੍ਹਾਂ ਸਮੁੱਚੇ ਘੱਟ ਗਿਣਤੀ ਭਾਈਚਾਰੇ ਨੂੰ ਕੇਂਦਰ ਦੀ ਮੋਦੀ ਸਰਕਾਰ ਦਾ ਸਾਥ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਜਪਾ ਹੀ ਇਕ ਅਜਿਹੀ ਪਾਰਟੀ ਹੈ ਜੋ ਸਾਰੇ ਵਰਗਾਂ ਨੂੰ ਨਾਲ ਲੈ ਕੇ ਅੱਗੇ ਵਧਦੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ ਦੀ ਜਨਤਾ ਨਾਲ ਕੀਤੇ ਵਾਅਦੇ ਪੂਰੇ ਕੀਤੇ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ 2024 ਦੀਆਂ ਚੋਣਾਂ ਵਿੱਚ ਦੇਸ਼ ਦੀ ਜਨਤਾ ਦੇ ਸਮਰਥਨ ਨਾਲ ਜਿੱਤ ਪ੍ਰਾਪਤ ਕਰਕੇ ਇਸ ਯਾਤਰਾ ਨੂੰ ਜਾਰੀ ਰੱਖਿਆ ਜਾਵੇਗਾ।

## ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਲੰਗਰ ਲਗਾਏ

**ਭੋਗਪੁਰ (ਕੁਲਬੀਰ ਸਿੰਘ ਕਾਹਲੋਂ)**- ਜਲੰਧਰ- ਪਠਾਨਕੋਟ ਕੌਮੀ ਸ਼ਾਹ ਮਾਰਗ 'ਤੇ ਪ੍ਰਸਿੱਧ ਅੱਡਾ ਕਿਸ਼ਨਗੜ੍ਹ ਚੌਂਕ 'ਚ ਕਿਸ਼ਨਗੜ੍ਹ ਮਾਰਕੀਟ ਦੇ ਸਮੂਹ ਦੁਕਾਨਦਾਰਾਂ ਵੱਲੋਂ ਲੰਬੜਦਾਰ ਹਰਜੀਤ ਸਿੰਘ ਦਾਸੂਪੁਰ ਦੀ ਅਗਵਾਈ 'ਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ



ਸਰਬੰਸਦਾਨੀ ਮਾਤਾ ਗੁਜਰੀ ਜੀ ਅਤੇ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗੁਰੂ ਦੇ ਲੰਗਰ ਅਟੁੱਟ ਲਗਾਏ ਗਏ। ਇਸ ਮੌਕੇ ਸਮੂਹ ਦੁਕਾਨਦਾਰਾਂ ਤੋਂ ਇਲਾਵਾ ਨੌਜਵਾਨ ਵੀਰਾਂ ਵੱਲੋਂ ਲੰਗਰ ਦੀ ਸੇਵਾ ਕਰਨ ਦੇ ਨਾਲ ਨਾਲ ਵੱਧ ਤੋਂ ਵੱਧ ਆਪੋ ਆਪਣਾ ਸਹਿਯੋਗ ਦਿੱਤਾ ਗਿਆ।ਲੰਬੜਦਾਰ ਹਰਜੀਤ ਸਿੰਘ ਦਾਸੂਪੁਰ ਨੇ ਕਿਹਾ ਕਿ ਸਰਬੰਸਦਾਨੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ। ਇਸ ਮੌਕੇ ਹੋਰਾਂ ਤੋਂ ਇਲਾਵਾ ਲੰਬੜਦਾਰ ਹਰਜੀਤ ਸਿੰਘ ਦਾਸੂਪੁਰ, ਨੰਬਰਦਾਰ ਰਸ਼ਪਾਲ ਸਿੰਘ ਫੁੱਲ, ਡਾ. ਗੁਰਬਖਸ਼ ਸਵਾਮੀ, ਡਾ. ਨਵੀਨ ਕੁਮਾਰ ਪਰੂਥੀ , ਜਗਦੀਸ਼ ਕੁਮਾਰ ਸ਼ਰਮਾ, ਸੁਖਦੇਵ ਸਿੰਘ ਜੂੜੀ, ਅਮਰੀਕ ਸਿੰਘ ਜੋਹਲ , ਸਵਰਨ ਸਿੰਘ ਨੌਗੱਜਾ, ਪਰਮਜੀਤ ਸਿੰਘ ਕੰਬੋਜ, ਅਮਰਜੀਤ ਸਿੰਘ ਨਰ,ਰਵਿੰਦਰ ਸਿੰਘ ਫੁੱਲ, ਜਤਿੰਦਰ ਵਰਮਾ, ਦਿਲਬਾਗ ਸਿੰਘ ਬਾਗੀ, ਰਣਜੀਤ ਰਾਣਾ, ਜੋਵਨਪ੍ਰੀਤ ਸਿੰਘ ਮਰੋਕ, ਗੋਲੂ ਕਿਸ਼ਨਗੜ੍ਹ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਪ੍ਰਸ਼ਨ-ਉਤਰ ਮੁਕਾਬਲੇ

**ਆਦਮਪੁਰ (ਪਰਮਜੀਤ ਸਿੰਘ)**-ਅੱਜ ਪਿੰਡ ਕੋਟਲੀ ਅਰਾਈਆਂ ਵਿਖੇ ਐਨ ਆਰ ਆਈ ਭੁਪਿੰਦਰ ਸਿੰਘ ਹੁੰਦਲ ਵਲੋਂ ਸੰਸਥਾਪਕ ਸੰਸਥਾ ਮੇਰਾ ਪਿੰਡ 360 ਫਾਊਂਡੇਸ਼ਨ ਦੇ ਮੁੱਖ



ਸੈਂਟਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਇਲਾਕੇ ਦੇ ਛੋਟੇ- ਛੋਟੇ ਬੱਚਿਆਂ ਦੇ ਪ੍ਰਸ਼ਨ ਉੱਤਰ ਮੁਕਾਬਲੇ ਕਰਵਾਏ ਗਏ ਜਿਸ ਵਿੱਚ 120 ਤੋਂ ਵੱਧ ਬੱਚਿਆਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਮੈਰਿਟ 'ਚ ਆਉਣ ਵਾਲੇ ਬੱਚਿਆਂ ਨੂੰ ਖਾਸ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਬਾਕੀ ਬੱਚਿਆਂ ਦਾ ਵੀ ਹੌਸਲਾ ਵਧਾਇਆ ਗਿਆ। ਸੰਸਥਾ ਵਲੋਂ ਵੱਖ ਵੱਖ ਇਤਿਹਾਸਕ ਅਤੇ ਧਾਰਮਿਕ ਸ਼ਖਸੀਅਤਾਂ ਦੇ ਜੀਵਨ ਤੋਂ ਜਾਣੂ ਕਰਵਾਉਣ ਲਈ ਸਮੇਂ ਸਮੇਂ 'ਤੇ ਅਜਿਹੀਆਂ ਪ੍ਰਤੀਯੋਗਤਾਵਾਂ ਕਾਰਵਾਈਆਂ ਜਾਂਦੀਆਂ ਹਨ ਤਾਂ ਕਿ ਬੱਚਿਆਂ ਦਾ ਆਪਣੇ ਵਿਰਸੇ ਨਾਲ ਲਗਾਓ ਰਹੇ। ਇਸ ਮੌਕ ਸੰਸਥਾ ਦੇ ਮੈਨੇਜਰ ਪੀਊਸ਼ ਨਰ, ਮਨੀਸ਼ਾ ਨਰ, ਅਮਨਦੀਪ ਸਿੰਘ, ਭਾਰਤੀ ਆਦਿ ਹਾਜ਼ਰ ਸਨ। ਸੰਸਥਾ ਦੇ ਸਟਾਫ ਨੇ ਬੱਚਿਆਂ ਨੂੰ ਗੁਰੂ ਸਾਹਿਬ ਅਤੇ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਸਿਧਾਂਤਾਂ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ।

## 22 ਨੂੰ ਕੀਤੀ ਜਾਵੇਗੀ ਵੋਟਰ ਸੂਚੀ ਦੀ ਅੰਤਮ ਪ੍ਰਕਾਸ਼ਨਾ

**ਜਲੰਧਰ (ਸੁਰਿੰਦਰ ਕੁਮਾਰ)**- ਭਾਰਤ ਚੋਣ ਕਮਿਸ਼ਨ ਵੱਲੋਂ ਪੰਜਾਬ ਲਈ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਸੋਧਿਆ ਹੋਇਆ ਸ਼ਡਿਊਲ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਆਗਾਮੀ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸੋਧੇ ਹੋਏ ਸ਼ਡਿਊਲ ਅਨੁਸਾਰ ਪ੍ਰਾਪਤ ਦਾਅਵਿਆਂ/ਇਤਰਾਜ਼ਾਂ ਦਾ ਨਿਪਟਾਰਾ 12 ਜਨਵਰੀ 2024 ਤੱਕ ਕੀਤਾ ਜਾਵੇਗਾ। ਇਸ ਉਪਰੰਤ 22 ਜਨਵਰੀ 2024 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ। ਉਨ੍ਹਾਂ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਰਿਵਾਈਜ਼ਡ ਸ਼ਡਿਊਲ ਅਨੁਸਾਰ 31 ਦਸੰਬਰ ਤੱਕ ਪ੍ਰਾਪਤ ਹੋਣ ਵਾਲੇ ਆਨਲਾਈਨ ਫਾਰਮਾਂ ਅਤੇ ਡੁਪਲੀਕੇਟ ਐਂਟਰੀਜ਼ ਨਾਲ ਸਬੰਧਤ ਜਨਰੇਟ ਹੋਏ ਫਾਰਮਾਂ ਦਾ 12 ਜਨਵਰੀ 2024 ਤੱਕ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

## ਖੋਜੇਵਾਲ ਦੇ ਦੂਸਰੀ ਵਾਰ ਪ੍ਰਧਾਨ ਬਣਨ ਨਾਲ ਜ਼ਿਲ੍ਹੇ 'ਚ ਮਜ਼ਬੂਤ ਹੋਵੇਗੀ ਭਾਜਪਾ : ਸੁਨੀਲ ਚਮ

**ਫਗਵਾੜਾ ( ਡਾ. ਰਮਨ )** ਭਾਰਤੀ ਜਨਤਾ ਪਾਰਟੀ ਦੀ ਸੂਬਾ ਇਕਾਈ ਵਲੋਂ ਰਣਜੀਤ ਸਿੰਘ ਖੋਜੇਲਵਾਲ ਨੂੰ ਲਗਾਤਾਰ ਦੂਸਰੀ



ਵਾਰ ਜ਼ਿਲ੍ਹਾ ਕਪੂਰਥਲਾ ਦਾ ਪ੍ਰਧਾਨ ਥਾਪੇ ਜਾਣ ਦਾ ਸਵਾਗਤ ਕਰਦਿਆਂ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਸਾਬਕਾ ਚੇਅਰਮੈਨ ਸੁਨੀਲ ਚਮ ਨੇ ਕਿਹਾ ਕਿ ਉਹਨਾਂ ਦੇ ਦੂਸਰੀ ਵਾਰ ਪ੍ਰਧਾਨ ਬਣਨ ਨਾਲ ਜ਼ਿਲ੍ਹਾ ਕਪੂਰਥਲਾ 'ਚ ਭਾਜਪਾ ਹੋਰ ਵੀ ਮਜਬੂਤ ਹੋਵੇਗੀ। ਚਮ ਨੇ ਕਿਹਾ ਕਿ ਭਾਜਪਾ ਉਹ ਸਿਆਸੀ ਜਥੇਬੰਦੀ ਹੈ ਜਿੱਥੇ ਹਮੇਸ਼ਾ ਕੰਮ ਦੀ ਕਦਰ ਹੁੰਦੀ ਹੈ। ਖੋਜੇਵਾਲ ਦੀ ਪ੍ਰਧਾਨਗੀ 'ਚ ਜਿਲ੍ਹਾ ਕਪੂਰਥਲਾ ਦੇ ਪੇਂਡੂ ਇਲਾਕਿਆਂ 'ਚ ਵੀ ਭਾਜਪਾ ਨੂੰ ਮਜਬੂਤੀ ਮਿਲੀ ਹੈ ਅਤੇ ਉਹਨਾਂ ਦੀ ਕਾਬਲੀਅਤ ਨੂੰ ਦੇਖਦੇ ਹੋਏ ਪਾਰਟੀ ਹਾਈਕਮਾਂਡ ਨੇ ਦੂਸਰੀ ਵਾਰ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਰਣਜੀਤ ਸਿੰਘ ਖੋਜੇਵਾਲ ਨੂੰ ਫਗਵਾੜਾ ਪੁੱਜਣ 'ਤੇ ਸੁਨੀਲ ਚਮ ਅਤੇ ਉਹਨਾਂ ਦੇ ਸਾਥੀਆਂ ਵਲੋਂ ਸਿਰੋਪੇ ਪਾ ਕੇ ਤੇ ਸਿਰੀ ਸਾਹਿਬ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਖੋਜੇਵਾਲ ਨੇ ਸੁਨੀਲ ਚਮ ਅਤੇ ਸਮੂਹ ਭਾਜਪਾ ਵਰਕਰਾਂ ਦਾ ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਲੋਕ ਸਭਾ ਚੋਣਾਂ ਦੀ ਤਿਆਰੀ ਹੁਣ ਤੋਂ ਸ਼ੁਰੂ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਜ਼ਿਲ੍ਹਾ ਕਪੂਰਥਲਾ ਦੇ ਹਰੇਕ ਵਿਧਾਨ ਸਭਾ ਹਲਕੇ ਤੋਂ ਭਾਜਪਾ ਦੇ ਲੋਕ ਸਭਾ ਉਮੀਦਵਾਰਾਂ ਨੂੰ ਭਾਰੀ ਲੀਡ ਦੁਆਈ ਜਾਵੇਗੀ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਭਾਰੀ ਹਨੀ ਕੰਬੋਜ, ਜ਼ਿਲ੍ਹਾ ਮਹਾਂਮੰਤਰੀ ਕਪੂਰ ਚੰਦ ਥਾਪਰ, ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਵਿਵੇਕ ਸਨੀ ਬੈਂਸ, ਐਸ.ਸੀ. ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਰੋਸ਼ਨ ਸੱਭਰਵਾਰ, ਮੰਡਲ ਕਪੂਰਥਲਾ ਦੇ ਮਹਾਮੰਤਰੀ ਸੰਜੇ ਲੂਥਰਾ, ਜ਼ਿਲ੍ਹਾ ਮੀਤ ਪ੍ਰਧਾਨ ਅਸ਼ਵਨੀ ਤੁਲੀ, ਅਨਿਲ ਵਾਲੀਆ, ਸਾਬਕਾ ਕੌਂਸਲਰ ਓਮ ਪ੍ਰਕਾਸ਼ ਬਿੱਟੂ, ਗੁਰਦੇਵ ਸਿੰਘ, ਦੀਪਕ ਸੋਨੀ, ਮਨਿੰਦਰ ਸਿੰਘ, ਰੋਹਿਤ ਕੁਮਾਰ, ਨਿਖਿਲ ਗੁਪਤਾ ਆਦਿ ਹਾਜਰ ਸਨ।

# ਪਾਠ-ਪੁਸਤਕਾਂ ਨੂੰ ਰੀਵਿਊ ਕਰਨ ਹਿੱਤ ਪੰਜ ਰੋਜ਼ਾ ਵਰਕਸ਼ਾਪ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹਿਲੀ ਤੋਂ ਬਾਰਵੀਂ ਸ਼੍ਰੇਣੀ ਤੱਕ ਦੇ ਪਾਠਕ੍ਰਮ ਵਿੱਚ ਮਿਆਰੀ ਸੁਧਾਰ ਲਿਆਉਣ ਸੰਬੰਧੀ ਕੀਤੇ ਜਾ ਰਹੇ



ਉਪਰਾਲਿਆਂ ਤਹਿਤ ਅਜੀਮ ਪ੍ਰੇਮਜੀ ਫਾਊਂਡੇਸਨ, ਬੈਂਗਲੁਰੂ, ਜੋ ਇਸ ਕਾਰਜ 'ਚ ਮੁਹਾਰਤ ਰੱਖਦੇ ਹਨ ਦੇ ਸਹਿਯੋਗ ਨਾਲ ਅੰਗਰੇਜੀ, ਗਣਿਤ, ਵਿਗਿਆਨ ਅਤੇ ਸਮਾਜਿਕ ਵਿਗਿਆਨ ਵਿਸ਼ੇ ਦੀਆਂ ਛੇਵੀਂ ਤੋਂ ਅੱਠਵੀਂ ਸ਼੍ਰੇਣੀਆਂ ਦੇ ਪਾਠ ਕ੍ਰਮ ਅਤੇ ਛੇਵੀਂ ਸ਼੍ਰੇਣੀ ਦੀਆਂ ਪਾਠ-ਪੁਸਤਕਾਂ ਨੂੰ ਰੀਵਿਊ ਕਰਨ ਹਿੱਤ ਪੰਜ ਰੋਜ਼ਾ ਵਰਕਸ਼ਾਪ ਬੋਰਡ ਦੇ ਮੁੱਖ ਦਫ਼ਤਰ ਵਿਖੇ ਲਗਵਾਈ ਗਈ। ਇਸ ਦੌਰਾਨ ਅਜੀਮ ਪ੍ਰੇਮਜੀ ਯੂਨੀਵਰਸਿਟੀ ਦੇ ਮੈਂਬਰ ਬਿਜੋਯ ਸੰਕਰ ਦਾਸ, ਸ੍ਰੀ ਅਰੂਨ ਨਾਇਕ, ਸ੍ਰੀਮਤੀ ਅਨੂਪਮਾ ਐੱਸ ਐੱਮ, ਸ੍ਰੀਮਤੀ ਮੀਨਾਕਸ਼ੀ ਪੰਤ, ਮਿਸ ਰੀਮਾ ਕੌਰ, ਮਿਸ ਜਬਿਮੋਲ ਜੇ, ਅਜਾਬੋਲ ਬਿਸਵਾਸ ਨੇ ਬੋਰਡ ਦੇ ਵਿਸ਼ਾ ਮਾਹਿਰ/ ਪ੍ਰੋਜੈਕਟ ਅਫਸਰ/ਲੈਕਚਰਾਰਾਂ ਅਤੇ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਦੇ ਖੇਤਰੀ ਅਧਿਆਪਕਾਂ/ਲੈਕਚਰਾਰ ਅਤੇ ਖੇਤਰੀ ਮਾਹਿਰਾਂ ਨੂੰ ਪਾਠ ਪੁਸਤਕਾਂ ਰੀਵਿਊ ਕਰਨ ਦੇ ਮਾਪ ਦੰਡ ਸੰਬੰਧੀ ਟ੍ਰੇਨਿੰਗ ਦਿੱਤੀ ਗਈ। ਟ੍ਰੇਨਿੰਗ ਦੌਰਾਨ ਛੇਵੀਂ ਸ਼੍ਰੇਣੀ ਦੀਆਂ ਸ਼ੋਸਲ ਸਾਇੰਸ, ਅੰਗਰੇਜੀ, ਵਿਗਿਆਨ ਅਤੇ ਗਣਿਤ ਦੀਆਂ ਬੋਰਡ ਦੀਆਂ ਪਾਠ-ਪੁਸਤਕਾਂ ਦਾ ਰੀਵਿਊ ਕੀਤਾ ਗਿਆ। ਵਰਕਸ਼ਾਪ ਦੌਰਾਨ ਅਜੀਮ ਪ੍ਰੇਮਜੀ ਫਾਊਂਡੇਸ਼ਨ ਦੇ ਮਾਹਿਰਾਂ ਵਲੋਂ ਮਹਿਸੂਸ ਕੀਤਾ ਗਿਆ ਕਿ ਹਾਲਾਂਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ ਪੁਸਤਕਾਂ ਮਾਪਦੰਡਾਂ ਅਨੁਸਾਰ ਪਹਿਲਾਂ ਹੀ ਬਹੁਤ ਬੇਹਤਰ ਹਨ, ਲੇਕਿਨ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਪਾਠ-ਪੁਸਤਕਾਂ ਨੂੰ ਵਧੇਰੇ ਦਿਲਚਸਪ ਬਣਾਉਣ ਲਈ ਪੁਸਤਕਾਂ 'ਚ ਚਿੱਤਰ, ਨਕਸ਼ੇ, ਗ੍ਰਾਫ, ਅਭਿਆਸ ਅਤੇ ਹੋਰ ਮੁਲਾਂਕਣ ਗਤੀਵਿਧੀਆਂ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਮਹਿਸੂਸ ਕੀਤੀ ਗਈ। ਵਰਕਸ਼ਾਪ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਕਾਦਮਿਕ ਸਾਖਾ ਦੇ ਉਪ ਸਕੱਤਰ ਅਮਰਜੀਤ ਕੌਰ ਦਾਲਮ, ਸੁਪਰਡੰਟ ਅਮਰੀਕ ਸਿੰਘ ਭੜੀ ਅਤੇ ਬੋਰਡ ਦੇ ਵਿਸ਼ਾ ਮਾਹਿਰ ਰਮਿੰਦਰਜੀਤ ਸਿੰਘ ਵਾਸੂ, ਸ਼੍ਰੀਮਤੀ ਸੀਮਾ ਚਾਵਲਾ, ਸ਼੍ਰੀਮਤੀ ਉਪਨੀਤ ਕੌਰ, ਪ੍ਰਿਤਪਾਲ ਸਿੰਘ ਅਤੇ ਸ਼੍ਰੀਮਤੀ ਸੁਰਭੀ ਜੈਕਵਾਲ ਸਾਮਲ ਸਨ। ਵਰਕਸ਼ਾਪ 'ਚ ਹਿੱਸਾ ਲੈਣ ਵਾਲੇ ਅਧਿਆਪਕ ਵਰਗ ਅਤੇ ਖੇਤਰੀ ਮਾਹਿਰਾਂ ਵੱਲੋਂ ਇਸ ਵਰਕਸ਼ਾਪ ਨੂੰ ਬਹੁਤ ਲਾਹੇਬੰਦ ਦੱਸਿਆ ਗਿਆ।

# ਟੈਲੀਫੋਨ ਐਕਸਚੇਂਜ ਤੋਂ ਲੈ ਕੇ ਰਾਧਾ ਸੁਆਮੀ ਸਤਿਸੰਗ ਘਰ ਤੱਕ ਸੜਕ ਬਣੀ ਨਰਕ

**ਕਾਠਗੜ੍ਹ, ( ਸੁਭਾਸ਼ ਭਾਟੀਆ)**- ਕਾਠਗੜ੍ਹ- ਡੇਰਾ ਬੌੜੀ ਸਾਹਿਬ ਨੂੰ ਬਣੀ 18 ਫੁੱਟ ਚੌੜੀ ਸੜਕ ਦੀ ਹਾਲਤ ਅੱਜਕੱਲ ਟੈਲੀਫੋਨ ਐਕਸਚੇਂਜ ਕਾਠਗੜ੍ਹ ਤੋਂ ਲੈ ਕੇ ਰਾਧਾ ਸੁਆਮੀ ਸਤਿਸੰਗ ਘਰ ਤੱਕ ਬੁਰੀ ਤਰ੍ਹਾਂ ਨਰਕਮਈ ਬਣੀ ਹੋਈ ਹੈ ਜਿਸ ਨਾਲ ਆਮ ਲੋਕਾਂ ਤੇ ਵਾਹਨ ਚਾਲਕਾਂ ਲਈ ਵੱਡੀ ਮੁਸਕਿਲ ਬਣੀ ਹੋਈ ਹੈ ਨਾਲ ਹੀ ਵੱਖ-ਵੱਖ ਧਾਰਮਿਕ ਸਥਾਨਾਂ ਨੂੰ ਜਾਣ ਵਾਲੀਆਂ ਸੰਗਤਾਂ ਵੀ ਭਾਰੀ ਪਰੇਸਾਨੀ ਵਿੱਚੋਂ ਗੁਜਰ ਰਹੀਆਂ ਹਨ।

ਲੋਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਟੈਲੀਫੋਨ ਐਕਸਚੇਂਜ ਤੋਂ ਲੈ ਕੇ ਰਾਧਾ ਸੁਆਮੀ ਸਤਿਸੰਗ ਘਰ ਤੱਕ ਸੜਕ ਵਿੱਚ ਜਮਾਂ ਗੰਦਾ ਪਾਣੀ ਅਤੇ ਜਿਮੀਦਾਰਾਂ ਵੱਲੋਂ ਖੇਤਾਂ ਨੂੰ ਪਾਈਪ ਵਿਛਾ ਕੇ ਲਗਾਏ ਜਾ ਰਹੇ ਪਾਣੀ ਕਰਕੇ ਮਾਰਗ ਵਿੱਚ ਬੁਰੀ ਤਰ੍ਹਾਂ ਚਿੱਕੜ ਬਣਿਆ ਹੋਇਆ ਹੈ ਅਤੇ ਸਤਿਸੰਗ ਘਰ ਨੂੰ ਆਉਣ ਵਾਲੀ ਸੰਗਤ ਨੂੰ ਕਾਫੀ ਪਰੇਸ਼ਨੀ ਤਾਂ ਹੋ ਹੀ ਰਹੀ ਹੈ ਨਾਲ ਹੀ ਸੇਵਾਦਾਰਾਂ ਵੱਲੋਂ ਸਤਿਸੰਗ ਘਰ ਦੇ ਅੱਗੇ ਅੱਗੇ ਸਫਾਈ ਰੱਖਣ ਦੀ ਕਾਫੀ ਕੋਸ਼ਿਸ਼ ਬਾਵਜੂਦ ਵੀ ਹਾਲਤ ਨਰਕਮਈ ਬਣੀ ਹੋਈ ਹੈ। ਲੋਕਾਂ ਨੇ ਦੱਸਿਆ ਕਿ ਨੇੜੇ ਪੈਂਦੀ ਜ਼ਮੀਨ ਦੇ ਮਾਲਕ ਆਪਣੀ ਫਸਲ ਨੂੰ ਪਾਣੀ ਲਾਉਣ ਲਈ ਪਾਈਪ ਸੜਕ ਉੱਤੇ ਹੀ ਵਿਛਾ ਲੈਂਦੇ ਹਨ ਜੋ ਥਾਂ ਥਾਂ ਫਟਿਆ ਹੁੰਦਾ ਹੈ ਜਿਸ ਵਿੱਚੋਂ ਵੱਡੀ ਮਾਤਰਾ ਵਿੱਚ ਪਾਣੀ ਲੀਕੇਜ ਹੋ ਕੇ ਪੂਰੀ ਸੜਕ ਉੱਤੇ ਫੈਲਦਾ ਰਹਿੰਦਾ ਹੈ ਅਤੇ ਇਸ ਪਾਣੀ ਨਾਲ ਜਿੱਥੇ ਸੜਕ ਵਿੱਚ ਚਿੱਕੜ ਬਣ ਜਾਂਦਾ ਹੈ ਉਥੇ ਹੀ ਇਸ ਦੀ ਪ੍ਰੀਮਿਕਸ ਵੀ ਉਖੜ ਰਹੀ ਹੈ। ਇਸ ਤੋਂ ਇਲਾਵਾ ਮਾਰਗ ਦੇ ਨਾਲ ਪੈਂਦੇ ਘਰਾਂ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਜੋ ਅੰਡਰਗਰਾਊਂਡ ਨਾਲਾ ਬਣਿਆ ਹੋਇਆ ਹੈ ਉਸ ਵਿੱਚ ਬਲਾਕੇਜ ਹੋਣ ਕਰਕੇ ਗੰਦਾ ਪਾਣੀ ਮਾਰਗ ਉੱਤੇ ਆ ਰਿਹਾ ਹੈ ਅਤੇ ਬਣੇ ਖੱਡਿਆਂ ਵਿੱਚ ਛੱਪੜਾਂ ਵਾਂਗ ਖੜਾ ਹੈ। ਬੀਤੇ ਕਈ ਦਿਨਾਂ ਤੋਂ ਇਸ ਗੰਦੇ ਪਾਣੀ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਿਲ ਹੋ ਰਹੀ ਹੈ ਜਦਕਿ ਗੰਦੇ ਪਾਣੀ ਤੋਂ ਆ ਰਹੀ ਬਦਬੂ ਨਜਦੀਕੀ ਦੁਕਾਨਦਾਰਾਂ ਤੇ ਰਾਹਗੀਰਾਂ ਲਈ ਵੀ ਪ੍ਰੇਸ਼ਾਨੀ ਦਾ ਸਬੱਬ ਬਣ ਰਹੀ ਹੈ। ਡੂੰਘੇ ਡੂੰਘੇ ਖੱਡਿਆਂ ਵਿੱਚ ਖੜਾ ਇਹ ਗੰਦਾ ਪਾਣੀ ਵਾਹਨ ਚਾਲਕਾਂ ਲਈ ਤਾਂ ਬਹੁਤ ਹੀ ਪ੍ਰੇਸ਼ਾਨੀ ਪੈਦਾ ਕਰ ਰਿਹਾ ਹੈ ਜਿੱਥੋਂ ਲੰਘਣ ਸਮੇਂ ਦੋਪਹੀਆ ਵਾਹਨ ਚਾਲਕਾਂ ਨੂੰ ਹਰ ਸਮੇਂ ਸੱਟਾਂ ਆਦਿ ਲੱਗਣ ਦਾ ਡਰ ਰਹਿੰਦਾ ਹੈ। ਜ਼ਿਕਰਯੋਗ ਹੈ ਕਿ ਇਹ ਮਾਰਗ ਜਿੱਥੇ ਆਮ ਲੋਕਾਂ ਲਈ ਮੇਨ ਸੜਕ ਵਜੋਂ ਕੰਮ ਕਰ ਰਿਹਾ ਹੈ ਉਥੇ ਹੀ ਡੇਰਾ ਬੌੜੀ ਸਾਹਿਬ ਨੂੰ ਜਾਣ ਵਾਲੀਆਂ ਸੰਗਤਾਂ ਦਾ ਵੀ ਮੁੱਖ ਮਾਰਗ ਹੈ ਜਦਕਿ ਇਸੇ ਮਾਰਗ ਤੋਂ ਸੰਗਤਾਂ ਡੇਰਾ ਬਾਬਾ ਟਿੱਬੀ ਸਾਹਿਬ ਕਾਠਗੜ੍ਹ ਅਤੇ ਰਾਧਾ ਸੁਆਮੀ ਸਤਿਸੰਗ ਘਰ ਨੂੰ ਵੀ ਆਉਂਦੀਆਂ-ਜਾਂਦੀਆਂ ਹਨ । ਬਦ ਤੋਂ ਬਦਤਰ ਹੋਈ ਇਸ ਮਾਰਗ ਦੀ ਹਾਲਤ ਨੂੰ ਸੁਧਾਰਨ ਵੱਲ ਕੋਈ ਵੀ ਵਿਭਾਗ ਧਿਆਨ ਨਹੀਂ ਦੇ ਰਿਹਾ ਲੇਕਿਨ ਇਸ ਦਾ ਖਮਿਆਜਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

ਹਲਕੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਅਤੇ ਸੰਗਤਾਂ ਨੇ ਸੰਬੰਧਿਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਉਕਤ ਮਾਰਗ ਹਲਕੇ ਦਾ ਮੁੱਖ ਮਾਰਗ ਹੈ ਅਤੇ ਇਸ ਦੀ ਬਦਤਰ ਹੋਈ ਹਾਲਤ ਵੱਲ ਖਾਸ ਧਿਆਨ ਦੇ ਕੇ ਸਹੀ ਕਰਵਾਇਆ ਜਾਵੇ ਤਾਂ ਜੋ ਵੱਖ-ਵੱਖ ਧਾਰਮਿਕ ਸਥਾਨਾਂ ਲਈ ਆਉਣ-ਜਾਣ ਵਾਲੀਆਂ ਸੰਗਤਾਂ ਅਤੇ ਰਾਹਗੀਰਾਂ ਨੂੰ ਕੋਈ ਪ੍ਰਸਾਨੀ ਨਾ ਹੋਵੇ। ਇਸ ਤੋਂ ਇਲਾਵਾ ਲੋਕਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਸੜਕ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਖਿਲਾਫ ਵੀ ਕਾਰਵਾਈ ਕੀਤੀ ਜਾਵੇ।

# ਪੰਜਾਬ ਦੀਆਂ ਵਾਲੀਬਾਲ ਤੇ ਟੇਬਲ ਟੈਨਿਸ ਟੀਮਾਂ ਦੇ ਟਰਾਇਲ 3 ਨੂੰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸੈਂਟਰਲ ਸਿਵਲ ਸਰਵਿਸਜ਼ ਕਲਚਰਲ ਐਂਡ ਬੋਰਡ ਵੱਲੋਂ ਆਲ ਇੰਡੀਆ ਸਰਵਿਸਜ਼ ਵਾਲੀਬਾਲ (ਪੁਰਸ਼ ਤੇ ਮਹਿਲਾ) ਟੂਰਨਾਮੈਂਟ 18 ਤੋਂ 22 ਫਰਵਰੀ 2024 ਤੱਕ ਪੁਣੇ (ਮਹਾਂਰਾਸ਼ਟਰ) ਅਤੇ ਟੇਬਲ ਟੈਨਿਸ (ਪੁਰਸ਼ ਤੇ ਮਹਿਲਾ) ਟੂਰਨਾਮੈਂਟ 30 ਜਨਵਰੀ ਤੋਂ 3 ਫਰਵਰੀ 2024 ਤੱਕ ਗਾਂਧੀਨਗਰ (ਗੁਜਰਾਤ) ਵਿਖੇ ਕਰਵਾਇਆ ਜਾ ਰਿਹਾ ਹੈ। ਪੰਜਾਬ ਦੀਆਂ ਵਾਲੀਬਾਲ ਟੀਮਾਂ ਦੀ ਚੋਣ ਲਈ ਟਰਾਇਲ 3 ਜਨਵਰੀ ਨੂੰ ਮਲਟੀਪਰਪਜ ਸਟੇਡੀਅਮ, ਸੈਕਟਰ 78, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਸਵੇਰੇ 10 ਵਜੇ ਅਤੇ ਟੇਬਲ ਟੈਨਿਸ ਟੀਮਾਂ ਦੀ ਚੋਣ ਲਈ ਟਰਾਇਲ 3 ਜਨਵਰੀ ਨੂੰ ਹੰਸ ਰਾਜ ਸਟੇਡੀਅਮ, ਜਲੰਧਰ ਵਿਖੇ ਸਵੇਰੇ 10 ਵਜੇ ਲਏ ਜਾਣਗੇ। ਖੇਡ ਵਿਭਾਗ ਦੇ ਬੁਲਾਰੇ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ ਸੁਰੱਖਿਆ ਸੇਵਾਵਾਂ /ਨੀਮ ਸੁਰੱਖਿਆ ਸੰਸਥਾਵਾਂ/ਕੇਂਦਰੀ ਪੁਲਿਸ ਸੰਸਥਾਵਾਂ/ ਪੁਲਿਸ/ਆਰਪੀਐਫ/ਸੀਆਈਐਸਐਫ/ ਬੀਐਸ.ਐਫ./ਆਈਟੀਬੀਪੀ ਅਤੇ ਐਨਐਸਜੀ ਆਦਿ ਦੇ ਕਰਮਚਾਰੀ, ਖ਼ੁਦਮੁਖ਼ਤਿਆਰ ਧਿਰਾਂ/ ਅੰਡਰਟੇਕਿੰਗ/ ਜਨਤਕ ਖੇਤਰ ਦੇ ਬੈਂਕ ਇੱਥੋਂ ਤੱਕ ਕਿ ਕੇਂਦਰੀ ਮੰਤਰਾਲੇ ਵਲੋਂ ਸੰਚਾਲਿਤ ਬੈਂਕ ਵੀ, ਕੱਚੇ /ਦਿਹਾੜੀਦਾਰ ਵਾਲੇ ਕਰਮੀ, ਦਫਤਰਾਂ ਵਿੱਚ ਆਰਜ਼ੀ ਤੌਰ 'ਤੇ ਕੰਮ ਕਰਦੇ ਕਰਮਚਾਰੀ, ਨਵੇਂ ਭਰਤੀ ਹੋਏ ਕਰਮਚਾਰੀ ,ਜੋ 6 ਮਹੀਨੇ ਤੋਂ ਘੱਟ ਸਮੇਂ ਤੋਂ ਰੈਗੂਲਰ ਸੇਵਾਵਾਂ ਵਿੱਚ ਕੰਮ ਕਰਦੇ ਹਨ, ਨੂੰ ਛੱਡ ਕੇ ਬਾਕੀ ਵੱਖ-ਵੱਖ ਵਿਭਾਗਾਂ ਦੇ ਸਰਕਾਰੀ ਮੁਲਾਜ਼ਮ (ਰੈਗੂਲਰ) ਆਪਣੇ ਵਿਭਾਗਾਂ ਪਾਸੋਂ ਐਨ.ਓ.ਸੀ. ਪ੍ਰਾਪਤ ਕਰਨ ਉਪਰੰਤ ਹੀ ਭਾਗ ਲੈ ਸਕਦੇ ਹਨ। ਇਸ ਟੂਰਨਾਮੈਂਟ ਵਿੱਚ ਆਉਣ/ਜਾਣ, ਰਹਿਣ ਅਤੇ ਖਾਣ-ਪੀਣ ਤੇ ਆਉਣ ਵਾਲੇ ਖਰਚੇ ਦੀ ਅਦਾਇਗੀ ਖਿਡਾਰੀ ਵੱਲੋਂ ਨਿੱਜੀ ਤੌਰ ਉਤੇ ਕੀਤੀ ਜਾਵੇਗੀ।

## ਪ੍ਰਬੰਧਕੀ ਤੇ ਲੋਕ ਹਿੱਤ ਦੇ ਮੱਦੇਨਜ਼ਰ 21 ਕਰਮਚਾਰੀਆਂ ਦੀਆਂ ਬਦਲੀਆਂ

**ਜਲੰਧਰ (ਸੁਰਿੰਦਰ ਕੁਮਾਰ)**- ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਜ਼ਿਲ੍ਹੇ ਦੇ ਵੱਖ-ਵੱਖ ਦਫ਼ਤਰਾਂ ਵਿੱਚ ਤਾਇਨਾਤ ਕਰਮਚਾਰੀਆਂ ਦੀ ਬਦਲੀਆਂ ਤੇ ਤੈਨਾਤੀਆਂ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਵਿਸ਼ੇਸ ਸਾਰੰਗਲ ਨੇ ਦੱਸਿਆ ਕਿ ਸੀਨੀਅਰ ਸਹਾਇਕ ਜਗਦੀਸ਼ ਚੰਦਰ ਸਲੂਜਾ ਨੂੰ ਅਮਲਾ ਸ਼ਾਖਾ ਅਤੇ ਵਾਧੂ ਚਾਰਜ ਰਾਹਤ, ਮੁੜ ਸਥਾਪਨਾ ਅਤੇ ਪੁਨਰਵਾਸ ਸ਼ਾਖਾ ਵਿਖੇ ਤਾਇਨਾਤ ਕੀਤਾ ਗਿਆ ਹੈ ਅਤੇ ਇਸੇ ਤਰ੍ਹਾਂ ਸੀਨੀਅਰ ਸਹਾਇਕ ਜਤਿੰਦਰ ਪਾਲ ਨੂੰ ਏ.ਐਸ.ਡੀ.ਏ., ਐਸ.ਡੀ.ਐਮ. ਦਫ਼ਤਰ ਨਕੋਦਰ ਅਤੇ ਵਾਧੂ ਚਾਰਜ ਰੀਡਰ ਟੂ ਐਸ.ਡੀ.ਐਮ. ਨਕੋਦਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸੀਨੀਅਰ ਸਹਾਇਕ ਦਵਿੰਦਰ ਸਿੰਘ ਨੂੰ ਅਮਲਾ ਸ਼ਾਖਾ ਦੇ ਵਾਧੂ ਚਾਰਜ ਤੋਂ ਫਾਰਗ ਕਰਦਿਆਂ ਰੀਡਰ ਟੂ ਏ.ਡੀ.ਸੀ. (ਜ) ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀਨੀਅਰ ਸਹਾਇਕ ਅਸ਼ੋਕ ਕੁਮਾਰ ਨੂੰ ਐਚ.ਆਰ.ਏ. ਸ਼ਾਖਾ ਅਤੇ ਵਾਧੂ ਚਾਰਜ ਨਜ਼ਾਰਤ ਸ਼ਾਖਾ, ਸੀਨੀਅਰ ਸਹਾਇਕ ਰਮਾ ਰਾਣੀ ਨੂੰ ਰੀਡਰ ਟੂ ਐਸ.ਡੀ.ਐਮ. ਜਲੰਧਰ-1, ਸੀਨੀਅਰ ਸਹਾਇਕ ਅਨੂਦੀਪ ਨੂੰ ਪੀ.ਜੀ.ਏ. ਸ਼ਾਖਾ ਅਤੇ ਵਾਧੂ ਚਾਰਜ ਨਕਲ ਸ਼ਾਖਾ, ਸੀਨੀਅਰ ਸਹਹਾਇਕ ਨਰੇਸ਼ ਕੁਮਾਰ ਨੂੰ ਡੀ.ਆਰ.ਏ. (ਐਮ. ਅਤੇ ਟੀ) ਸ਼ਾਖਾ ਅਤੇ ਵਾਧੂ ਚਾਰਜ ਤਹਿਸੀਲ ਸਹਾਇਕ ਜਲੰਧਰ-2, ਸੀਨੀਅਰ ਸਹਾਇਕ ਸੁਖਵਿੰਦਰ ਕੁਮਾਰ ਨੂੰ ਐਮ.ਏ.-1 ਸ਼ਾਖਾ ਅਤੇ ਵਾਧੂ ਚਾਰਜ ਰੀਡਰ ਟੂ ਐਸ.ਡੀ.ਐਮ.ਆਦਮਪੁਰ, ਸੀਨੀਅਰ ਸਹਾਇਕ ਰਾਜਬੀਰ ਕੌਰ ਨੂੰ ਤਹਿਸੀਲ ਸਹਾਇਕ ਜਲੰਧਰ-1 ਅਤੇ ਵਾਧੂ ਚਾਰਜ ਤਹਿਸੀਲ ਸਹਾਇਕ ਦਫ਼ਤਰ ਆਦਮਪੁਰ, ਸੀਨੀਅਰ ਸਹਾਇਕ ਤਜਿੰਦਰ ਸਿੰਘ ਨੂੰ ਵਿਕਾਸ ਸ਼ਾਖਾ ਵਿਖੇ ਤਾਇਨਾਤ ਕੀਤਾ ਗਿਆ ਹੈ। ਸਾਰੰਗਲ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਜੂਨੀਅਰ ਸਹਾਇਕ ਸ਼ਿਸਬ ਅਰੋੜਾ ਨੂੰ ਪੇਸ਼ੀ ਸ਼ਾਖਾ ਏ.ਡੀ.ਸੀ.(ਜ), ਜੂਨੀਅਰ ਸਹਾਇਕ ਕਰਮਵੀਰ ਸਿੰਘ ਨੂੰ ਅਮਲਾ ਸ਼ਾਖਾ, ਜੂਨੀਅਰ ਸਹਾਇਕ ਨਵਪ੍ਰੀਤ ਸਿੰਘ ਨੂੰ ਤਹਿਸੀਲ ਦਫ਼ਤਰ ਜਲੰਧਰ-1 ਅਤੇ ਵਾਧੂ ਚਾਰਜ ਸੇਲਜ਼ ਕਲਰਕ, ਜੂਨੀਅਰ ਸਹਾਇਕ ਮਨਦੀਪ ਸਿੰਘ ਨੂੰ ਤਹਿਸੀਲ ਦਫ਼ਤਰ ਸ਼ਾਹਕੋਟ, ਕਲਰਕ ਵਿਕਾਸ ਸਿੰਘ ਨੂੰ ਐਮ.ਏ.2 ਸ਼ਾਖਾ, ਕਲਰਕ ਗੁਰਸ਼ਨਪ੍ਰੀਤ ਕੌਰ ਅਮਲਾ ਸ਼ਾਖਾ, ਕਲਰਕ ਨੀਲ ਕਮਲ ਅਗਰਵਾਲ ਨੂੰ ਅਮਲਾ ਸ਼ਾਖਾ, ਕਲਰਕ ਹਰਪ੍ਰੀਤ ਸਿੰਘ ਨੂੰ ਪੀ.ਜੀ.ਏ. ਸ਼ਾਖਾ, ਸੇਵਾਦਾਰ ਪਵਨ ਕੁਮਾਰ ਨੂੰ ਨਕਲ ਸ਼ਾਖਾ, ਸੇਵਾਦਾਰ ਬਲਜਿੰਦਰ ਸਿੰਘ ਨੂੰ ਸਬ ਤਹਿਸੀਲ ਕਰਤਾਰਪੁਰ ਅਤੇ ਸੇਵਾਦਾਰ ਦੀਪਕ ਕੁਮਾਰ ਦਫ਼ਤਰ, ਏ.ਡੀ.ਸੀ. (ਜ) ਵਿਖੇ ਤਾਇਨਾਤ ਕੀਤਾ ਗਿਆ ਹੈ

# ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਛੁੱਟੀਆਂ 'ਚ ਵਾਧਾ ਕਰਨ ਦੀ ਮੰਗ

**ਫਿਲੌਰ (ਨਿਰਮਲ)**- ਪੰਜਾਬ ਦੇ ਮੌਸਮ ਵਿਭਾਗ ਵੱਲੋਂ ਸੰਘਣੀ ਧੁੰਦ ਦੇ ਰੈਡ ਅਲਾਰਟ ਕਾਰਨ ਪੰਜਾਬ ਦੇ ਸਕੂਲਾਂ ਵਿੱਚ ਛੁੱਟੀਆਂ ਵਿੱਚ ਵਾਧਾ ਕਰਨ ਦੀ ਮੰਗ ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਕੀਤੀ ਗਈ ਹੈ।



ਮੋਰਚੇ ਦੇ ਸੂਬਾਈ ਕਨਵੀਨਰਾਂ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਬਲਜੀਤ ਸਿੰਘ ਸਲਾਣਾ, ਬਾਜ ਸਿੰਘ ਖਹਿਰਾ, ਜਸਵਿੰਦਰ ਸਿੰਘ ਔਲਖ, ਹਰਵਿੰਦਰ ਸਿੰਘ ਬਿਲਗਾ, ਗੁਰਜੰਟ ਸਿੰਘ ਵਾਲੀਆ, ਸੁਖਜਿੰਦਰ ਸਿੰਘ ਹਰੀਕਾ, ਸੁਖਰਾਜ ਸਿੰਘ ਕਾਹਲੋਂ, ਸ਼ਮਸ਼ੇਰ ਸਿੰਘ ਅਤੇ ਅਮਨਬੀਰ ਸਿੰਘ ਗੁਰਾਇਆ ਦੀ ਹੋਈ ਵਰਚੁਅਲ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਕੋਆਰਡੀਨੇਟਰ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਪੰਜਾਬ ਵਿੱਚ ਠੰਡ ਵਧਣ ਅਤੇ ਸੰਘਣੀ ਧੁੰਦ ਦੇ ਚੱਲਦਿਆਂ ਆਉਣ ਜਾਣ ਵਿੱਚ ਜਿੱਥੇ ਦਿੱਕਤ ਆਉਂਦੀ ਹੈ ਉੱਥੇ ਹੀ ਸੜਕੀ ਦੁਰਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਜਦੋਂ ਕਿ ਪੰਜਾਬ ਦੇ ਮੌਸਮ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸੰਘਣੀ ਧੁੰਦ ਦਾ ਰੈਡ ਅਲਰਟ ਜਾਰੀ ਕੀਤਾ ਗਿਆ ਹੈ। ਜਿਸ ਕਾਰਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਕੂਲ ਪਹੁੰਚਣ ਵਿੱਚ ਦਿੱਕਤਾਂ ਆਉਣਗੀਆਂ ਤੇ ਸੜਕੀ ਦੁਰਘਟਨਾਵਾਂ ਕਾਰਨ ਜਾਨੀ ਨੁਕਸਾਨ ਹੋਣ ਦਾ ਖਦਸਾ ਬਣਿਆ ਰਹੇਗਾ। ਉਨ੍ਹਾਂ ਦੱਸਿਆ ਕਿ ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਹਰਿਆਣਾ ਸਰਕਾਰ ਵਾਂਗ 15 ਜਨਵਰੀ ਤੱਕ ਛੁੱਟੀਆਂ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਗਈ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਜਿੰਦਗੀ ਸੁਰੱਖਿਅਤ ਰੱਖੀ ਜਾ ਸਕੇ।

## ਕਾਰਾਂ 'ਚ ਹਥਿਆਰਾਂ ਨਾਲ ਲੈਸ ਘੁੰਮ ਰਹੇ ਨੇ ਗੈਂਗਸਟਰ : ਬਾਲੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਨੇ ਕਿਹਾ ਕਿ ਮਾਹਿਲਪੁਰ ਦੇ ਕਸਬਾ ਖਾਨਪੁਰ ਵਿਖੇ ਗੈਂਗਵਾਰ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਦੇ ਦਬਦਬੇ ਲਈ ਗੈਂਗਵਾਰ ਹੋ ਰਹੀ ਹੈ, ਜਿਸ ਕਾਰਨ ਗੈਂਗਸਟਰ ਬੇਲਗਾਮ ਹੁੰਦੇ ਜਾ ਰਹੇ ਹਨ ਅਤੇ ਪੁਲਸ 'ਤੇ ਭਾਰੀ ਪੈ ਰਹੇ ਹਨ। ਪੁਲਸ ਸਿਰਫ ਐਫ.ਆਈ.ਆਰ. ਦਰਜ ਕਰਨ ਤੱਕ ਹੀ ਸੀਮਿਤ ਰਹੀ ਗਈ ਹੈ। ਕਾਰਾਂ ਵਿੱਚ ਪਿਸਤੌਲਾਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਗੈਂਗਸਟਰ ਪੁਲਸ ਦੀ ਪਕੜ ਤੋਂ ਬਾਹਰ ਬੇਲਗਾਮ ਹੋ ਕੇ ਘੁੰਮ ਰਹੇ ਹਨ। ਇਸ ਕਾਰਨ ਸਮਾਜ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ। ਇਸ ਮੌਕੇ ਨਵਲ ਕਿਸ਼ੋਰ ਕਾਲੀਆ, ਨਿਰਮਲ ਸਿੰਘ, ਉਤਮ ਸਿੰਘ, ਗੁਰਦੇਵ ਸਿੰਘ, ਹਰੀਮਿੱਤਰ, ਬਲਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਕਿਸਾਨਾਂ-ਮਜ਼ਦੂਰਾਂ ਨੇ ਕੀਤੀਆਂ ਸਾਂਝੀਆਂ ਮੀਟਿੰਗਾਂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**- ਸਾਂਝਾ ਕਿਸਾਨ ਮਜਦੂਰ ਮੋਰਚਾ ਮੁਹਿੰਮ ਤਹਿਤ ਪਿੰਡ ਮੰਗੂਵਾਲ ਤੇ ਕਾਹਮਾ ਕਿਸਾਨ ਮਜਦੂਰਾਂ ਦੀਆਂ ਸਾਂਝੀਆਂ ਮੀਟਿੰਗਾਂ ਬੀਬੀ ਚਰਨਜੀਤ ਕੌਰ ਨਵਾਂਸ਼ਹਿਰ ਸੁਰਜੀਤ ਮੱਲਪੁਰੀ ਅਗਵਾਈ ਹੇਠ ਹੋਈਆਂ। ਮੀਟਿੰਗਾਂ ਨੂੰ ਸੰਬੋਧਿਤ ਕਰਦਿਆਂ ਸਾਥੀ ਕਰਨ ਸਿੰਘ ਰਾਣਾ ਸੂਬਾਈ ਜਰਨਲ ਸਕੱਤਰ ਸਾਂਝਾ ਕਿਸਾਨ ਨੇ ਕਿਹਾ ਕਿ ਨਸ਼ਾ ਮੁਹਿੰਮ ਪਿੰਡਾਂ ਵਿੱਚ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਨੇ ਕਿਹਾ ਸਮੂਹ ਪੰਜਾਬੀਆਂ ਦੇ ਸਹਿਯੋਗ ਨਾਲ ਇਹਨਾਂ ਮਾਰੂ ਬਿਮਾਰੀਆਂ ਦਾ ਅੰਤ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਬਰਬਾਦੀ ਦੇ ਆਲਮ ਵਿੱਚ ਧੱਕ ਦਿੱਤਾ ਹੈ। ਇਹ ਸਿਲਸਲਾ 20 ਸਾਲ ਪਹਿਲਾਂ ਸ਼ੁਰੂ ਹੋਇਆ ਸੀ ਜੋ ਅੱਜ ਬਹੁਤ ਤੇਜ਼ੀ ਨਾਲ਼ ਫੈਲ ਰਿਹਾ ਹੈ। ਇਸ ਨੂੰ ਰੋਕਣ ਦਾ ਹੱਲ ਲੋਕ ਏਕਤਾ ਅਤੇ ਵਿਸ਼ਾਲ ਸੰਘਰਸ਼ ਹੀ ਹੈ। ਮੀਟਿੰਗ ਤੋਂ ਬਾਅਦ ਪ੍ਰੈਸ ਨੂੰ ਜਾਣਕਾਰੀ ਦੇਂਦੇ ਹੋਏ ਬੀਬੀ ਚਰਨਜੀਤ ਕੌਰ ਸੁਰਜੀਤ ਮੱਲਪੁਰੀ ਨੇ ਦੱਸਿਆ ਕਿ ਪਿੰਡਾਂ ਦਾ ਆਪਸੀ ਝਗੜਾ ਪਿੰਡ ਦੀਆਂ ਆਮ ਸੱਥਾ ਵਿੱਚ ਹੀ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਮਜਦੂਰ ਦਾ ਵਾਧੂ ਸਮਾਂ ਪੈਸਾ ਅਦਾਲਤਾਂ ਵਿੱਚ ਖਰਾਬ ਹੁੰਦਾ ਹੈ ਇਸ ਲਈ ਜਥੇਬੰਦੀ ਨੇ ਕਿਸਾਨ ਮਜ਼ਦੂਰ ਦਿਹਾੜੀ ਆਪਸੀ ਝਗੜਿਆਂ ਨਿਪਟਾਉਣ ਪਿੰਡ ਪੱਧਰ 'ਤੇ ਕਰਨ ਫੈਸਲਾ ਲਿਆ ਹੈ। ਇਸ ਤਰ੍ਹਾਂ ਕਰਨ ਨਾਲ ਪਿੰਡ ਦੀ ਧੜੇਬੰਦੀ ਖਤਮ ਹੋਵੇਗੀ, ਆਪਸੀ ਭਾਈਚਾਰਾ ਮਜ਼ਬੂਤ ਹੋਵੇਗਾ। ਇਸ ਮੌਕੇ ਨਿਰਮਲਾ ਦੇਵੀ ਕਾਹਮਾ ਸੁਖਵਿੰਦਰ ਸੁਜੋ, ਜੱਸਾ ਸਿੰਘ ਪਿਆਰਾ ਲਾਲ ਮੰਗੂਵਾਲ ਬਲਜੀਤ ਕੌਰ ਸ਼ਾਮ ਲਾਲ ਕਾਹਮਾ ਬਲਵੀਰ ਰਾਮ ਭੀਣ ਅਲਕਾ, ਦੇਵੀ ਇੰਦਰਜੀਤ ਕੌਰ ਅਨੇਕਾਂ ਸਾਥੀ ਹਾਜ਼ਰ ਸਨ।

## ਚਾਂਦਪੁਰ ਰੁੜਕੀ ਵਿਖੇ ਬਿਨਾਂ ਦਹੇਜ ਵਿਆਹ ਕਰਨ ਵਾਲੇ ਪਰਵਾਰਾਂ ਦਾ ਸਨਮਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**-ਨੌਜਵਾਨ ਨੂੰ ਨਸ਼ਿਆ ਤੋਂ ਦੂਰ ਰੱਖਣ ਲਈ ਬ੍ਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਸਪੋਰਟਸ ਕੱਲਬ ਵਲੋਂ ਸਮਾਜ ਸੇਵੀ ਸੰਸਥਾ ਏਰੀਆ ਯੂਥ ਅਲਾਇੰਸ ਦੇ ਸਹਿਯੋਗ ਨਾਲ ਏਰੀਆ ਯੂਥ ਅਲਾਇੰਸ ਦੇ ਸਰਪ੍ਰਸਤ ਪ੍ਰੇਮ ਪਾਲ ਸਿੰਘ ਹੱਕਲਾ ਨਵਾਂਗਰਾਂ ਜਰਮਨੀ , ਦਵਿੰਦਰ ਛਾਬਲਾ ਹਾਜੀਪੁਰ ਜਰਮਨੀ,ਤਰਸੇਮ ਲਾਲ ਖੇਪੜ ਭਵਾਨੀਪੁਰ ਲੱਕੀ ਖੇਪੜ ਭਵਾਨੀਪੁਰ ਅਤੇ ਪੰਮੀ ਬਾਗੜੀ ਰੱਤੇਵਾਲ ਯੂ.ਐੱਸ.ਏ ਦੇ ਸਹਿਯੋਗ ਨਾਲ ਪਿੰਡ ਚਾਂਦਪੁਰ ਰੁੜਕੀ ਵਿਖੇ ਉਹਨਾਂ ਨਵ ਵਿਆਹਤਾ ਜੋੜਿਆਂ ਦੇ ਪਰਵਾਰਾਂ ਦਾ ਸਨਮਾਨ ਕੀਤਾ ਗਿਆ ਜਿਹਨਾਂ ਨੇ ਬਿਨਾ ਕਿਸੇ ਦਾਜ ਦਹੇਜ ਦੇ ਆਪਣੇ ਵਿਆਹ ਕਰਵਾਏ ਹਨ। ਇਹਨਾਂ ਜੋੜਿਆ ਦਾ ਸਨਮਾਨ ਸਤਨਾਮ ਸਿੰਘ ਜਲਾਲਪੁਰ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅਤੇ ਜਸਬੀਰ ਸਿੰਘ ਆਈ ਜੀ ਨੌਰਥ ਜੋਨ ਸੀ.ਆਰ.ਪੀ.ਐਫ ਵਲੋਂ ਕੀਤਾ ਗਿਆ । ਇਸ ਮੌਕੇ ਉਹਨਾਂ ਪਿੰਡ ਦੇ ਨੌਜਵਾਨ ਰਜਿੰਦਰ ਸਿੰਘ ਸੀ.ਆਰ.ਪੀ.ਐਫ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਹਨਾਂ ਦਾ ਇਹ ਇੱਕ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਨਾਲ ਸਾਡੀ ਨੌਜਵਾਨ ਪੀੜੀ ਨੂੰ ਇਹ ਪ੍ਰੇਰਣਾ ਮਿਲੇਗੀ ਉਹ ਦਾਜ ਵਰਗੀ ਸਮਾਜਿਕ ਬੁਰਾਈ ਨੂੰ ਛੱਡ ਅਤੇ ਸਾਦੇ ਢੰਗ ਨਾਲ ਆਪਣੇ ਵਿਆਹ ਕਰਵਾਉਣ ਅਤੇ ਦਾਜ ਵਰਗੀ ਸਮਾਜਿਕ ਬੁਰਾਈ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੀ ਹੈ ਇਸ ਲਈ ਅਜਿਹੇ ਉਪਰਾਲਿਆ ਦੀ ਅੱਜ ਸਮੇਂ ਦੀ ਮੰਗ ਹੈ। ਇਸ ਮੌਕੇ ਕਮਲ ਕੁਮਾਰ ਪੁੱਤਰ ਸਰਵਣ ਕੁਮਾਰ ਚਾਂਦਪੁਰ ਰੁੜਕੀ,ਬੱਬੂ ਪੀ.ਪੀ ਪੁੱਤਰ ਦਰਸ਼ਨ ਲਾਲ ਖੇਪੜ ਭਵਾਨੀਪੁਰ,ਹਰਪ੍ਰੀਤ ਸਿੰਘ ਪੁੱਤਰ ਦਲਜੀਤ ਸਿੰਘ ਪਿੰਡ ਟੋਰੋਵਾਲ ਦੇ ਪਰਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਰਾਜ ਪਾਲ ਮੀਲੂ ਪ੍ਰਧਾਨ ਅਵਾਜ ,ਅਜੀਤ ਪਾਲ ਸਿੰਘ, , ਗੁਰਦੇਵ ਸਿੰਘ ਮੀਲੂ,ਬਲਦੇਵ ਸਿੰਘ, ਸ਼ਿਵਦੇਵ ਸਿੰਘ, ਰਸ਼ਪਾਲ ਸਿੰਘ ਐਮ ਸੀ ਸਾਹਨੇਵਾਲ,ਰਜਿੰਦਰ ਸਿੰਘ ਸੀ.ਆਰ.ਪੀ.ਐਫ.ਗੁਰਮੇਲ ਸਿੰਘ,ਪ੍ਰਦੀਪ ਸਿੰਘ, ਮਹਿੰਦਰ ਸਿੰਘ ਸੀ.ਆਈ.ਡੀ,ਸਰਵਣ ਰਾਮ ,ਜੋਗਿੰਦਰ ਕੁਮਾਰ,ਰਜਿੰਦਰ ਸਿੰਘ ਜਿੰਦੀ,ਬਿੰਦਾ ਪੀ.ਪੀ,ਗੁਰਚਰਨ ਸਿੰਘ ਡਾਕਟਰ ਕੇਵਲ ਬਰੰਮਪੁਰੀ ਹਾਜਰ ਸਨ।



# ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਦਫਤਰ ਜ਼ਿਲ੍ਹਾ ਭਾਸ਼ਾ ਅਫਸਰ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਪੁਆਧੀ ਮੰਚ, ਮੋਹਾਲੀ ਦੇ ਸਹਿਯੋਗ ਨਾਲ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਜ਼ਿਲ੍ਹਾ ਭਾਸ਼ਾ ਅਫਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਮੁੱਖ ਮਹਿਮਾਨਾਂ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਿਹਾ ਗਿਆ ਅਤੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸ਼ਾਨਾਮੱਤੇ ਪਹਿਲੂਆਂ ਬਾਰੇ ਗੱਲ ਕਰਦਿਆਂ ਨਮਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਅਜਿਹੀ ਸ਼ਹਾਦਤ ਦੀ ਦੁਨੀਆ ਵਿਚ ਕੋਈ ਮਿਸਾਲ ਨਹੀਂ ਮਿਲਦੀ। ਉਨ੍ਹਾਂ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਮੋਹਾਲੀ ਦੀਆਂ ਪ੍ਰਾਪਤੀਆਂ ਤੋਂ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ।

ਮੁੱਖ ਮਹਿਮਾਨ ਜੀ.ਕੇ.ਸਿੰਘ ਧਾਲੀਵਾਲ (ਸੇਵਾਮੁਕਤ ਆਈ.ਏ.ਐੱਸ.) ਵੱਲੋਂ 'ਸਾਕਾ' ਸ਼ਬਦ ਦੇ ਇਤਿਹਾਸਕ ਮਹੱਤਵ ਬਾਰੇ ਗੱਲ ਕਰਦਿਆਂ ਆਖਿਆ ਗਿਆ ਕਿ ਸਾਡੀ ਅਜੋਕੀ ਪੀੜ੍ਹੀ ਜਾਣਕਾਰੀ ਅਤੇ ਗਿਆਨ ਵਿਚਲਾ ਫਰਕ ਕਰਨ ਪੱਖੋਂ ਪੱਛੜ ਰਹੀ ਹੈ। ਸਾਨੂੰ ਭਵਿੱਖਤ ਪੀੜ੍ਹੀਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਬੌਧਿਕ ਵਿਕਾਸ ਤੋਂ ਬਿਨਾਂ ਕਿਸੇ ਕੌਮ ਦਾ ਕੋਈ ਭਵਿੱਖ ਸੰਭਵ ਨਹੀਂ। ਸਮਾਗਮ ਦੇ ਮੁੱਖ ਵਕਤਾ ਅਤੇ ਉੱਘੇ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਵੱਲੋਂ ਸ੍ਰੋਤਿਆਂ ਦੇ ਮੁਖ਼ਾਤਿਬ ਹੁੰਦਿਆਂ ਆਖਿਆ ਗਿਆ ਕਿ ਸਾਨੂੰ ਗੁਰੂ ਸਾਹਿਬ ਨੇ ਜਾਤ-ਪਾਤ ਤੋਂ ਉੱਪਰ ਉੱਠ ਕੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਇਤਿਹਾਸਕ ਮਿਥਿਹਾਸਕ ਹਵਾਲਿਆਂ ਦੇ ਨਾਲ ਗੱਲ ਨੂੰ ਅੱਗੇ ਤੋਰਦੇ ਹੋਏ ਆਖਿਆ ਕਿ ਇਸ ਸਫ਼ਰ-ਏ-ਸ਼ਹਾਦਤ ਵਿਚ ਮਾਤਾ ਗੁਜਰੀ ਜੀ ਨੇ ਮਹਾਂਭਾਰਤ ਦੇ ਮੈਦਾਨ ਵਿਚਲੇ ਕ੍ਰਿਸ਼ਨ ਵਰਗਾ ਰੋਲ ਅਦਾ ਕੀਤਾ। ਉਨ੍ਹਾਂ ਇਹ ਵੀ ਆਖਿਆ ਕਿ ਗੁਰੂ ਜੀ ਦਾ ਸਾਰਾ ਪਰਵਾਰ ਕੋਈ ਨਿੱਜੀ ਲੜਾਈ ਨਹੀਂ ਸਗੋਂ ਸਮਾਜਿਕ ਪਰਿਵਰਤਨ ਲਈ ਲੜ ਰਿਹਾ ਸੀ। ਉਹਨਾਂ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਨਾਲ-ਨਾਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਤੱਕ ਦਾ ਵੀ ਇਤਿਹਾਸ ਸਾਂਝਾ ਕੀਤਾ।



ਇਸ ਸਮਾਗਮ ਦੌਰਾਨ ਰਾਜੂ ਨਾਹਰ ਵੱਲੋਂ ਗੀਤ 'ਪ੍ਰਣਾਮ ਸ਼ਹੀਦਾਂ ਨੂੰ', ਡਾ. ਹੁਸਨਵੀਰ ਵੱਲੋਂ 'ਮਿੱਤਰ ਪਿਆਰੇ ਨੂੰ, ਹਾਲ ਮੁਰੀਦਾ ਦਾ ਕਹਿਣਾ', ਮਾਸਟਰ ਸਤੀਸ਼ ਵਿਦਰੋਹੀ ਵੱਲੋਂ ਸ਼ਹਾਦਤ ਨਾਲ ਸਬੰਧਤ ਪੁਆਧੀ ਕਵਿਤਾ, ਭੁਪਿੰਦਰ ਮਟੌਰੀਆ ਵੱਲੋਂ 'ਫੁੱਲਾਂ ਨਾਲੋਂ ਨਾਜ਼ੁਕ ਬੱਚੇ, ਦਿੰਦੇ ਜ਼ਾਲਮ ਕਸ਼ਟ ਬੜੇ', ਪ੍ਰੋ. ਗੁਰਜੋਧ ਕੌਰ ਵੱਲੋਂ ਸੋਹਣ ਸਿੰਘ ਸ਼ੀਤਲ ਦੀ ਕਵਿਤਾ ਅਤੇ ਡਾ. ਜਗਮੋਹਨ ਵੱਲੋਂ ਕਵਿਤਾ 'ਬਰਾਤ' ਪੇਸ਼ ਕੀਤੀ ਗਈ।

ਇਸ ਮੌਕੇ ਅਨੇਕ ਅਦਬੀ ਸ਼ਖ਼ਸੀਅਤਾਂ ਜਿਵੇਂ ਸੰਜੀਵਨ ਸਿੰਘ, ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ, ਪ੍ਰੋ. ਜਲੌਰ ਸਿੰਘ ਖੀਵਾ, ਕਰਮਜੀਤ ਸਿੰਘ ਚਿੱਲਾ, ਨਰਿੰਦਰ ਕੁਮਾਰ ਮਨੌਲੀ, ਰਾਜਵਿੰਦਰ ਸਿੰਘ ਬਠਲਾਨਾ, ਡਾ. ਗੁਰਮੀਤ ਸਿੰਘ ਬੈਦਵਾਨ, ਦਵਿੰਦਰ ਕੌਰ ਢਿੱਲੋਂ, ਪਿਆਰਾ ਸਿੰਘ ਰਾਹੀ, ਸਤਬੀਰ ਕੌਰ, ਡਾ. ਸੁਨੀਤਾ ਸੈਣੀ, ਗੁਰਮੇਲ ਸਿੰਘ ਸਿੱਧੂ, ਡਾ. ਪੰਨਾ ਲਾਲ ਮੁਸਤਫ਼ਾਬਾਦੀ, ਬਲਜਿੰਦਰ ਕੌਰ ਸ਼ੇਰਗਿੱਲ, ਜਸਵਿੰਦਰ ਸਿੰਘ ਕਾਈਨੌਰ, ਬਲਜੀਤ ਸਿੰਘ ਫਿੱਡਿਆਂਵਾਲਾ, ਬਹਾਦਰ ਸਿੰਘ ਗੋਸਲ, ਭਗਤ ਰਾਮ ਰੰਗਾੜਾ, ਜਸਪਾਲ ਸਿੰਘ ਦੇਸੂਵੀ, ਆਦਿ ਵੱਲੋਂ ਵੀ ਸ਼ਿਰਕਤ ਕੀਤੀ ਗਈ।

ਸਮਾਗਮ ਦੇ ਅੰਤ ਵਿੱਚ ਜ਼ਿਲ੍ਹਾ ਭਾਸਾ ਅਫਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਹੋਰ ਪਤਵੰਤੇ ਸੱਜਣਾਂ ਦਾ ਇਸ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਸਮਾਗਮ ਸਬੰਧੀ ਮੰਚ ਸੰਚਾਲਣ ਗੁਰਪ੍ਰੀਤ ਸਿੰਘ ਨਿਆਮੀਆਂ ਵੱਲੋਂ ਕੀਤਾ ਗਿਆ ਅਤੇ ਪੁਆਧੀ ਮੰਚ ਵੱਲੋਂ ਡਾ. ਗੁਰਮੀਤ ਸਿੰਘ ਬੈਦਵਾਨ ਨੇ ਅਖੀਰ 'ਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਵੀ ਕੀਤਾ ਗਿਆ।

# ਨੈਸ਼ਨਲ ਹਾਈਵੇ ਅਥਾਰਟੀ ਨੇ ਕਿਸਾਨਾਂ ਦੀਆਂ ਜ਼ਮੀਨਾਂ ਦਾ ਕਬਜ਼ਾ ਲੈਣ ਲਈ ਕੈਂਪ ਲਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਕਿਸਾਨ ਆਗੂ ਇੰਦਰ ਸਿੰਘ ਕੈਂਪ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇੱਕ ਹੋਰ ਪਿੰਡ ਢੋਲਣਵਾਲ ਵਿਖੇ ਨੈਸਨਲ ਹਾਈਵੇ ਅਥਾਰਟੀ ਵਲੋਂ ਕਿਸਾਨਾਂ ਦੀ ਜਮੀਨ 'ਤੇ ਕਬਜਾ ਲੈਣ ਲਈ ਕੈਂਪ ਲਾਇਆ ਗਿਆ ਸੀ। ਪਹਿਲਾਂ ਉਹ 25 ਦਸੰਬਰ ਨੂੰ ਪਿੰਡ ਛਾਉਣੀ ਕਲਾਂ ਵਿਖੇ ਕਬਜਾ ਲੈਣ ਆਏ ਸੀ ਤਾਂ ਕਿਸਾਨਾਂ ਨੇ ਜਮੀਨਾਂ ਅਤੇ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਅਦਾਇਗੀ ਕਰਨ ਤੋਂ ਬਿਨਾਂ ਕਬਜਾ ਦੇਣ ਦਾ ਤਿੱਖਾ ਵਿਰੋਧ ਕੀਤਾ ਸੀ। ਉਸੇ ਹੀ ਤਰ੍ਹਾਂ 28 ਦਸੰਬਰ ਨੂੰ ਫਿਰ ਨੈਸ਼ਨਲ ਨੈਸਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਕਿਸਾਨਾਂ ਦੀਆਂ ਜਮੀਨਾਂ, ਟਿਊਬਵੈੱਲਾਂ, ਬਿਲਡਿੰਗਾਂ, ਦਰਖੱਤਾਂ, ਬਾਗਵਾਨੀ ਅਤੇ ਨਵੇਂ ਟਿਊਬਵੈੱਲ ਕੁਨੈਕਸ਼ਨ ਲੈਣ ਲਈ ਅਦਾਇਗੀ ਕੀਤੇ ਬਿਨਾਂ ਪਿੰਡ ਢੋਲਣਵਾਲ ਵਿਖੇ ਕਬਜਾ ਲੈਣ ਲਈ ਜੇਸੀਬੀ ਮਸ਼ੀਨ ਸਮੇਤ ਪਹੁੰਚੇ ਸਨ। ਜਿਸ ਦਾ ਕਿਸਾਨ ਜਥੇਬੰਦੀਆਂ ਨੇ ਫਿਰ ਤਿੱਖਾ ਵਿਰੋਧ ਕੀਤਾ ਅਤੇ ਇਸ ਸਮੇਂ ਉੱਘੇ ਕਿਸਾਨ ਆਗੂ ਮਨਜੀਤ ਰਾਏ, ਇੰਦਰ ਸਿੰਘ ਕੈਂਪ ਅਤੇ ਮਨਜੀਤ ਸਿੰਘ ਸੈਣੀ ਅਤੇ ਹੋਰ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਜਿੰਨਾ ਚਿਰ ਸਾਨੂੰ ਉਪਰੋਕਤ ਅਨੁਸਾਰ ਹਰ ਤਰ੍ਹਾਂ ਦਾ ਮੁਆਵਜਾ ਨਹੀਂ ਦਿੱਤਾ ਜਾਂਦਾ ਤਾਂ ਅਸੀਂ ਉਨਾ ਚਿਰ ਕਿਸੇ ਵੀ ਤਰ੍ਹਾਂ ਦਾ ਕਬਜਾ ਨਹੀਂ ਦੇਣਾ। ਉਹਨਾਂ ਦੱਸਿਆ ਕਿ ਉਸ ਵੇਲੇ ਤਾਂ ਅਧਿਕਾਰੀ ਉਹਨਾਂ ਦੀਆਂ ਗੱਲਾਂ ਨਾਲ ਸਹਿਮਤ ਹੋ ਗਏ ਸਨ ਪਰ ਉਹਨਾਂ ਨੂੰ ਸ਼ੰਕਾ ਸੀ ਕਿ ਇਹ ਅਧਿਕਾਰੀ ਹਨੇਰੇ ਸਵੇਰੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜਾ ਕਰ ਸਕਦੇ ਹਨ ਜਿਸ ਤਰ੍ਹਾਂ ਅਕਸਰ ਹੀ ਅਧਿਕਾਰੀ ਕਰਦੇ ਹਨ। ਕਿਸਾਨਾਂ ਨੇ ਫੌਰੀ ਤੌਰ 'ਤੇ ਫੈਸਲਾ ਲਿਆ ਕੇ ਇਸ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਧਿਆਨ ਵਿੱਚ ਲਿਆਂਦਾ ਜਾਵੇ, ਪਰ ਉਹ ਅੱਜ ਕਿਸਾਨਾਂ ਨੂੰ ਨਹੀਂ ਮਿਲ ਸਕੇ। ਉਸ ਸਮੇਂ ਡੀਆਰਓ ਆਪਣੇ ਦਫਤਰ ਵਿੱਚ ਮੌਜੂਦ ਸੀ ਉਹਨਾਂ ਨੇ ਕਿਸਾਨਾਂ ਨੂੰ ਵੇਖ ਕੇ ਗੱਲਬਾਤ ਲਈ ਸੱਦ ਲਿਆ ਤੇ ਉਹਨਾਂ ਮਾਲ ਅਧਿਕਾਰੀ ਨੂੰ ਸਾਰੀ ਗੱਲਬਾਤ ਸਮਝਾਈ ਅਤੇ ਉਹਨਾਂ ਕਿਸਾਨ ਆਗੂਆਂ ਤੋਂ ਦੋ ਸਾਲ ਪਹਿਲਾਂ ਮਾਲ ਅਫਸਰ ਨੂੰ ਕਿਸਾਨਾਂ ਵੱਲੋਂ ਮੁਆਵਜੇ ਸਬੰਧੀ ਦਿੱਤੇ ਹੋਏ ਮੰਗ ਪੱਤਰ ਦੀ ਕਾਪੀ ਦੀ ਮੰਗ ਕੀਤੀ। ਆਗੂਆਂ ਨੇ ਦੱਸਿਆ ਕਿ ਅਸੀਂ ਮਾਲ ਅਧਿਕਾਰੀ ਨੂੰ ਉਹ ਕਾਪੀ ਦੇ ਦਿੱਤੀ ਹੈ ਹੁਣ ਵੇਖਦੇ ਹਾਂ ਕਿ ਜ਼ਿਲ੍ਹਾ ਪ੍ਰਸ਼ਾਸਨ ਅੱਗੇ ਕੀ ਫੈਸਲਾ ਲੈਂਦਾ ਹੈ। ਕਿਸਾਨ ਆਗੂਆਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਬਿਨਾਂ ਮੁਆਵਜਾ ਦਿੱਤਿਆਂ ਅਧਿਕਾਰੀ ਕਿਸੇ ਪਿੰਡ ਵਿੱਚ ਕਬਜਾ ਲੈਣ ਜਾਂਦੇ ਹਨ ਤਾਂ ਉਹਨਾਂ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ । ਜੇਕਰ ਮਾਹੌਲ ਖਰਾਬ ਹੁੰਦਾ ਹੈ ਤਾਂ ਉਸ ਲਈ ਜ਼ਿਲ੍ਹਾ ਪ੍ਰਸ਼ਾਸਨ ਜਿੰਮੇਵਾਰ ਹੋਵੇਗਾ।



1-JAN-PAGE-10.qxd 12/31/2023 9:33 PM Page 1



# ਭੈਣ-ਭਣੋਈਏ ਦੇ ਕਤਲ ਦੀ ਉੱਚ ਪੱਧਰੀ ਜਾਂਚ ਦੀ ਮੰਗ

## 20 ਨਵੰਬਰ ਨੂੰ ਕੈਨੇਡਾ 'ਚ ਵਾਪਰਿਆ ਦੋਹਰਾ ਕਤਲ ਕਾਂਡ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕੈਨੇਡਾ ਵਿੱਚ ਗੁਰਸਿੱਖ ਪਰਿਵਾਰ ਉਤੇ ਕੁੱਝ ਅਣਪਛਾਤੇ ਵਿਅਕਤੀਆਂ ਨੇ ਘਰ ਵਿੱਚ ਦਾਖਲ ਹੋ ਕੇ ਕੀਤੀ ਤਾਬੜਤੋੜ ਫਾਇਰਿੰਗ ਵਿੱਚ ਪਤੀ-ਪਤਨੀ ਦੀ ਮੌਤ ਹੋ ਗਈ ਸੀ, ਜਦਕਿ ਉਨ੍ਹਾਂ ਦੀ ਧੀ ਅਜੇ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੀ ਹੈ। ਪਿੰਡ ਸ਼ੁਤਰਾਣਾ ਰਹਿੰਦੇ ਮ੍ਰਿਤਕ ਔਰਤ ਦੇ ਭਰਾ ਨੇ ਭਾਰਤ ਅਤੇ ਕੈਨੇਡਾ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਗੁਰਮੁੱਖ ਸਿੰਘ ਸ਼ੁਤਰਾਣਾ ਨੇ ਦੱਸਿਆ ਕਿ ਉਨ੍ਹਾ ਦਾ ਭਣੋਈਆ ਜਗਤਾਰ ਸਿੰਘ ਤੇ ਭੈਣ ਹਰਭਜਨ ਕੌਰ ਪਟਿਆਲਾ ਵਿਖੇ ਰਹਿੰਦੇ ਸਨ। ਜੁਲਾਈ, ਅਗਸਤ ਵਿੱਚ ਆਪਣੇ ਧੀ, ਪੁੱਤਰ ਨੂੰ ਓਂਟਾਰੀਓ, ਬ੍ਰਹਮਟਿੰਨ ਕੈਨੇਡਾ ਮਿਲਣ ਗਏ ਸਨ। ਉਨ੍ਹਾਂ ਦੇ ਪਰਿਵਾਰ ਉਤੇ 20 ਨਵੰਬਰ ਦੀ ਰਾਤ ਨੂੰ ਕੁੱਝ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਵਿੱਚ ਦਾਖਲ ਹੋ ਕੇ ਉਨ੍ਹਾਂ ਉੱਤੇ ਤਾਬੜ ਤੋੜ ਗੋਲੀਆਂ ਚਲਾਈਆਂ, ਜਿਸ ਵਿੱਚ ਭਾਈ ਜਗਤਾਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਉਨ੍ਹਾਂ ਦੀ ਭੈਣ ਹਰਭਜਨ ਕੌਰ ਤੇ ਉਨ੍ਹਾਂ ਦੀ ਧੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ। ਦੋਵੇਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਹਰਭਜਨ ਕੌਰ ਕਈ ਦਿਨਾਂ ਬਾਅਦ ਜ਼ਿੰਦਗੀ ਦੀ ਜੰਗ ਹਾਰ ਗਈ,



ਮ੍ਰਿਤਕ ਜਗਤਾਰ ਸਿੰਘ ਤੇ ਹਰਭਜਨ ਕੌਰ ਦੀ ਫਾਈਲ ਫੋਟੋ।

ਜਦਕਿ ਉਨ੍ਹਾਂ ਧੀ, ਜਿਸ ਦੇ 13 ਗੋਲੀਆਂ ਲੱਗੀਆਂ ਹਨ, ਉਹ ਜ਼ਿੰਦਗੀ ਲਈ ਜੂਝ ਰਹੀ ਹੈ। ਉਨਾ ਦੱਸਿਆ ਕਿ ਸੁੱਰਖਿਆ ਕਾਰਨਾਂ ਕਰ ਕੇ ਉਥੋਂ ਦੀ ਸਰਕਾਰ ਨੇ ਜਗਤਾਰ ਸਿੰਘ ਤੇ ਹਰਭਜਨ ਕੌਰ ਦੇ ਧੀ, ਪੁੱਤਰ ਦੀ ਪਛਾਣ ਜਨਤਕ ਨਹੀਂ ਕੀਤੀ। ਹਮਲਾਵਰਾਂ ਨੇ ਉਕਤ ਗੁਰ ਸਿੱਖ ਪਰਿਵਾਰ 'ਤੇ ਅਣਗਿਣਤ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ 20 ਗੋਲੀਆਂ ਹਰਭਜਨ ਕੌਰ ਨੂੰ ਲੱਗੀਆਂ ਸਨ। ਜਗਤਾਰ ਸਿੰਘ ਦੀ ਛਾਤੀ ਵਿੱਚ ਗੋਲੀਆਂ ਵੱਜਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਉਨ੍ਹਾ ਦੱਸਿਆ ਕਿ ਗੋਲੀਬਾਰੀ ਵਾਲੀ ਰਾਤ ਮਕਾਨ ਦੇ ਹੇਠਲੇ ਹਿੱਸੇ ਵਿੱਚ ਮੌਜੂਦ ਸਨੀ ਨਾਂਅ ਦੇ ਸ਼ਖਸ ਨੇ ਦੱਸਿਆ ਕਿ ਤਕਰੀਬਨ 11.30 ਵਜੇ ਗੋਲੀਆਂ ਚੱਲਣ ਲੱਗੀਆਂ, ਜਦੋਂ ਉਹ ਮੌਕਾ ਏ ਵਾਰਦਾਤ ਵੱਲ ਗਿਆ ਤਾਂ ਇੱਕ ਹੂਡੀ ਵਾਲੇ ਸ਼ਖਸ ਨੂੰ ਉਨ੍ਹਾਂ ਬਾਹਰ ਵੱਲ ਦੌੜਦਿਆਂ ਦੇਖਿਆ। ਸਨੀ ਸਭ ਤੋਂ ਪਹਿਲਾਂ ਜਗਤਾਰ ਸਿੰਘ ਕੋਲ ਪੁੱਜਾ ਜੋ ਫਰਸ਼ 'ਤੇ ਡਿੱਗੇ ਹੋਏ ਸਨ। ਇਸੇ ਦੌਰਾਨ ਨਾਲ ਵਾਲੇ ਕਮਰੇ ਵਿੱਚੋਂ ਹਰਭਜਨ ਕੌਰ ਦੇ ਕੁਰਲਾਉਣ ਦੀ ਆਵਾਜ਼ ਆਈ। ਸਨੀ, ਹਰਭਜਨ ਕੌਰ ਕੋਲ ਗਿਆ ਤਾਂ ਉਨ੍ਹਾਂ ਦੱਸਿਆ ਕਿ ਕੋਈ ਘਰ ਦੇ ਅੰਦਰ ਆਇਆ ਤੇ ਗੋਲੀਆਂ ਚਲਾਉਣ ਲੱਗਾ। ਐਨਾ ਕਹਿੰਦਿਆਂ ਹੀ ਹਰਭਜਨ ਕੌਰ ਬੇਹੋਸ਼ ਹੋ ਗਏ। ਹਰਭਜਨ ਕੌਰ ਦੀ ਬੇਟੀ ਹੋਸ਼ ਵਿੱਚ ਸੀ। ਉਸ ਨੇ 911 'ਤੇ ਕਾਲ ਕੀਤੀ। ਸਨੀ ਮੁਤਾਬਕ ਪੁਲਸ ਨੂੰ ਪਹੁੰਚਣ ਵਿੱਚ 12 ਤੋਂ 15 ਮਿੰਟ ਲੱਗ ਗਏ, ਜਦਕਿ ਸ਼ੱਕੀ ਇੱਕ ਕਾਲੇ ਰੰਗ ਦੇ ਪਿੱਕਅਪ ਟਰੱਕ ਵਿੱਚ ਬੈਠ ਕੇ ਫਰਾਰ ਹੋ ਗਏ ਸਨ। ਗੋਲੀਬਾਰੀ ਤੋਂ ਅੱਧੇ ਘੰਟੇ ਬਾਅਦ ਉਹੀ ਪਿੱਕਅਪ ਟਰੱਕ ਕ੍ਰੈਡਿਟਵਿਊ ਰੋਡ 'ਤੇ ਸੜਦਾ ਹੋਇਆ ਮਿਲਿਆ। ਉਨ੍ਹਾ ਕਿਹਾ ਕਿ ਉਨ੍ਹਾਂ ਦੀ ਕੈਨੇਡਾ ਤੇ ਭਾਰਤ ਸਰਕਾਰ ਤੋਂ ਮੰਗ ਹੈ ਕਿ ਉਕਤ ਘਟਨਾਕ੍ਰਮ ਦੀ ਉੱਚ ਪੱਧਰੀ ਪੜਤਾਲ ਕਰਕੇ ਉਨ੍ਹਾਂ ਦੇ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇ।

## ਪੱਤਰਕਾਰ ਦਾ ਲੱਭਿਆ ਮੋਬਾਇਲ ਫੋਨ ਮੋੜਿਆ



**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਸ਼ਹਿਰ ਦੇ ਸੀਨੀਅਰ ਪੱਤਰਕਾਰ ਦਾ ਬਜ਼ਾਰ ਵਿੱਚ ਕਵਰੇਜ ਉਤੇ ਜਾਂਦੇ ਹੋਏ ਰਸਤੇ ਵਿੱਚ ਮੋਬਾਈਲ ਫੋਨ ਡਿੱਗ ਗਿਆ। ਮੋਬਾਈਲ ਫੋਨ ਇੱਕ ਮਜ਼ਦੂਰ, ਜੋ ਗਲੀ ਦਾ ਕੰਮ ਕਰ ਰਹੇ ਪਿੰਡ ਗੁਲਾਹੜ ਦੇ ਨਰੇਸ਼ ਕੁਮਾਰ ਨੂੰ ਮਿਲ ਗਿਆ, ਜਿਸ ਨੇ ਫੋਨ ਚੁੱਕਣ ਤੋਂ ਬਾਅਦ ਫੋਨ ਨੂੰ ਬੰਦ ਨਾ ਕਰਕੇ ਫੋਨ 'ਤੇ ਘੰਟੀ ਆਉਣ ਦਾ ਇੰਤਜ਼ਾਰ ਕਰਨ ਲੱਗ ਪਿਆ ਤਾਂ ਕੁਝ ਸਮੇਂ ਬਾਅਦ ਫੋਨ 'ਤੇ ਘੰਟੀ ਵੱਜਣ ਤੋਂ ਬਾਅਦ ਉਸ ਨੇ ਫੋਨ 'ਤੇ ਦੱਸਿਆ ਕਿ ਉਸ ਨੂੰ ਫੋਨ ਸੜਕ 'ਤੇ ਪਿਆ ਮਿਲਿਆ ਹੈ ਜੋ ਕਿ ਉਸ ਦੇ ਕੋਲ ਹੈ ਤਾਂ ਉਸ ਨੇ ਘਰ ਦਾ ਪਤਾ ਕਰਕੇ ਫੋਨ ਵਾਪਸ ਕਰ ਦਿੱਤਾ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਰਨਵੀਰ ਸਿੰਘ ਨੇ ਮਜ਼ਦੂਰ ਵੱਲੋਂ ਇੱਕ ਇਮਾਨਦਾਰੀ ਦੀ ਪੇਸ਼ ਕੀਤੀ ਮਿਸਾਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਨੌਜਵਾਨ ਨੇ ਮੋਬਾਈਲ ਵਾਪਸ ਕਰਕੇ ਇੱਕ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਹੈ। ਇਸ ਦੌਰਾਨ ਪੱਤਰਕਾਰ ਸਤਪਾਲ ਗਰਗ ਨੇ ਨੌਜਵਾਨ ਦਾ ਧੰਨਵਾਦ ਕੀਤਾ।

# ਇਨਕਲਾਬੀ ਪਾਰਟੀਆਂ ਵੱਲੋਂ ਫਲਸਤੀਨੀ ਲੋਕਾਂ ਦੇ ਹੱਕ 'ਚ ਰੈਲੀ

■ ਸੰਘਰਸ਼ਾਂ ਨਾਲ ਸ਼ੁਰੂ ਕੀਤੀ ਜਾਵੇਗੀ ਨਵੇਂ ਸਾਲ ਦੀ ਸ਼ੁਰੂਆਤ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਪੰਜਾਬ ਦੀਆਂ 7 ਖੱਬੇ ਪੱਖੀ ਤੇ ਇਨਕਲਾਬੀ ਪਾਰਟੀਆਂ ਵੱਲੋਂ ਨਵੇਂ ਸਾਲ ਦੀ ਸ਼ੁਰੂਆਤ ਇਜ਼ਰਾਈਲੀ ਫੌਜ ਦੇ ਬੰਬਾਂ ਦੀ ਮਾਰ ਹੇਠ ਆਏ ਫਲਸਤੀਨੀ ਲੋਕਾਂ ਦੇ ਹੱਕ ਵਿੱਚ ਰੈਲੀ ਤੇ ਮੁਜ਼ਾਹਰਾ ਕਰਕੇ ਕੀਤੀ ਜਾਵੇਗੀ। ਇਹ ਬਿਆਨ ਜ਼ਿਲ੍ਹੇ ਵਿਚਲੀਆਂ ਪਾਰਟੀਆਂ ਸੀ ਪੀ ਆਈ, ਆਰ ਐੱਮ ਪੀ ਆਈ, ਨਿਊ ਡੈਮੋਕ੍ਰੇਸੀ ਤੇ ਲਿਬਰੇਸ਼ਨ ਵੱਲੋਂ ਜਾਰੀ ਕਰਦੇ ਹੋਏ ਆਗੂਆਂ ਕ੍ਰਮਵਾਰ ਅਸ਼ੋਕ ਕੌਸ਼ਲ, ਗੁਰਤੇਜ ਸਿੰਘ ਹਰੀ ਨੌ, ਗੁਰਦਿਆਲ ਸਿੰਘ ਭੱਟੀ ਤੇ ਸਤਨਾਮ ਸਿੰਘ ਪੱਖੀ ਖੁਰਦ ਨੇ ਦੱਸਿਆ ਕਿ ਸਾਂਝੀ ਮੀਟਿੰਗ ਵਿੱਚ ਕੀਤੇ ਗਏ ਫੈਸਲੇ ਅਨੁਸਾਰ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਜਾਵੇਗਾ ਅਤੇ ਜੰਗੀ ਅਪਰਾਧਾਂ ਲਈ ਜ਼ਿੰਮੇਵਾਰ ਇਜ਼ਰਾਈਲੀ ਸਰਕਾਰ ਤੇ ਉਸ ਨੂੰ ਹਥਿਆਰਾਂ ਦੇ ਨਾਲ ਨਾਲ ਸ਼ਹਿ ਦੇਣ ਵਾਲੇ ਅਮਰੀਕਨ ਸਾਮਰਾਜ ਦਾ ਪੁਤਲਾ ਵੀ ਫੂਕਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਫਲਸਤੀਨੀ ਲੋਕਾਂ 'ਤੇ ਠੋਸੀ ਗਈ ਇਸ ਜੰਗ ਵਿੱਚ ਹੁਣ ਤੱਕ ਵੀਹ ਹਜ਼ਾਰ ਫਲਸਤੀਨੀ ਬੇਗੁਨਾਹ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਅੱਧ ਤੋਂ ਵੱਧ ਔਰਤਾਂ ਤੇ ਬੱਚੇ ਹਨ। ਗਾਜਾ ਪੱਟੀ ਵਿੱਚ ਵਸਦੇ 25 ਲੱਖ ਲੋਕਾਂ ਵਿੱਚੋਂ 85 ਫੀਸਦੀ ਵਸੋਂ ਨੂੰ ਉਜਾੜ ਤੇ ਖਦੇੜ ਦਿੱਤਾ ਗਿਆ ਹੈ। ਲੋਕਾਂ ਨੂੰ ਭੋਜਨ, ਪੀਣ ਵਾਲੇ ਸਾਫ਼ ਪਾਣੀ, ਤੇਲ, ਬਿਜਲੀ ਤੇ ਦਵਾਈਆਂ ਦੀ ਸਪਲਾਈ ਰੋਕ ਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਦੇ ਸਮਾਨ ਬਣਾ ਦਿੱਤਾ ਗਿਆ ਹੈ। ਸੋ ਪੰਜਾਬ ਦੀਆਂ ਜਥੇਬੰਦੀਆਂ ਦਾ ਇਹ ਐਕਸ਼ਨ ਇਨ੍ਹਾਂ ਪੀੜਤ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਣ ਦੇ ਸਮਾਨ ਹੋਵੇਗਾ। ਪਹਿਲੀ ਜਨਵਰੀ ਨੂੰ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਘੰਟਾ ਘਰ ਵਿੱਚ 11:00 ਵਜੇ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮੁਜ਼ਾਹਰਾ ਵੀ ਕੀਤਾ ਜਾਵੇਗਾ।

## ਕਾਤਰਾਂ

### ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਨਾਟਕ ਅੱਜ

**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਉੱਪ ਮੰਡਲ ਪ੍ਰਸ਼ਾਸਨ, ਨਾਭਾ ਵੱਲੋਂ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਭਾਸ਼ਾ ਵਿਭਾਗ ਪੰਜਾਬ ਤੇ ਰੋਟਰੀ ਕਲੱਬ ਨਾਭਾ ਦੇ ਸਹਿਯੋਗ ਨਾਲ ਵਿਸ਼ੇਸ਼ ਨਾਟਕ ਕਰਵਾਇਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਐੱਸ ਡੀ ਐੱਮ ਨਾਭਾ ਤਰਸੇਮ ਚੰਦ ਨੇ ਦੱਸਿਆ ਕਿ ਇਹ ਨਾਟਕ 'ਅਵੇਸਲੇ ਯੁੱਧਾਂ ਦੀ ਨਾਇਕਾ' ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਅਲਮਸਤ ਗਰੁੱਪ ਪਟਿਆਲਾ ਵੱਲੋਂ ਪੇਸ਼ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ 01 ਜਨਵਰੀ ਸੋਮਵਾਰ ਨੂੰ ਸ਼ਾਮ 4:30 ਵਜੇ ਸਥਾਨ ਰੋਟਰੀ ਕਲੱਬ ਨਾਭਾ ਵਿਖੇ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍ਰ. ਗੁਰਦੇਵ ਸਿੰਘ ਦੇਵ ਮਾਨ, ਵਿਸ਼ੇਸ਼ ਮਹਿਮਾਨ ਸ੍ਰ. ਜਸਵੀਰ ਸਿੰਘ (ਜੱਸੀ ਸੋਹੀਆਂ) ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਤੇ ਸ੍ਰੀ ਸੁਰਿੰਦਰ ਪਾਲ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸ੍ਰ. ਦਰਸ਼ਨ ਬੁੱਟਰ ਸ਼੍ਰੋਮਣੀ ਕਵੀ ਤੇ ਰੋਟਰੀ ਕਲੱਬ ਪ੍ਰਧਾਨ ਕਰਨਗੇ। ਉਨ੍ਹਾ ਹਲਕਾ ਵਾਸੀਆਂ ਨੂੰ ਸਮਾਗਮ 'ਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ।

### ਡਾ. ਸੀਮਾਂਤ ਗਰਗ ਮੁੜ ਬਣੇ ਜ਼ਿਲ੍ਹਾ ਪ੍ਰਧਾਨ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨਾਂ ਦਾ ਐਲਾਨ ਕੀਤਾ ਗਿਆ।ਇਸ ਮੌਕੇ ਕਰੀਬ 10 ਜ਼ਿਲ੍ਹਿਆਂ ਦੇ ਪ੍ਰਧਾਨ ਵੀ ਬਦਲੇ ਗਏ।ਪੰਜਾਬ ਵਿੱਚ ਪ੍ਰਧਾਨਾਂ ਦੇ ਐਲਾਨ ਦੌਰਾਨ ਡਾ. ਸੀਮਾਂਤ ਗਰਗ ਵੱਲੋਂ ਪਿਛਲੇ ਸਾਲ ਭਾਜਪਾ ਨੂੰ ਮਜ਼ਬੂਤ ਕਰਨ ਲਈ ਕੀਤੇ ਗਏ ਕੰਮਾਂ ਦੇ ਮੱਦੇਨਜ਼ਰ ਉਨ੍ਹਾ ਨੂੰ ਮੁੜ ਮੋਗਾ ਜ਼ਿਲ੍ਹੇ ਦਾ ਪ੍ਰਧਾਨ ਬਣਾਇਆ ਗਿਆ ਹੈ।ਇਸ ਮੌਕੇ ਡਾ. ਸੀਮਾਂਤ ਗਰਗ ਦੇ ਮੋਗਾ ਜ਼ਿਲ੍ਹੇ ਦੇ ਪ੍ਰਧਾਨ ਬਣਨ ਤੋਂ ਬਾਅਦ ਜ਼ਿਲ੍ਹਾ ਕਾਰਜਕਾਰਨੀ, ਮੰਡਲ ਤੇ ਮੋਰਚੇ ਦੇ ਅਧਿਕਾਰੀਆਂ ਦੇ ਕੰਮਕਾਜ ਨੂੰ ਦੇਖਦੇ ਹੋਏ ਉਨ੍ਹਾਂ ਦੀ ਬਦਲੀ ਕੀਤੇ ਜਾਣ ਦੀ ਸੰਭਾਵਨਾ ਹੈ।ਡਾ. ਸੀਮਾਂਤ ਗਰਗ ਨੇ ਹਾਈ ਕਮਾਂਡ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਦੇ ਹੋਏ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਮਿਹਨਤ ਨਾਲ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਦੇ ਘਰ-ਘਰ ਤੱਕ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

### ਪੈਸੇ ਖੁਰਦ-ਬੁਰਦ ਕਰਨ ਦੇ ਮਾਮਲੇ 'ਚ ਸਰਪੰਚ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਚਾਇਤੀ ਜ਼ਮੀਨ ਦੀ ਨਿਲਾਮੀ ਦੀ ਰਕਮ ਖੁਰਦ-ਬੁਰਨ ਕਰਨ ਦੇ ਇੱਕ ਮਾਮਲੇ 'ਚ ਨਾਮਜ਼ਦ ਪਿੰਡ ਕੋਟਲਾ ਜੱਟਾਂ ਦੇ ਸਰਪੰਚ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੂਲੇਪੁਰ ਵਿਖੇ ਮਿਤੀ 10/6/17 ਨੂੰ ਅ/ਧ 409 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਇੱਕ ਮੁਕੱਦਮੇ 'ਚ ਮੂਲੇਪੁਰ ਪੁਲਸ ਵੱਲੋਂ ਪਿੰਡ ਕੋਟਲਾ ਜੱਟਾਂ ਦੇ ਸਰਪੰਚ ਮਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮਾਮਲੇ 'ਚ ਸ਼ਿਕਾਇਤਕਰਤਾ ਪੰਚਾਇਤ ਸੈਕਟਰੀ ਰਜਿੰਦਰ ਸਿੰਘ ਨੇ ਦੋਸ਼ ਲਗਾਏ ਸਨ ਕਿ ਮਿਤੀ 6/6/17 ਪਿੰਡ ਕੋਟਲਾ ਜੱਟਾਂ ਦੀ ਪੰਚਾਇਤੀ ਜ਼ਮੀਨ 'ਚੋਂ ਕੱਟੇ ਗਏ ਪਲਾਟਾਂ ਦੀ ਬੋਲੀ ਕਰਵਾਈ ਗਈ ਸੀ, ਜਿਸ ਬਦਲੇ ਪ੍ਰਾਪਤ ਹੋਈ 381050/- ਰੁਪਏ ਦੀ ਰਕਮ ਜੋ ਕਿ ਪੰਚਾਇਤ ਦੇ ਬੈਂਕ ਖਾਤੇ 'ਚ ਕਰਵਾਈ ਜਾਣੀ ਸੀ ਪਿੰਡ ਕੋਟਲਾ ਜੱਟਾਂ ਦਾ ਸਰਪੰਚ ਮਨਪ੍ਰੀਤ ਸਿੰਘ ਇਹ ਕਹਿ ਕੇ ਆਪਣੇ ਘਰ ਨੂੰ ਲੈ ਗਿਆ ਕਿ ਮੈਂ ਰੋਟੀ ਖਾ ਕੇ ਬੈਂਕ ਪਹੁੰਚਦਾ ਹਾਂ ਤੁਸੀਂ ਬੈਂਕ ਚੱਲੋ, ਜਿਸ 'ਤੇ ਉਹ ਬੈਂਕ ਪਹੁੰਚ ਕੇ ਸਰਪੰਚ ਦੀ ਉਡੀਕ ਕਰਨ ਲੱਗੇ, ਪਰ ਸਰਪੰਚ ਮਨਪ੍ਰੀਤ ਸਿੰਘ ਰਕਮ ਲੈ ਕੇ ਬੈਂਕ ਪਹੁੰਚਣ ਦੀ ਬਜਾਏ ਆਪਣਾ ਫੋਨ ਬੰਦ ਕਰਕੇ ਲਾਪਤਾ ਹੋ ਗਿਆ। ਮਾਮਲੇ ਦੀ ਸੁਣਵਾਈ ਪੂਰੀ ਹੋਣ 'ਤੇ ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ ਦੀ ਅਦਾਲਤ ਨੇ ਮਨਪ੍ਰੀਤ ਸਿੰਘ ਵਾਸੀ ਪਿੰਡ ਕੋਟਲਾ ਜੱਟਾਂ ਨੂੰ ਮਾਮਲੇ 'ਚ ਦੋਸ਼ੀ ਮੰਨਦੇ ਹੋਏ ਇੱਕ ਸਾਲ ਕੈਦ ਬਾਮੁਸ਼ੱਕਤ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਪਿੰਡਾਂ 'ਚ ਵਾਰਡਬੰਦੀ ਦੌਰਾਨ ਵੋਟਾਂ ਨਾਲ ਛੇੜਛਾੜ ਦੇ ਦੋਸ਼

■ ਬਖੂਸ਼ਾਹ ਤੇ ਨਵਾਂ ਓਝਾਂ ਵਾਲਾ ਦੇ ਪਿੰਡ ਵਾਸੀਆਂ ਨੇ ਪ੍ਰਗਟਾਇਆ ਰੋਹ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਗ੍ਰਾਮ ਪੰਚਾਇਤ ਚੋਣਾਂ ਦੇ ਮੱਦੇਨਜ਼ਰ ਪਿੰਡਾਂ ਦੀ ਵਾਰਡਬੰਦੀ ਸਬੰਧੀ ਬੀਡੀਪੀਓ ਦਫਤਰ ਫਾਜ਼ਿਲਕਾ ਵਿੱਚ ਕੰਮ ਚੱਲ ਰਿਹਾ ਹੈ, ਜਿਸ ਕਾਰਨ ਵੱਖ-ਵੱਖ ਪਿੰਡਾਂ ਦੇ ਲੋਕ ਵਾਰਡਬੰਦੀ ਅਨੁਸਾਰ ਆਪਣੇ ਪਿੰਡਾਂ ਦੀਆਂ ਵੋਟਾਂ ਨੂੰ ਠੀਕ ਕਰਵਾ ਰਹੇ ਹਨ। ਇਸ ਦੌਰਾਨ ਕੁਝ ਪਿੰਡਾਂ ਦੇ ਪਿੰਡ ਵਾਸੀ ਬਿਨਾਂ ਕਿਸੇ ਕਾਰਨ ਆਪਣੇ ਪਿੰਡਾਂ ਦੀਆਂ ਵੋਟਾਂ ਨਾਲ ਛੇੜਛਾੜ ਦੇ ਦੋਸ਼ ਲਗਾ ਰਹੇ ਹਨ। ਇਸੇ ਤਰ੍ਹਾਂ ਫਾਜ਼ਿਲਕਾ ਦੇ ਪਿੰਡ ਬਖੂਸ਼ਾਹ ਤੇ ਨਵਾਂ ਓਝਾ ਵਾਲੀ ਦੇ ਪਿੰਡ ਵਾਸੀਆਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਪਿੰਡਾਂ ਦੀਆਂ ਵੋਟਾਂ ਨਾਲ ਬਿਨਾਂ ਵਜ੍ਹਾ ਛੇੜਛਾੜ ਕੀਤੀ ਜਾ ਰਹੀ ਹੈ। ਇਸ ਬਾਰੇ ਪਿੰਡ ਬਖੂਸ਼ਾਹ ਦੇ ਬਲਜਿੰਦਰ ਸਿੰਘ, ਕੁਲਵੰਤ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦੇ ਕੁਝ ਮੈਂਬਰਾਂ ਦੀਆਂ ਵੋਟਾਂ ਨਾਲ ਛੇੜਛਾੜ ਕਰਕੇ ਵੱਖ-ਵੱਖ ਵਾਰਡਾਂ ਵਿੱਚ ਵੰਡ ਦਿੱਤੀਆਂ ਗਈਆਂ ਹਨ, ਜਿਸ ਕਾਰਨ ਉਨ੍ਹਾਂ ਵੋਟਾਂ ਨੂੰ ਸਹੀ ਵਾਰਡ ਵਿੱਚ ਤਬਦੀਲ ਕਰਨ ਲਈ ਸਰਕਾਰੀ ਦਫਤਰਾਂ ਦੇ ਚੱਕਰ ਕੱਟ ਰਹੇ ਹਨ।

ਉਨ੍ਹਾਂ ਸਬੰਧਤ ਅਧਿਕਾਰੀਆਂ ਖਿਲਾਫ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਉਹ ਇਸ ਸਬੰਧੀ ਬੀਡੀਪੀਓ ਦਫਤਰ ਦੇ ਸਬੰਧਤ ਅਧਿਕਾਰੀਆਂ ਨੂੰ ਮਿਲ ਕੇ ਜਾਣੂ ਕਰਵਾ ਚੁੱਕੇ ਹਨ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਇਸ ਤੋਂ ਬਾਅਦ ਜਦੋਂ ਉਹ ਆਪਣੀ ਲਿਖਤੀ ਦਰਖਾਸਤ ਦੇਣ ਲਈ ਐੱਸ ਡੀ ਐੱਮ ਦਫਤਰ ਫਾਜ਼ਿਲਕਾ ਗਏ ਤਾਂ ਉਥੇ ਨਾ ਤਾਂ ਐੱਸ ਡੀ ਐੱਮ ਅਤੇ ਨਾ ਹੀ ਕੋਈ ਹੋਰ ਅਧਿਕਾਰੀ ਮੌਜੂਦ ਸੀ। ਕਾਫੀ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਦਫਤਰ ਦਾ ਸੁਪਰਡੈਂਟ ਉਥੇ ਆਇਆ ਤੇ ਜਦੋਂ ਉਨ੍ਹਾਂ ਨੇ ਉਨ੍ਹਾਂ ਨੂੰ ਸ਼ਿਕਾਇਤ ਦੇਣ ਦੀ ਕੋਸ਼ਿਸ਼ ਕੀਤੀ ਤਾਂ ਸੁਪਰਡੈਂਟ ਨੇ ਉਨ੍ਹਾਂ ਦੀ ਅਰਜ਼ੀ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਵਾਰ-ਵਾਰ ਸਰਕਾਰੀ ਦਫਤਰਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ। ਇਸੇ ਤਰ੍ਹਾਂ ਪਿੰਡ ਨਵਾਂ ਓਝਾ ਵਾਲਾ ਦੇ ਪਿੰਡ ਵਾਸੀਆਂ ਅਮਰ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਨਵਾਂ ਓਝਾ ਵਾਲਾ ਦੀਆਂ ਵੋਟਾਂ ਨੂੰ ਗਲਤ ਤਰੀਕੇ ਨਾਲ ਪਿੰਡ ਓਝਾ ਵਾਲਾ ਵਿੱਚ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਸਾਰਾ ਕੁਝ ਸਰਪੰਚ ਵੱਲੋਂ ਹਾਕਮ ਧਿਰ ਦੀ ਕਥਿਤ ਸ਼ਹਿ 'ਤੇ ਪ੍ਰਸ਼ਾਸਨਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਉੱਚ ਅਧਿਕਾਰੀਆਂ ਦੇ ਦਫਤਰਾਂ ਦੇ ਗੇੜੇ ਮਾਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਉਨ੍ਹਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋ ਰਹੀ।

ਓਧਰ ਸਬੰਧਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਨਿਗਰਾਨੀ ਹੇਠ ਵਾਰਡਬੰਦੀ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ।

ਇਸ ਸਬੰਧੀ ਜਦੋਂ ਬੀ.ਡੀ.ਪੀ.ਓ. ਫਾਜ਼ਿਲਕਾ ਪਿਆਰਾ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਕਿਹਾ ਕਿ ਵਾਰਡਬੰਦੀ ਦਾ ਕੰਮ ਉਨ੍ਹਾਂ ਦੀ ਦੇਖ-ਰੇਖ ਹੇਠ ਸਹੀ ਢੰਗ ਨਾਲ ਚੱਲ ਰਿਹਾ ਹੈ। ਇਸ ਸਬੰਧੀ ਜਦੋਂ ਐੱਸ.ਡੀ.ਐੱਮ. ਫਾਜ਼ਿਲਕਾ ਵਿਪਨ ਭੰਡਾਰੀ ਆਪਣੇ ਦਫਤਰ ਵਿੱਚ ਨਹੀਂ ਮਿਲੇ ਤਾਂ ਉਨ੍ਹਾਂ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ, ਪਰ ਉਨ੍ਹਾਂ ਨੇ ਆਪਣਾ ਫੋਨ ਬਿਜ਼ੀ ਕਰ ਲਿਆ।

## ਮਾਂ ਕਾਲੀ ਸੇਵਾ ਦਲ ਦਾ ਸਨਮਾਨ



**ਬਰੇਟਾ (ਰੀਤਵਾਲ)**-ਹਰ ਮਹੀਨੇ ਦੇ ਆਖਰੀ ਸ਼ਨੀਵਾਰ ਨੂੰ ਮਾਂ ਕਾਲੀ ਸੇਵਾ ਦਲ ਵੱਲੋਂ ਕਾਲੀ ਮਾਤਾ ਮੰਦਰ ਪਟਿਆਲਾ ਵਿੱਚ ਛੋਲੇ ਪੂਰੀਆਂ ਅਤੇ ਚਾਹ ਦਾ ਲੰਗਰ ਲਗਾਇਆ ਜਾਂਦਾ ਹੈ, ਜਿਨ੍ਹਾਂ ਨੂੰ ਅੱਜ ਹਰਬੰਸ ਲਾਲ ਬਾਂਸਲ, ਸਾਬਕਾ ਮੈਨੇਜਰ, ਪੰਜਾਬ ਨੈਸ਼ਨਲ ਬੈਂਕ, ਪਟਿਆਲਾ ਵੱਲੋਂ ਪਟਿਆਲਾ ਵਿਖੇ ਆਪਣੇ ਘਰ ਬੁਲਾ ਕੇ ਸੰਸਥਾ ਦੇ ਮੈਂਬਰਾਂ ਦੀ ਸੇਵਾ ਦੀ ਸ਼ਲਾਘਾ ਕਰਦਿਆਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੇਵਾ ਦਲ ਦੇ ਸਕੱਤਰ ਰਾਜ ਮਿੱਤਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਮਾਤਾ ਰਾਣੀ ਦੀ ਕ੍ਰਿਪਾ ਤੇ ਲੋਕਾਂ ਦੇ ਸਹਿਯੋਗ ਨਾਲ ਲੰਗਰ ਲਗਾਇਆ ਰਿਹਾ ਹੈ।

## ਐੱਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ ਚਾਹ ਤੇ ਬ੍ਰੈੱਡ ਪਕੌੜਿਆਂ ਦੇ ਲਗਾਏ ਲੰਗਰ



**ਸਮਾਣਾ (ਇਕਬਾਲ ਸਿੰਘ ਬੱਲ)**-ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਅਤੇ ਅਦੁੱਤੀ ਸ਼ਹਾਦਤ ਨੂੰ ਸਮਰਪਤ ਅਪਨਾ ਚੁੱਲ੍ਹਾ/ਪੰਜਾਬੀ ਢਾਬਾ ਵਾਲਿਆਂ ਵੱਲੋਂ ਪਾਤੜਾਂ ਰੋਡ 'ਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਚਾਹ ਤੇ ਬਰੈੱਡ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪੰਜਾਬ ਸਿੰਘ ਵੜੈਚ, ਗੁਰਪਿਆਰ ਸਿੰਘ ਬੱਲ ਤੇ ਗਗਨਦੀਪ ਸਿੰਘ ਭਿੰਡਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 26, 27, 28 ਨੂੰ ਸ਼ਹੀਦੀ ਜੋੜ ਮੇਲਾ ਲੱਗਦਾ ਹੈ ਅਤੇ ਸੜਕਾਂ 'ਤੇ 29 ਤਰੀਕ ਤੱਕ ਬਹੁਤ ਥਾਵਾਂ 'ਤੇ ਲੰਗਰ ਚਾਲੂ ਰਹਿੰਦੇ ਹਨ। ਅਸੀਂ ਇਸ ਭਾਵਨਾ ਨਾਲ ਅੱਜ ਚਾਰੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੀ ਯਾਦ ਨੂੰ ਸਮਰਪਤ ਐੱਨ ਆਰ ਆਈ ਭਰਾਵਾਂ ਸਰਵਣ ਸਿੰਘ ਯੂ ਐੱਸ ਏ, ਆਗਿਆਪਾਲ ਸਿੰਘ ਯੂ ਐੱਸ ਏ, ਮੁਖਤਿਆਰ ਸਿੰਘ ਬੱਬੂ ਯੂ ਐੱਸ ਏ, ਨਵਪ੍ਰੀਤ ਸਿੰਘ ਯੂ ਐੱਸ ਏ ਪ੍ਰਵੀਨ ਸਿੰਘ ਤੇ ਮਲਕੀਤ ਸਿੰਘ ਦੇ ਸਹਿਯੋਗ ਨਾਲ ਜੋ ਲੰਗਰ ਲਗਾਇਆ ਹੈ, ਇਸ ਵਿੱਚ ਵੱਧ ਤੋਂ ਵੱਧ ਸੰਗਤਾਂ ਲੰਗਰ ਛਕਣ ਤੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਨਤਮਸਤਕ ਹੋਵਣ।

# ਲੇਖਾ-ਜੋਖਾ 2023 : ਟ੍ਰੈਫਿਕ ਪੁਲਸ ਨੇ 11402 ਚਲਾਨ ਕੱਟ ਕੇ 50 ਲੱਖ ਤੋਂ ਵੱਧ ਦੇ ਜੁਰਮਾਨੇ ਠੋਕੇ



**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਹਿਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪੁਲਸ ਦੇ ਟ੍ਰੈਫਿਕ ਯੂਨਿਟ ਨੇ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ। ਐੱਸ. ਐੱਸ. ਪੀ. ਸਰਤਾਜ ਸਿੰਘ ਚਹਿਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਸਬ ਇੰਸਪੈਕਟਰ ਪਵਨ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਸਾਲ 2022 ਨਾਲੋਂ ਸਾਲ 2023 ਵਿੱਚ ਤਿੰਨ ਗੁਣਾਂ ਤੋਂ ਵੀ ਵੱਧ ਗਿਣਤੀ ਵਿੱਚ ਚਲਾਨ ਕੱਟੇ ਗਏ ਅਤੇ ਆਵਾਜਾਈ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਖਿਲਾਫ ਸ਼ਿਕੰਜਾ ਕੱਸਿਆ ਗਿਆ। ਉਨ੍ਹਾ ਕਿਹਾ ਕਿ ਸਾਲ 2023 ਵਿੱਚ ਸਭ ਤੋਂ ਵੱਧ ਓਵਰ ਸਪੀਡ ਦੇ 1502 ਚਲਾਨ ਕੱਟੇ ਗਏ, ਜਦਕਿ ਨੰਬਰ ਪਲੇਟਾਂ ਦੀਆਂ ਕਮੀਆਂ ਦੇ 360, ਸੀਟ ਬੈਲਟ ਨਾ ਲਾਉਣ ਵਾਲਿਆਂ ਦੇ 287, ਬੁਲਟ ਦੇ ਪਟਾਕੇ ਮਾਰਨ ਵਾਲਿਆਂ ਦੇ 228, ਕਾਲੀ ਫਿਲਮ ਦੇ 118 ਚਲਾਨ ਕੱਟੇ ਗਏ। ਉਨ੍ਹਾਂ ਦੱਸਿਆ ਕਿ ਇਸ ਸਾਲ 28 ਦਸੰਬਰ ਤੱਕ 50 ਲੱਖ 73 ਹਜ਼ਾਰ 500 ਰੁਪਏ ਦੇ ਜੁਰਮਾਨੇ ਲਗਾਏ ਗਏ, ਜੋ ਕਿ ਪਿਛਲੇ ਸਾਲ ਦੇ ਜੁਰਮਾਨਿਆਂ ਨਾਲੋਂ ਕਈ ਗੁਣਾਂ ਵੱਧ ਹੈ। ਜ਼ਿਲ੍ਹਾ ਟ੍ਰੈਫਿਕ ਇੰਚਾਰਜ ਨੇ ਕਿਹਾ ਕਿ ਆਵਾਜਾਈ ਨਿਯਮ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਬਣਾਏ ਗਏ ਹਨ, ਪਰ ਇਹ ਦੁੱਖ ਦੀ ਗੱਲ ਹੈ ਕਿ ਬਹੁਤੇ ਵਾਹਨ ਚਾਲਕਾਂ ਵੱਲੋਂ ਵਾਹਨ ਚਲਾਉਣ ਸਮੇਂ ਨਿਯਮਾਂ ਤੇ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ, ਜਿਸ ਕਾਰਨ ਸੜਕ ਦੁਰਘਟਨਾਵਾਂ ਵਾਪਰਦੀਆਂ ਹਨ ਤੇ ਇਸ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ। ਸਬ ਇੰਸਪੈਕਟਰ ਪਵਨ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਟ੍ਰੈਫਿਕ ਪੁਲਸ ਵੱਲੋਂ ਬੱਸ ਡਰਾਈਵਰਾਂ, ਟਰੱਕ ਡਰਾਈਵਰਾਂ, ਟੈਂਪੂ ਯੂਨੀਅਨਾਂ, ਸਕੂਲੀ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਹਰ ਮਹੀਨੇ ਵੱਖ ਵੱਖ ਥਾਈਂ ਸੈਮੀਨਾਰ ਕਰਵਾਏ ਜਾਂਦੇ ਹਨ ਅਤੇ ਟ੍ਰੈਫਿਕ ਨਿਯਮਾਂ ਤੇ ਸੰਕੇਤਾਂ, ਚਿੰਨ੍ਹਾਂ ਬਾਰੇ ਵਿਸਥਾਰ ਵਿੱਚ ਦੱਸਿਆ ਜਾਂਦਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਵੇਂ ਸਾਲ ਦੇ ਮੌਕੇ 'ਤੇ ਖੁਦ ਨਾਲ ਇਹ ਪ੍ਰਣ ਕਰਨ ਦੀ ਲੋੜ ਹੈ ਕਿ ਆਵਾਜਾਈ ਨਿਯਮਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕਰਦਿਆਂ ਸੁੱਰਖਿਅਤ ਯਾਤਰਾ ਨੂੰ ਯਕੀਨੀ ਬਣਾਉਣ ਲਈ ਯੋਗਦਾਨ ਪਾਇਆ ਜਾਵੇਗਾ।

## ਸ਼ਹੀਦ ਊਧਮ ਸਿੰਘ ਦੇ ਬੁੱਤ ਦੀ ਭੰਨ-ਤੋੜ ਕਰਨ ਦੀ ਨਿੰਦਾ

**ਸੰਗਰੂਰ (ਪ੍ਰਵੀਨ ਸਿੰਘ)**-ਸੀਟੂ ਦੀ ਆਲ ਇੰਡੀਆ ਸਕੱਤਰ ਭੈਣ ਊਸ਼ਾ ਰਾਣੀ, ਸੂਬਾਈ ਜਨਰਲ ਸਕੱਤਰ ਸਾਥੀ ਚੰਦਰਸ਼ੇਖਰ ਨੇ ਇੱਕ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਅਬੋਹਰ ਵਿਖੇ ਸਥਾਪਤ ਕੀਤੇ ਮਹਾਨ ਸ਼ਹੀਦ ਊਧਮ ਸਿੰਘ ਦੀ ਬੁੱਤ ਦੀ ਕੀਤੀ ਗਈ ਭੰਨ-ਤੋੜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਫੌਰੀ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਬੋਹਰ ਵਿਖੇ ਸ਼ਹੀਦ ਊਧਮ ਸਿੰਘ ਦੇ ਬੁੱਤ ਦਾ ਉਦਘਾਟਨ ਪੰਜਾਬ ਦੀ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਕੀਤਾ ਗਿਆ ਸੀ।

## ਸੇਵਾ ਮੁਕਤੀ 'ਤੇ ਗੁਰਦੀਪ ਸਿੰਘ ਨੂੰ ਦਿੱਤੀ ਵਿਦਾਇਗੀ ਪਾਰਟੀ



**ਕੋਟਕਪੂਰਾ (ਰਛਪਾਲ ਭੁੱਲਰ)**-ਵੇਅਰਹਾਊਸ ਕਾਰਪੋਰੇਸ਼ ਜ਼ਿਲ੍ਹਾ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਗੁਰਦੀਪ ਸਿੰਘ ਨੂੰ ਸੇਵਾ ਮੁਕਤੀ 'ਤੇ ਬਹੁਤ ਹੀ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਪਾਰਟੀ ਵਿੱਚ ਗੁਰਦੀਪ ਸਿੰਘ ਦੇ ਸੀਮਤ ਗਿਣਤੀ ਦੇ ਪਰਿਵਾਰਕ ਮੈਂਬਰ ਵੀ ਸ਼ਾਮਲ ਹੋਏ, ਕਿਉਂਕਿ ਪਰਿਵਾਰ ਲਈ ਉਨ੍ਹਾਂ ਆਪਣੇ ਘਰ ਪਿੰਡ ਕੋਟੜਾ ਕੌੜਾ ਵਿਖੇ ਵੱਖਰਾ ਪ੍ਰਬੰਧ ਕੀਤਾ ਹੋਇਆ ਸੀ। ਮੰਚ ਸੰਚਾਲਕ ਵੱਲੋਂ ਪਾਰਟੀ ਵਿੱਚ ਸ਼ਾਮਲ ਵਿਅਕਤੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਬੰਨ੍ਹ ਕੇ ਰੱਖਿਆ। ਖਾਸ ਗੱਲ ਇਹ ਰਹੀ ਕਿ ਪੁਰਾਤਨ ਵਿਰਸੇ ਨਾਲ ਸਬੰਧਤ ਸਵਾਲ ਪੁੱਛੇ ਗਏ ਤੇ ਪਹਿਲੇ ਵਿਜੇਤਾ ਨੂੰ ਕੁਝ ਇਨਾਮ ਵੀ ਦਿੱਤੇ ਗਏ। ਗਗਨਜੀਤ ਸਿੰਘ, ਹਰਚੇਤ ਸਿੰਘ, ਹਰਪ੍ਰੀਤ ਸਿੰਘ ਧਨੋਆ, ਹਰਜੀਤ ਸਿੰਘ, ਬਲਵੰਤ ਸਿੰਘ, ਕਮਲਜੀਤ ਸਿੰਘ, ਗੁਲਜਾਰ ਸਿੰਘ, ਹਰਦੀਪ ਸਿੰਘ, ਰੁਪਿੰਦਰ ਸਿੰਘ ਤੇ ਹੋਰਨਾਂ ਬੁਲਾਰਿਆਂ ਨੇ ਗੁਰਦੀਪ ਸਿੰਘ ਦੇ ਸਮੇਂ ਦੀ ਪਾਬੰਧਗੀ ਤੇ ਇਮਾਨਦਾਰ ਕੰਮ ਦੀ ਬਹੁਤ ਪ੍ਰਸੰਸਾ ਕੀਤੀ। ਗੁਰਦੀਪ ਸਿੰਘ ਨੇ ਵੀ ਸਭ ਦਾ ਧੰਨਵਾਦ ਕੀਤਾ ਤੇ ਆਪਣੇ ਸਾਥੀਆਂ ਨੂੰ ਨਿਗਮ ਦੀ ਬਿਹਤਰੀ ਤੇ ਚੜ੍ਹਦੀ ਕਲਾ ਲਈ ਪ੍ਰੇਰਿਆ। ਨਿਗਮ ਦੇ ਵੱਖ ਵੱਖ ਨਗਰਾਂ ਤੋਂ ਆਏ ਮੁਲਾਜ਼ਮਾਂ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਵਿੱਚੋਂ ਮਲਕੀਤ ਸਿੰਘ ਏ ਐੱਸ ਆਈ, ਜਗਰਾਜ ਸਿੰਘ ਬਸੀ ਸੇਵਾ ਮੁਕਤ ਜੇ ਈ, ਸੇਵਾ ਮੁਕਤ ਈ ਓ ਰਛਪਾਲ ਸਿੰਘ ਭੁੱਲਰ ਆਦਿ ਸ਼ਾਮਲ ਹੋਏ। ਅੰਤ ਵਿੱਚ ਸਭ ਨੇ ਦੁਪਹਿਰ ਦੇ ਖਾਣੇ ਦਾ ਆਨੰਦ ਮਾਣਿਆ।

## ਪੁਲਸ ਤੇ ਆਸਰਾ ਫਾਊਂਡੇਸ਼ਨ ਦੇ ਮੈਂਬਰਾਂ ਵਾਹਨਾਂ 'ਤੇ ਲਾਏ ਰਿਫਲੈਕਟਰ



**ਬਰੇਟਾ (ਰੀਤਵਾਲ)**-ਸੰਘਣੀ ਧੁੰਦ ਪੈਣ ਕਾਰਨ ਹਾਦਸਿਆਂ ਦੀ ਨੌਬਤ ਬਣੀ ਰਹਿੰਦੀ ਹੈ, ਜਿਸ ਨੂੰ ਦੇਖਦੇ ਹੋਏ ਬਰੇਟਾ ਕੈਂਚੀਆਂ 'ਤੇ ਸਥਾਨਕ ਪੁਲਸ ਅਤੇ ਆਸਰਾ ਫਾਉਂਡੇਸ਼ਨ ਵੱਲੋਂ ਵਾਹਨਾਂ ਨੂੰ ਰੋਕ ਕੇ ਉਨ੍ਹਾਂ ਦੇ ਪਿੱਛੇ ਰਿਫਲੈਕਟਰ ਲਾਏ ਗਏ। ਜਿਵੇਂ ਕਿ ਟਰਾਲੀਆਂ, ਛੋਟੇ ਹਾਥੀ ਤੇ ਰੇਹੜੀਆਂ ਆਦਿ ਸੰਘਣੀ ਧੁੰਦ ਵਿੱਚ ਜ਼ਿਆਦਾ ਹਾਦਸੇ ਦਾ ਕਾਰਨ ਬਣਦੇ ਹਨ। ਥਾਣਾ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ ਵਾਹਨਾਂ 'ਤੇ ਰਿਫਲੈਕਟਰ ਲਾਉਣ ਨਾਲ ਸੰਘਣੀ ਧੁੰਦ ਵਿੱਚ ਸੜਕ 'ਤੇ ਚੱਲਣ ਵਾਲੇ ਵਾਹਨਾਂ ਨੂੰ ਹਾਦਸਿਆਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਹਰੇਕ ਵਿਅਕਤੀ ਨੂੰ ਆਪਣੇ ਵਾਹਨਾਂ ਦੀ ਸੁਰੱਖਿਆ ਲਈ ਰਿਫਲੈਕਟਰ ਲਾਉਣ ਦੀ ਪਹਿਲ ਜ਼ਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਸਹਾਇਕ ਥਾਣੇਦਾਰ ਬ੍ਰਿਛਭਾਨ, ਆਸਰਾ ਫਾਉਂਡੇਸ਼ਨ ਦੇ ਪ੍ਰਧਾਨ ਗਿਆਨ ਚੰਦ, ਅਜੈਬ ਸਿੰਘ ਤੇ ਮੈਂਬਰ ਆਦਿ ਹਾਜ਼ਰ ਸਨ।

# ਦੁਨੀਆ ਦੇ ਨਕਸ਼ੇ 'ਤੇ ਸਿਤਾਰੇ ਵਾਂਗ ਚਮਕ ਰਿਹੈ ਭਾਰਤ : ਗਜੇਂਦਰ ਸ਼ੇਖਾਵਤ

■ ਏਮਜ਼ ਦਾ ਦੌਰਾ ਕਰਕੇ ਲਿਆ ਜਾਇਜ਼ਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਕੇਂਦਰੀ ਮੰਤਰੀ ਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਭਾਰਤ ਦੁਨੀਆ ਦੇ ਨਕਸ਼ੇ 'ਤੇ ਸਿਤਾਰੇ ਵਾਂਗ ਚਮਕ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਇੱਥੇ ਉਨ੍ਹਾਂ ਆਪਣੇ ਦੌਰੇ ਦੇ ਦੂਸਰੇ ਦਿਨ ਏਮਜ਼ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਤੇ ਸਰਕਾਰੀ ਯੋਜਨਾਵਾਂ ਦੇ ਮੱਦੇਨਜ਼ਰ ਅਧਿਕਾਰੀਆਂ ਨਾਲ ਵਿਸ਼ੇਸ਼ ਬੈਠਕ ਕੀਤੀ।

ਇਸ ਮੌਕੇ ਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਜ਼ਿਲ੍ਹੇ ਅੰਦਰ ਚੱਲ ਰਹੀਆਂ ਯੋਜਨਾਵਾਂ ਤੇ ਭਵਿੱਖ ਵਿੱਚ ਹੋਰ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਜਿੱਥੇ ਬਾਰੀਕੀ ਨਾਲ ਜਾਣਕਾਰੀ ਹਾਸਲ ਕੀਤੀ, ਉੱਥੇ ਹੀ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਆਮ ਲੋਕਾਂ ਦੀ ਮੰਗ ਤੇ ਲੋੜ ਅਨੁਸਾਰ ਯੋਜਨਾਵਾਂ ਦਾ ਲਾਹਾ ਦੇਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ, ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਲਾਈ ਸਕੀਮਾਂ ਦਾ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਤੱਕ ਲਾਹਾ ਪਹੁੰਚਣ ਲਈ ਹਰ ਸੰਭਵ ਯਤਨ ਤੇ ਉਪਰਾਲੇ ਕੀਤੇ ਜਾ ਰਹੇ ਹਨ।

ਬੈਠਕ ਦੀ ਪ੍ਰਧਾਨਗੀ ਕਰਦਿਆਂ ਕੇਂਦਰੀ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਤੇ ਸਰਕਾਰੀ ਯੋਜਨਾਵਾਂ ਦਾ ਜ਼ਮੀਨੀ ਪੱਧਰ 'ਤੇ ਵੱਧ ਤੋਂ ਵੱਧ ਲੋਕਾਂ ਨੂੰ ਲਾਹਾ ਦੇਣਾ ਯਕੀਨੀ ਬਣਾਉਣ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਨ੍ਹਾਂ ਸਕੀਮਾਂ ਤੋਂ ਵਾਂਝਾ ਨਾ ਰਹਿ ਸਕੇ। ਉਨ੍ਹਾਂ ਖਾਸ ਤੌਰ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨਾਲ ਸਬੰਧਤ ਸਕੀਮਾਂ ਤੋਂ ਇਲਾਵਾ ਪਲਾਸਟਿਕ ਵੇਸਟ ਦੀ ਸਾਂਭ-ਸੰਭਾਲ, ਪ੍ਰਧਾਨ ਮੰਤਰੀ ਆਵਾਸ ਯੋਜਨਾ ਆਦਿ ਸਕੀਮਾਂ ਦੀ ਸਮੀਖਿਆ ਕਰਦਿਆਂ ਯੋਗ ਲੋਕਾਂ ਤੱਕ ਇਨ੍ਹਾਂ ਦਾ ਲਾਭ ਦੇਣ ਬਾਰੇ ਕਿਹਾ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਅੰਦਰ ਚੱਲ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਤੇ ਯੋਜਨਾਵਾਂ ਬਾਰੇ ਜਾਣੂ ਕਰਵਾਇਆ।

ਇਸ ਮੌਕੇ ਏਮਜ਼ ਦੇ ਡਾਇਰੈਕਟਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਲਵਜੀਤ ਕਲਸੀ, ਸਹਾਇਕ ਕਮਿਸ਼ਨਰ (ਜਨਰਲ) ਸ੍ਰੀ ਪੰਕਜ ਕੁਮਾਰ, ਜਲ ਸਪਲਾਈ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਸ੍ਰੀ ਮਨਪ੍ਰੀਤ ਸਿੰਘ ਅਰਸ਼ੀ, ਸਾਬਕਾ ਵਿਧਾਇਕ ਸ੍ਰੀ ਸਰੂਪ ਚੰਦ ਸਿੰਗਲਾ, ਜਗਦੀਪ ਸਿੰਘ ਨਕਈ, ਸ੍ਰੀ ਸੁਨੀਲ ਸਿੰਗਲਾ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਹੋਰ ਸ਼ਖਸੀਅਤਾਂ ਆਦਿ ਹਾਜ਼ਰ ਸਨ।

# ਸਪਾਰਕਲਿੰਗ ਕਿਡਜ਼ ਸਕੂਲ ਵੱਲੋਂ ਸਾਲਾਨਾ ਸਮਾਗਮ

■ ਵੱਡੀਆਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ





**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਪਾਰਕਲਿੰਗ ਕੀਡਜ਼ ਦਾ ਫਾਊਂਡੇਸ਼ਨ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਤੇ ਸੱਭਿਆਚਾਰਕ ਪ੍ਰੋਗਰਾਮ ਸਕੂਲ ਦੇ ਵਿਹੜੇ ਵਿੱਚ ਕਰਵਾਇਆ ਗਿਆ, ਜਿਸ ਦੌਰਾਨ ਸਿੱਖਿਆ ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਾਲਾਨਾ ਸੱਭਿਆਚਾਰਕ ਸਮਾਗਮ ਦੀ ਸ਼ੁਰੂਆਤ ਮੂਲ ਮੰਤਰ ਤੇ ਸ਼ਬਦ ਗਾਣ ਨਾਲ ਕੀਤੀ ਗਈ, ਇਸ ਤੋਂ ਬਾਅਦ ਵੈੱਲਕਮ ਗੀਤ, ਕੋਰਸ, ਘੁਮਾਰ, ਰਾਜਸਥਾਨੀ ਡਾਂਸ, ਹਰਿਆਣਵੀ ਡਾਂਸ, ਹਿਮਾਚਲੀ ਡਾਂਸ, ਲੁੱਡੀ, ਭੰਗੜਾ, ਬੀਹੂ, ਡਾਂਡੀਆ ਆਦਿ ਪੇਸ਼ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੇ ਕੁਦਰਤ ਬਚਾਓ, ਪਾਣੀ ਬਚਾਓ, ਪੰਛੀ ਬਚਾਓ ਆਦਿ ਥੀਮ 'ਤੇ ਆਧਾਰਤ ਸ਼ਾਨਦਾਰ ਪੇਸ਼ਕਾਰੀਆਂ ਪੇਸ਼ ਕੀਤੀਆਂ। ਮੁੱਖ ਮਹਿਮਾਨ ਨਾਹਰ ਸਿੰਘ ਹਰੀਕਾ ਤੇ ਸ੍ਰੀਮਤੀ ਗੁਰਮੀਤ ਕੌਰ ਨੇ ਪਾਠਕ੍ਰਮ ਅਤੇ ਸਹਿ-ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਵਿਦਿਆਰਥੀਆਂ ਨੂੰ ਸਰਵੋਤਮ ਬੁਲਾਰੇ ਪੁਰਸਕਾਰ, ਸਭ ਤੋਂ ਵੱਧ ਹਾਜ਼ਰੀ ਪੁਰਸਕਾਰ, ਆਲ ਰਾਊਂਡਰ ਵਿਦਿਆਰਥੀ, ਸਪਿਕ ਤੇ ਸਪੈਮ ਪੁਰਸਕਾਰ, ਰਾਸ਼ਟਰੀ ਤੇ ਰਾਜ ਖਿਡਾਰੀ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਸੀਬੀਐੱਸਈ 12ਵੀਂ ਬੋਰਡ ਦੀ ਪ੍ਰੀਖਿਆ ਵਿੱਚ ਸਭ ਤੋਂ ਵੱਧ ਪ੍ਰਤੀਸ਼ਤਤਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਨਕਦ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਇਸ ਦੌਰਾਨ ਨਵਦੀਪ ਕੌਰ (ਲਾਅ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ), ਹਰਸ਼ਦੀਪ ਕੌਰ (ਐੱਮਬੀਬੀਐੱਸ, ਮੈਡੀਕਲ ਸਾਇੰਸ. ਬਠਿੰਡਾ), ਦਿਵਸੀਰਤ ਕੌਰ (ਐੱਲਏਵੀ, ਪੀਯੂਆਰਸੀ ਲੁਧਿਆਣਾ), ਰਮਨਜੀਤ ਸਿੰਘ (ਬੀਏ ਆਨਰਜ, ਦੇਸਬੰਧੂ ਕਾਲਜ, ਦਿੱਲੀ ਯੂਨੀਵਰਸਿਟੀ), ਪ੍ਰਾਚੀ (ਬੀ ਏ ਪੰਜਾਬ ਯੂਨੀਵਰਸਿਟੀ ਸੀਐੱਚਡੀ), ਗੁੰਜਨ ਬੱਤਰਾ (ਐੱਮਬੀਬੀਐੱਸ ਜੀਐੱਮਸੀ ਪਟਿਆਲਾ), ਦੀਆ (ਬੀ, ਟੈੱਕ, ਮਹਾਰਿਸ਼ੀ ਦਯਾਨੰਦ ਯੂਨੀਵਰਸਿਟੀ), ਸ਼ਿਫਾਲੀ ਬਾਂਸਲ (ਬੀ ਟੈੱਕ ਪੰਜਾਬ ਇੰਜੀਨੀਅਰ ਕਾਲਜ ਮੋਹਾਲੀ) ਤੇ ਨਵਦੀਪ ਕੌਰ (ਬੀਏਸੀਪੀ) ਨੂੰ ਵਿਸ਼ੇਸ਼ ਤੌਰ ਉੱਤੇ ਸਨਮਾਨਤ ਕੀਤਾ ਗਿਆ। ਚੇਅਰਪਰਸਨ ਸ੍ਰੀਮਤੀ ਗੁਰਮੀਤ ਕੌਰ ਹਰੀਕਾ ਨੇ ਸੰਬੋਧਨ ਕਰਦਿਆਂ ਜੀ ਆਇਆਂ ਆਖਿਆ। ਪ੍ਰਿੰਸੀਪਲ ਸ੍ਰੀਮਤੀ ਹਰਮਨਦੀਪ ਕੌਰ ਨੇ ਸਮੂਹ ਵਿਦਿਆਰਥੀਆਂ ਤੇ ਮਾਪਿਆਂ ਨੂੰ ਇੱਕ ਹੋਰ ਸਾਲ ਸਫਲਤਾਪੂਰਵਕ ਪੂਰਾ ਹੋਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸਪਾਰਕਲੀਅਨਜ਼ ਨੂੰ ਭਵਿੱਖ ਲਈ ਵੀ ਸ਼ੁੱਭ-ਕਾਮਨਾਵਾਂ ਦਿੱਤੀਆਂ। ਵਾਈਸ ਪ੍ਰਿੰਸੀਪਲ ਸ੍ਰੀਮਤੀ ਨਵਜੀਤ ਕੌਰ ਨੇ ਵਿਦਿਆਰਥੀਆਂ ਨੂੰ ਹੌਸਲੇ ਬੁਲੰਦ ਰੱਖਣ ਦੀ ਸਲਾਹ ਦਿੱਤੀ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਨੌਜਵਾਨ ਭਾਰਤ ਸਭਾ ਵੱਲੋਂ ਗੋਸ਼ਟੀ



**ਮੋਗਾ (ਅਮਰਜੀਤ ਬੱਬਰੀ)**

ਨੌਜਵਾਨ ਭਾਰਤ ਸਭਾ ਵੱਲੋਂ ਸਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਵਿਚਾਰ ਗੋਸ਼ਟੀਆਂ ਦੀ ਕੜੀ ਵਜੋਂ ਪਿੰਡ ਬੁੱਘੀਪੁਰਾ ਵਿਖੇ 'ਵਿਚਾਰ ਗੋਸ਼ਟੀ' ਕਰਵਾਈ, ਜਿਸ ਵਿੱਚ ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ ਨੇ ਮੁੱਖ ਬੁਲਾਰੇ ਵਜੋਂ ਵਿਚਾਰ ਪੇਸ਼ ਕੀਤੇ।ਨੌਜਵਾਨ ਭਾਰਤ ਸਭਾ ਦੇ ਮੈਂਬਰ ਨਵੀ ਨੇ ਆਈ ਹੋਈ ਸੰਗਤ ਨੂੰ ਜੀ ਆਇਆਂ ਕਿਹਾ।ਸਭਾ ਦੇ ਪਿੰਡ ਇਕਾਈ ਦੇ ਕਨਵੀਨਰ ਕਮਲ ਬੁਘੀਪੁਰਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਬਲਵਿੰਦਰ ਸਿੰਘ, ਜਸ ਰਾਜ ਸਿੰਘ, ਨਵੀ, ਕਰਮਜੀਤ ਮਾਣੂੰਕੇ ਨੂੰ ਪ੍ਰਧਾਨਗੀ ਮੰਡਲ 'ਚ ਬੈਠਣ ਦਾ ਸੱਦਾ ਦਿੱਤਾ।ਵਿਚਾਰ ਗੋਸ਼ਟੀ ਦੇ ਮੁੱਖ ਬੁਲਾਰੇ ਕਰਮਜੀਤ ਮਾਣੂੰਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਕੁਰਬਾਨੀ ਜਾਲਮ ਹਕੂਮਤ ਦੇ ਖਿਲਾਫ ਨਾਬਰੀ ਦਾ ਸਿਖਰ ਹੈ, ਜੋ ਸਿੱਖੀ ਤੇ ਪੰਜਾਬ ਦੀ ਜੁਝਾਰੂ ਪ੍ਰੰਪਰਾ ਦੇ ਥੰਮ੍ਹ ਹਨ।ਉਨ੍ਹਾਂ ਦੀ ਸ਼ਹਾਦਤ ਨੇ ਹਕੂਮਤ ਵਿਰੁੱਧ ਸੰਘਰਸ਼, ਕੁਰਬਾਨੀ ਦੀ ਨੀਂਹ ਰੱਖੀ, ਜਿਸ 'ਤੇ ਚੱਲ ਕੇ ਅੱਜ ਤੱਕ ਪੰਜਾਬੀ ਆਵਦਾ ਆਪ ਗਵਾ ਕੇ ਜੁਲਮ ਖਿਲਾਫ ਟੱਕਰ ਲੈਂਦੇ ਹਨ।ਉਨ੍ਹਾਂ ਕਿਹਾ ਕਿ ਸਿੱਖੀ ਦਾ ਤੱਤ ਹਾਕਮਾਂ ਦੇ ਜੁਲਮ ਦਾ ਵਿਰੋਧ ਕਰਨਾ, ਸੋਚ ਦੀ ਆਜ਼ਾਦੀ, ਮਾਇਆ ਦੇ ਪ੍ਰਬੰਧ ਦੇ ਵਿਰੁੱਧ ਡਟਣਾ, ਕਿਰਤੀਆਂ ਦੀ ਜਮਾਤ ਨਾਲ ਖੜਣ, ਕਰਮਕਾਂਡ, ਬ੍ਰਾਹਮਣਵਾਦ ਦਾ ਖੰਡਨ ਕਰਨਾ ਹੈ।ਅੱਜ ਸਿੱਖੀ ਦੇ ਤੱਤ ਨੂੰ ਖਤਮ ਕਰਕੇ ਸਿਰਫ ਰੂਪ ਤੱਕ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਸਾਨੂੰ ਸਿੱਖੀ ਦੀ ਨੀਚਾਂ ਅੰਦਰ ਨੀਚ ਜਾਤਿ ਦੀ ਸਿਆਸਤ 'ਤੇ ਚੱਲ ਕੇ ਮਜ਼ਲੂਮਾਂ, ਕਿਰਤੀਆਂ ਦੇ ਹੱਕਾਂ ਦੀ ਲੜਾਈ ਤੇਜ਼ ਕਰਨੀ ਚਾਹੀਦੀ ਹੈ।ਕਮਲ ਬੁੱਘੀਪੁਰਾ, ਜਸਰਾਜ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਦੀ ਜਵਾਨੀ ਨੂੰ ਗੁਰੂ ਸਾਹਿਬ ਦੇ ਸਾਰੇ ਪਰਿਵਾਰ ਦੀਆਂ ਕੁਰਬਾਨੀਆਂ ਤੋਂ ਸੇਧ ਲੈ ਕੇ ਨਸ਼ਿਆਂ, ਬੇਰੁਜ਼ਗਾਰੀ, ਜੁਲਮਾਂ ਖਿਲਾਫ ਸੰਘਰਸ਼ ਵਿੱਢਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਭਾਰਤ ਸਭਾ ਸਾਡੇ ਸ਼ਹੀਦਾਂ ਨਾਲ ਜੁੜੀਆਂ ਇਤਿਹਾਸਕ ਯਾਦਗਾਰਾਂ ਨੂੰ ਸਾਂਭਣ ਲਈ ਸੰਘਰਸ਼ ਤੇਜ਼ ਕਰੇਗੀ।

23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਫਿਰੋਜ਼ਪੁਰ ਵਿਖੇ ਸ਼ਹੀਦ ਭਗਤ ਤੇ ਸਾਥੀਆਂ ਦੇ ਇਤਿਹਾਸਕ ਗੁਪਤ ਟਿਕਾਣੇ 'ਤੇ ਪੱਕਾ ਮੋਰਚਾ ਲਾਇਆ ਜਾਵੇਗਾ, ਜਿਸ ਦੀ ਤਿਆਰੀ ਲਈ ਪਿੰਡਾਂ ਵਿੱਚ ਪ੍ਰਚਾਰ ਮੁਹਿੰਮ ਵਿੱਢੀ ਜਾਵੇਗੀ।

# ਭਾਜਪਾ ਘੱਟ-ਗਿਣਤੀਆਂ ਨੂੰ ਬੁਲਡੋਜ਼ ਕਰਕੇ ਹਿੰਦੂ ਰਾਜ ਸਥਾਪਿਤ ਕਰਨਾ ਚਾਹੁੰਦੀ ਹੈ:ਪਾਸਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸਰਹੱਦੀ ਪਿੰਡ ਮੁਹਾਵਾ ਵਿਖੇ ਜਥੇਦਾਰ ਮੋਹਨ ਸਿੰਘ ਮੁਹਾਵਾ ਸੀਨੀਅਰ ਮੀਤ ਪ੍ਰਧਾਨ (ਐੱਸਜੀਪੀਸੀ), ਉੱਘੇ ਗ਼ਦਰੀ ਬਾਬਾ ਕੇਸਰ ਸਿੰਘ ਮੁਹਾਵਾ, ਅੱਛਰ ਸਿੰਘ, ਗਿਆਨੀ ਦਲੀਪ ਸਿੰਘ ਮੁਹਾਵਾ ਅਤੇ ਬੀਬੀ ਰਾਜਿੰਦਰ ਕੌਰ ਦੀ ਯਾਦ ਨੂੰ ਸਮਰਪਿਤ ਭਾਰਤੀ ਇਨਕਲਾਬੀ ਮਾਰਕਸੀ ਪਾਰਟੀ ਵੱਲੋਂ ਜਨਤਕ ਕਾਨਫ਼ਰੰਸ ਕੀਤੀ ਗਈ। ਅੱਜ ਦੇ ਇਕੱਠ ਦੀ ਪ੍ਰਧਾਨਗੀ ਬਾਬਾ ਅਰਜਨ ਸਿੰਘ, ਮੁਖਤਾਰ ਸਿੰਘ ਮੁਹਾਵਾ ਤੇ ਗੁਰਦੇਵ ਸਿੰਘ ਨੇ ਕੀਤੀ।ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੀ ਇਸ ਪਿੰਡ ਦੀ ਸ਼ਹੀਦ ਬੀਬੀ ਮਹਿੰਦਰ ਕੌਰ ਤੇ ਸੁਖਦੇਵ ਸਿੰਘ ਨੂੰ ਯਾਦ ਕੀਤਾ ਗਿਆ। ਕਾਨਫ਼ਰੰਸ ਵਿੱਚ ਵੱਖ-ਵੱਖ ਪਿੰਡਾਂ ਤੋਂ ਪੁੱਜੇ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਆਰਐੱਮਪੀਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਜਥੇਦਾਰ ਮੋਹਨ ਸਿੰਘ ਮੁਹਾਵਾ ਤੇ ਬਾਬਾ ਕੇਸਰ ਸਿੰਘ ਦੀਆਂ ਦੇਸ਼ ਦੀ ਆਜ਼ਾਦੀ ਵੇਲੇ ਘਾਲੀਆਂ ਘਾਲਣਾਵਾਂ ਦੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਦੋਵੇਂ ਆਗੂ ਅੰਗਰੇਜ਼ਾਂ ਦੀਆਂ ਵਧੀਕੀਆਂ ਖ਼ਿਲਾਫ਼ ਸਾਈਕਲ 'ਤੇ ਘੁੰਮ-ਫਿਰ ਕੇ ਹਜ਼ਾਰਾਂ ਲੋਕਾਂ ਨੂੰ ਖੜੇ ਕੀਤਾ ਸੀ।ਪਾਸਲਾ ਨੇ ਮੁਲਕ ਦੀਆਂ ਰਾਜਸੀ ਸਥਿਤੀਆਂ ਸਬੰਧੀ ਕਿਹਾ ਕਿ ਬੀਜੇਪੀ ਦੀ ਸਰਕਾਰ ਘੱਟ-ਗਿਣਤੀਆਂ ਨੂੰ ਬੁਲਡੋਜ਼ ਕਰਕੇ ਹਿੰਦੂ ਰਾਜ ਸਥਾਪਿਤ ਕਰਨਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਅਨੇਕਾਂ ਪੱਤਰਕਾਰ ਜੇਲ੍ਹਾਂ ਵਿੱਚ ਡੱਕੇ ਹੋਏ ਹਨ, ਮਨੀਪੁਰ ਵਿੱਚ ਇੱਕ ਫਿਰਕੇ ਦੀਆਂ ਔਰਤਾਂ ਦੇ ਸਾਜ਼ਿਸ਼ ਤਹਿਤ ਬਲਾਤਕਾਰ ਹੋ ਰਹੇ ਹਨ ਪਰ ਮੋਦੀ ਚੁੱਪ-ਚਾਪ ਹਨ।ਇਸ ਮੌਕੇ ਕਿਸਾਨ ਮੋਰਚੇ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਪਾਸਲਾ ਨੇ ਕਿਹਾ ਕਿ ਜੇਕਰ ਮੋਦੀ 2024 ਵਿੱਚ ਮੁੜ ਜਿੱਤਦਾ ਹੈ ਤਾਂ ਕਾਰਪੋਰੇਟਾਂ ਦੇ ਹੱਕ ਵਿੱਚ ਦੁਬਾਰਾ ਕਾਨੂੰਨ ਪਾਸ ਹੋਣਗੇ।ਪਾਸਲਾ ਨੇ ਅੱਗੇ ਕਿਹਾ ਕਿ ਇਸ ਵੇਲੇ ਹਵਾਈ ਅੱਡੇ, ਸਮੁੰਦਰੀ ਬੰਦਰਗਾਹਾਂ, ਬੈਂਕਾਂ ਆਦਿ ਧੜਾਧੜ ਵੇਚੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਮੋਦੀ-ਸ਼ਾਹ ਨੂੰ ਰਾਜਸੱਤਾ ਤੋਂ ਪਾਸੇ ਕੀਤਾ ਜਾਵੇ।ਇਸ ਮੌਕੇ ਕਿਸਾਨਾਂ-ਮਜ਼ਦੂਰਾਂ ਦੀ ਡੂੰਘਾਈ ਨਾਲ ਚਰਚਾ ਕਰਦਿਆਂ ਬਾਰਡਰ ਏਰੀਆ ਸੰਘਰਸ਼ ਕਮੇਟੀ ਦੇ ਸੂਬਾਈ ਜਨਰਲ ਸਕੱਤਰ ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਸਮੇਂ ਪਾਕਿਸਤਾਨ ਵੱਲੋਂ ਡਰੋਨ ਆਉਣ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦੇ ਸਾਹ ਸੂਤੇ ਹੋਏ ਹਨ।ਰੰਧਾਵਾ ਨੇ ਬੀਐੱਸਐੱਫ 'ਚ 50 ਕਿਲੋਮੀਟਰ ਤੱਕ ਤਲਾਸ਼ੀਆਂ ਦੀ ਵਿਰੋਧਤਾ ਕੀਤੀ। ਰੰਧਾਵਾ ਨੇ ਸਾਰਾ ਸਮਾਂ ਕੰਡਿਆਲੀ ਤਾਰ 'ਤੇ ਬਣੇ ਸਰਹੱਦੀ ਗੇਟ ਖੋਲ੍ਹਣ, ਕੰਡਿਆਲੀ ਤਾਰ ਤੋਂ ਪਾਰ ਕਿਸਾਨਾਂ ਦੀਆਂ ਜ਼ਮੀਨਾਂ ਦਾ 10 ਹਜ਼ਾਰ ਰੁਪਏ ਦੀਆਂ ਰਹਿੰਦੀਆਂ ਕਿਸ਼ਤਾਂ ਅਦਾ ਕਰਨ ਆਦਿ ਮਸਲੇ ਉਠਾਏ ਗਏ।ਇਸ ਤੋਂ ਇਲਾਵਾ ਨਿਰਮਲ ਸਿੰਘ ਮੋਦੇ, ਬਲਦੇਵ ਸਿੰਘ ਧਾਰੀਵਾਲ, ਸ਼ਰਨਜੀਤ ਸਿੰਘ ਧਨੋਆਂ, ਗੁਰਨਾਮ ਸਿੰਘ ਦਾਉਕੇ, ਬੂਟਾ ਸਿੰਘ ਮੋਦੇ, ਮਨਿੰਦਰ ਸਿੰਘ ਨੇਸ਼ਟਾ, ਜਸ ਰੋੜਾਂਵਾਲਾ, ਮਹਿੰਦਰ ਸਿੰਘ ਰਤਨ, ਮਨਿੰਦਰ ਵਣੀਏਕੇ ਤੇ ਸਰਪੰਚ ਮਨਜੀਤ ਸਿੰਘ ਖਾਸ ਨੇ ਵੀ ਵਿਚਾਰ ਪੇਸ਼ ਕੀਤੇ।



# ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ 2024 ਦੀ ਵਧਾਈ ਦਿੱਤੀ ਹੈ। ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਅਰਦਾਸ ਕੀਤੀ ਕਿ ਸਾਲ 2024 ਜ਼ਿਲ੍ਹਾ ਵਾਸੀਆਂ ਸਮੇਤ ਸੂਬੇ ਅਤੇ ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਲਈ ਖੁਸ਼ੀਆਂ-ਖੇੜੇ, ਅਮਨ ਅਤੇ ਖੁਸ਼ਹਾਲੀ ਲੈ ਕੇ ਆਵੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਵੇਂ ਸਾਲ ਵਿੱਚ ਵੀ ਮਹਾਨ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਦ੍ਰਿੜ੍ਹਤਾ ਤੇ ਇਮਾਨਦਾਰੀ ਨਾਲ ਕੰਮ ਕੀਤਾ ਜਾਵੇਗਾ ਤਾਂ ਜੋ ਵਿਕਾਸ ਦਾ ਅਸਰ ਜ਼ਮੀਨੀ ਪੱਧਰ 'ਤੇ ਦਿਸੇ ਅਤੇ ਖਾਸ ਕਰਕੇ ਗਰੀਬ ਵਰਗ ਦੇ ਜੀਵਨ ਨੂੰ ਸੁਖਾਲਾ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਦੇ ਬੰਧਨਾਂ ਨੂੰ ਮਜ਼ਬੂਤ ਕਰਨ ਦੇ ਨਾਲ ਵਿਕਾਸ ਤੇ ਖੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਕੌਮੀ ਏਕਤਾ, ਸ਼ਾਂਤੀ, ਪਿਆਰ ਅਤੇ ਧਾਰਮਿਕ ਸਹਿਣਸ਼ੀਲਤਾ ਦੇ ਬੰਧਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ।

# ਮਾਈਕਰੋ ਫਾਈਨਾਂਸ ਕੰਪਨੀਆਂ ਦਾ ਗਰੀਬਾਂ ਸਿਰ ਚੜ੍ਹਿਆ ਕਰਜ਼ਾ ਮੁਆਫ ਕਰਨ ਦੀ ਮੰਗ

## * ਕਰਜ਼ਾ ਮੁਆਫੀ ਤੱਕ ਸਾਡਾ ਸੰਘਰਸ਼ ਨਿਰੰਤਰ ਜਾਰੀ ਰਹੇਗਾ: ਕਾਮਰੇਡ ਮਨਜੀਤ ਰਾਜ

ਬਟਾਲਾ (ਤਰਲੋਕ ਬੱਗਾ)-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਇੱਕ ਮੀਟਿੰਗ ਬਟਾਲਾ ਵਿਖੇ ਪ੍ਰਧਾਨ ਸਰੂਪ ਸਿੰਘ, ਜੋਇੰਟ ਸੈਕਟਰੀ ਰਮੇਸ਼ ਕੁਮਾਰ, ਸਤਿੰਦਰ ਕੌਰ ਸੱਤੀ, ਤ੍ਰਿਪਤਬੀਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਹੋਈ ਜਿਸ ਨੂੰ ਸੰਬੋਧਨ ਕਰਦਿਆਂ ਮਾਝਾ ਜ਼ੋਨ ਦੇ ਇੰਚਾਰਜ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਸਾਡਾ ਮਾਈਕਰੋ ਫਾਈਨਾਂਸ ਕੰਪਨੀਆਂ ਦੇ ਕਰਜ਼ਿਆਂ ਖਿਲਾਫ ਸੰਘਰਸ਼ ਜਾਰੀ ਹੈ ਤੇ 28 ਤਰੀਕ ਨੂੰ ਅੰਮ੍ਰਿਤਸਰ ਡੀ ਸੀ ਦਫਤਰ ਅੱਗੇ ਮਾਝਾ ਜ਼ੋਨ ਦੀ ਰੈਲੀ ਕੀਤੀ ਗਈ ਜੋ ਸਫਲ ਰਹੀ ਤੇ ਹਜ਼ਾਰਾਂ ਦੇ ਹਿਸਾਬ ਨਾਲ ਵਰਕਰਾਂ ਦਾ ਇਕੱਠ ਮਾਈਕਰੋ ਫਾਈਨਾਂਸ ਕੰਪਨੀਆਂ ਅਤੇ ਨਸ਼ਿਆਂ ਦੇ ਖਿਲਾਫ ਹੋਇਆਂ। ਉਨ੍ਹਾਂ ਕਿਹਾ ਕਿ ਨਾ ਤੇ ਸੂਬਾ ਸਰਕਾਰ ਅਤੇ ਨਾ ਹੀ ਮੋਦੀ ਸਰਕਾਰ ਗਰੀਬਾਂ ਲਈ ਸਹੂਲਤਾਂ ਦੇ ਰਹੀਆਂ। ਇਹ ਦੋਵੇਂ ਸਰਕਾਰਾਂ ਫੇਲ ਸਾਬਤ ਹੋਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮਾਈਕਰੋ ਫਾਈਨਾਂਸ ਕੰਪਨੀਆਂ ਵਾਲੇ ਪਿੰਡਾਂ/ਸ਼ਹਿਰਾਂ ਵਿੱਚ ਗੁੰਡਾਗਰਦੀ ਕਰ ਰਹੇ ਹਨ। ਡੀ. ਸੀ. ਹੁਕਮਾਂ ਦੀ ਬਿਨਾਂ ਪਰਵਾਹ ਕੀਤਿਆਂ ਔਰਤਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੇ ਹਨ ਤੇ ਗਰੀਬਾਂ ਦਾ ਸਾਮਾਨ ਤੱਕ ਚੁੱਕ ਰਹੇ ਹਨ ਤੇ ਗਰੀਬ ਮਜ਼ਦੂਰ ਲੋਕ ਦੋ ਵਕਤ ਦੀ ਰੋਟੀ ਲਈ ਤਰਸ ਰਹੇ ਹਨ। ਉਨ੍ਹਾਂ ਮੰਗ ਕੀਤੀ ਭਗਵੰਤ ਮਾਨ ਸਰਕਾਰ ਗਰੀਬਾਂ ਦਾ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਕਰਜ਼ਾ ਮਾਫ ਕਰੇ। ਪਿੰਡਾਂ ਵਿੱਚ ਮਨਰੇਗਾ ਕਾਨੂੰਨ ਤਹਿਤ ਗਰੀਬਾਂ/ਮਜ਼ਦੂਰਾਂ ਨੂੰ 150 ਦਿਨ ਕੰਮ ਦਿੱਤਾ ਜਾਵੇ, ਨਸ਼ਿਆਂ ਨੂੰ ਨੱਥ ਪਾਈ ਜਾਵੇ ਅਤੇ ਕੱਚੇ ਕੋਠੇ ਵਾਲਿਆਂ ਦੇ ਘਰ ਬਣਾਉਣ ਲਈ ਗ੍ਰਾਂਟਾਂ ਦਿੱਤੀਆਂ ਜਾਣ ਅਤੇ ਕੱਟੇ ਰਾਸ਼ਨ ਕਾਰਡ ਬਹਾਲ ਕੀਤੇ ਜਾਣ। ਜੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਅਸੀਂ ਸਰਕਾਰਾਂ ਖਿਲਾਫ ਸੜਕਾਂ 'ਤੇ ਉਤਰਾਂਗੇ। ਇਸ ਮੌਕੇ ਰਾਜਵਿੰਦਰ ਕੌਰ, ਸਰਬਜੀਤ ਸਿੰਘ, ਜੋਨ ਮਸੀਹ, ਵਿਜੇ ਕੁਮਾਰ, ਹਰਦੀਪ ਕੌਰ ਕੋਮਲ, ਜਸਬੀਰ ਕੌਰ, ਸਖਦੇਵ ਮਸੀਹ, ਬਲਵਿੰਦਰ ਕੌਰ ਅਤੇ ਬਲਜੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ।



# ਨਾਜਾਇਜ਼ ਪਿਸਤੌਲ, ਮੈਗਜ਼ੀਨ ਤੇ ਚਾਰ ਜ਼ਿੰਦਾ ਕਾਰਤੂਸ ਸਮੇਤ ਵਿਅਕਤੀ ਕਾਬੂ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਦੀਨਾਨਗਰ ਪੁਲਸ ਨੇ ਨਾਕੇ ਦੌਰਾਨ ਸਕਾਰਪੀਓ ਸਵਾਰ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਕੋਲੋਂ ਇੱਕ ਨਾਜਾਇਜ਼ ਪਿਸਤੌਲ, ਇੱਕ ਮੈਗਜ਼ੀਨ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਐੱਸਐੱਚਓ ਦੀਨਾਨਗਰ ਮਨਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਦੀਨਾਨਗਰ ਪੁਲਸ ਸ਼ੂਗਰ ਮਿੱਲ ਪੰਨਿਆੜ ਨੇੜੇ ਮੋਟਰ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ ਤਾਂ ਇਸ ਦੌਰਾਨ ਕਿਸੇ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਬਿਕਰਮ ਪਾਲ ਉਰਫ਼ ਬਿੱਕਾ ਪੁੱਤਰ ਮਲਕੀਤ ਸਿੰਘ ਵਾਸੀ ਸਠਿਆਲੀ ਅਤੇ ਅਵਨਿੰਦਰ ਸਿੰਘ ਸਾਰੰਗਲ ਪੁੱਤਰ ਸਤਪਾਲ ਸਾਰੰਗਲ ਨੇ ਏ. ਬਠਵਾਲਾ ਗਲੀ, ਗੁਰਦਾਸਪੁਰ ਦਾ ਰਹਿਣ ਵਾਲਾ ਜੋ ਕਿ ਘਰੋਟਾ ਮੋੜ ਤੋਂ ਸਕਾਰਪੀਓ ਗੱਡੀ 'ਤੇ ਗੁਰਦਾਸਪੁਰ ਵੱਲ ਆ ਰਿਹਾ।ਉਨ੍ਹਾਂ ਕੋਲ ਨਾਜਾਇਜ਼ ਹਥਿਆਰ ਹਨ ਅਤੇ ਉਹ ਕੋਈ ਵੀ ਅਪਰਾਧ ਕਰ ਸਕਦੇ ਹਨ।ਥਾਣਾ ਸਦਰ ਦੇ ਇੰਚਾਰਜ ਮਨਜੀਤ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਸ ਨੇ ਪਠਾਨਕੋਟ ਵਾਲੇ ਪਾਸੇ ਤੋਂ ਆ ਰਹੇ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਤਾਂ 15 ਮਿੰਟ ਬਾਅਦ ਹੀ ਇੱਕ ਸਕਾਰਪੀਓ ਗੱਡੀ ਆਉਂਦੀ ਦਿਖਾਈ ਦਿੱਤੀ।ਪੁਲਸ ਪਾਰਟੀ ਨੇ ਡਰਾਈਵਰਾਂ ਨੂੰ ਕਾਬੂ ਕਰ ਲਿਆ।ਤਲਾਸ਼ੀ ਲੈਣ 'ਤੇ ਬਿਕਰਮ ਪਾਲ ਉਰਫ਼ ਬਿੱਕਾ ਕੋਲੋਂ ਇੱਕ ਨਾਜਾਇਜ਼ 32 ਬੋਰ ਦਾ ਪਿਸਤੌਲ, ਇੱਕ ਮੈਗਜ਼ੀਨ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਹੋਏ।ਪੁੱਛ-ਗਿੱਛ ਦੌਰਾਨ ਬਿਕਰਮ ਪਾਲ ਬਿੱਕਾ ਨੇ ਮੰਨਿਆ ਕਿ ਉਸ ਦੇ ਨਾਲ ਬੈਠੇ ਅਵਨਿੰਦਰ ਸਿੰਘ ਸਾਰੰਗਲ ਨੂੰ ਉਸ ਦੇ ਕਬਜ਼ੇ 'ਚ ਮੌਜੂਦ ਨਾਜਾਇਜ਼ ਪਿਸਤੌਲ ਬਾਰੇ ਨਹੀਂ ਪਤਾ ਸੀ ਅਤੇ ਉਹ ਬੇਕਸੂਰ ਹੈ।ਪੁਲਸ ਵੱਲੋਂ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਅਵਨਿੰਦਰ ਸਿੰਘ ਨੂੰ ਛੱਡ ਦਿੱਤਾ ਗਿਆ ਹੈ ਅਤੇ ਬਿਕਰਮਪਾਲ ਉਰਫ਼ ਬਿੱਕਾ ਦੇ ਖ਼ਿਲਾਫ਼ 25, 54, 59 ਅਸਲਾ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਥਾਣਾ ਸਦਰ ਦੇ ਇੰਚਾਰਜ ਮਨਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲੈ ਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਸ ਵਿੱਚ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।



# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਰੈਣ ਸਬਾਈ ਸਮਾਗਮ 17ਵੇਂ ਦਿਨ 'ਚ ਦਾਖਲ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਕਲਗੀਧਰ ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਸਮੇਤ ਸ਼ਹੀਦ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਸਬਾ ਹਰੀਕੇ ਪੱਤਣ 'ਚ ਚੱਲ ਰਹੇ ਰੈਣ ਸਬਾਈ ਪ੍ਰੋਗਰਾਮ 17ਵੇਂ ਦਿਨ ਵਿੱਚ ਦਾਖਲ ਹੋ ਗਏ ਹਨ।16 ਦਸੰਬਰ ਤੋਂ ਸ਼ੁਰੂ ਹੋਏ ਇਹ ਪ੍ਰੋਗਰਾਮ 14 ਜਨਵਰੀ ਨੂੰ ਸਮਾਪਤ ਹੋਣਗੇ ਜਿਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ, ਰਾਗੀ, ਕਥਾਵਾਚਕ, ਸੰਗਤਾਂ ਨੂੰ ਗੁਰਬਾਣੀ ਅਤੇ ਨਾਮ ਅਭਿਆਸ ਨਾਲ ਜੋੜਨਗੇ। ਇਤਿਹਾਸਕ ਗੁਰਦੁਆਰਾ ਸ੍ਰੀ ਗੁਰਦਰਸ਼ਨ ਪ੍ਰਕਾਸ਼ ਸਾਹਿਬ ਦੇ ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ ਜੀ ਦੇ ਉੱਦਮ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਆਵਾਮ ਨੂੰ ਤਵਾਰੀਖ ਦੇ ਲਹੂ ਭਿੱਜੇ ਪੰਨਿਆਂ ਤੋਂ ਜਾਣੂ ਕਰਵਾਉਂਦਿਆਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਬੜਾਵਾ ਦਿੱਤਾ ਜਾ ਰਿਹਾ ਹੈ।ਜਾਣਕਾਰੀ ਸਾਂਝੀ ਕਰਦਿਆਂ ਬਾਬਾ ਬਲਜੀਤ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਦੁਨੀਆ ਦੇ ਇਤਿਹਾਸ ਵਿੱਚ ਕੁਰਬਾਨੀ ਦੀ ਅਜਿਹੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ।ਦਸਮ ਪਿਤਾ ਨੇ ਬਾਲ ਉਮਰੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਨੂੰ ਬਲੀਦਾਨ ਲਈ ਦਿੱਲੀ ਭੇਜਿਆ ਤੇ ਜਦੋਂ ਖੁਦ ਪਿਤਾ ਬਣੇ ਤਾਂ ਆਪਣੇ ਪੁੱਤਰਾਂ ਨੂੰ ਕੌਮ ਦੇ ਲੇਖੇ ਲਾ ਦਿੱਤਾ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਫਲਸਫੇ ਅਨੁਸਾਰ ਸਾਨੂੰ ਜੀਵਨ ਸ਼ੈਲੀ ਅਪਣਾਉਣੇ ਚਾਹੀਦੀ ਹੈ।

ਸਮੂਹ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੋ ਕੇ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ।ਇਹੀ ਸਾਹਿਬਜ਼ਾਦਿਆਂ ਨੂੰ ਸੱਚੀ ਅਤੇ ਤਾਂ ਉਮਰ ਸ਼ਰਧਾਂਜਲੀ ਹੋਵੇਗੀ ਚਲਦੇ ਪ੍ਰੋਗਰਾਮ ਸਬੰਧੀ ਅਪੀਲ ਕਰਦਿਆਂ ਕਿਹਾ ਕਿ ਸਮਾਪਤੀ ਦੇ ਦਿਹਾੜੇ ਦੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਘਰ ਪਹੁੰਚੇ ਅਤੇ ਸਰਬੱਤ ਦੇ ਭਲੇ ਅਰਦਾਸ ਵਿੱਚ ਸ਼ਮੂਲੀਅਤ ਕੀਤੀ ਜਾਵੇ।ਇਸ ਮੌਕੇ ਠੇਕੇਦਾਰ ਗੁਰਮੇਜ ਸਿੰਘ, ਜਥੇਦਾਰ ਜੋਰਾਵਰ ਸਿੰਘ, ਰਣਜੋਧ ਸਿੰਘ, ਨਛੱਤਰ ਸਿੰਘ, ਸੰਤੋਖ ਸਿੰਘ, ਦਲਜੀਤ ਸਿੰਘ, ਦਵਿੰਦਰ ਸਿੰਘ, ਗੁਰਸੇਵਕ ਸਿੰਘ, ਕਾਲਾ ਸਿੰਘ, ਸੁਰਜੀਤ ਸਿੰਘ, ਸੰਦੀਪ ਸਿੰਘ, ਸੋਨਾ ਸਿੰਘ, ਵਰਿੰਦਰ ਸਿੰਘ ਸੰਧੂ, ਅੰਮ੍ਰਿਤ ਪਾਲ, ਸਾਜਨ, ਸਰਤਾਜ ਸਿੰਘ, ਸੁਖਦੇਵ ਸਿੰਘ, ਪਾਲ ਸਿੰਘ, ਸੁਖਦੇਵ ਸਿੰਘ ਸੰਧੂ, ਹਰਭਜਨ ਸਿੰਘ, ਹਰਪਾਲ ਸਿੰਘ, ਗੁਰਜੰਟ ਸਿੰਘ, ਸੁਖਵਿੰਦਰ ਸਿੰਘ, ਕਿਰਪਾਲ ਸਿੰਘ ਰੰਧਾਵਾ, ਸਾਹਿਬ ਸਿੰਘ ਸੰਧੂ, ਅੰਗਰੇਜ਼ ਸਿੰਘ, ਪਵਨ ਕੁਮਾਰ, ਇਕਬਾਲ ਸਿੰਘ, ਪ੍ਰਿਤਪਾਲ ਸਿੰਘ ਬਲਵੀਰ ਸਿੰਘ ਵਿਜੀਲੈਂਸ ਵਾਲੇ ਅਤੇ ਕੁਲਦੀਪ ਸਿੰਘ ਆਦਿ ਹਾਜ਼ਰ ਸਨ।



# ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਮੀਟਿੰਗ 'ਚ ਪਿੰਡ ਲੁੱਧੜ ਇਕਾਈ ਦੀ ਸਰਬਸੰਮਤੀ ਨਾਲ ਚੋਣ

ਮਜੀਠਾ (ਸੋਇਮ ਆਨੰਦ)-ਹਲਕਾ ਮਜੀਠਾ ਦੇ ਪਿੰਡ ਲੁੱਧੜ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਇਕੱਤਰਤਾ ਆਗੂ ਜਗਪ੍ਰੀਤ ਸਿੰਘ ਕੋਟਲਾ ਗੁਜਰਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਜਿਲਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ ਵਿਸ਼ੇਸ਼ ਤੌਰ ਸ਼ਾਮਲ ਹੋਏ।

ਇਕੱਤਰਤਾ ਜਗਪ੍ਰੀਤ ਸਿੰਘ ਕੋਟਲਾ ਨੇ ਸੰਬੋਧਨ ਕਰਦਿਆਂ ਕਿਹਾ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜੋ ਦੋ ਜਨਵਰੀ ਨੂੰ ਸਾਂਝੀ ਮਹਾਂ ਰੈਲੀ ਜੰਡਿਆਲਾ ਗੁਰੂ ਵਿੱਚ ਹੋਣ ਜਾ ਰਹੀ ਹੈ, ਉਸ ਪ੍ਰਤੀ ਪਿੰਡ ਪੱਧਰ ਤੇ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਜ਼ਿਲਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ ਨੇ ਸੰਬੋਧਨ ਕਰਦਿਆਂ ਕਿਹਾ ਕੇ ਸੰਯੁਕਤ ਕਿਸਾਨ ਮੋਰਚਾ ਅਤੇ ਉਤਰ ਭਾਰਤ ਦੀਆ ਅਠਾਰਾਂ ਕਿਸਾਨ ਜਥੇਬੰਦੀਆ ਵਲੋਂ ਕੇਂਦਰ ਸਰਕਾਰ ਨਾਲ ਸੰਬੰਧਨ ਰਹਿੰਦੀਆਂ ਮੰਗਾ ਮੰਨਵਾਉਣ ਲਈ ਕਿਸਾਨ ਇੱਕ ਵਾਰ ਫਿਰ ਦਿੱਲੀ ਜਾਣਗੇ।ਉਕਤ ਆਗੂਆਂ ਕਿਹਾ ਜਿੰਨੀ ਦੇਰ ਕੇਂਦਰ ਸਰਕਾਰ ਐਮਐਸਪੀ ਗਰੰਟੀ ਕਨੂੰਨ, ਲਖੀਮਪੁਰ ਖੀਰੀ ਵਿੱਚ ਕਿਸਾਨਾਂ ਦੇ ਹੋਏ ਕਤਲਾਂ ਦਾ ਇਨਸਾਫ, ਦਿੱਲੀ ਅੰਦੋਲਨ ਕਿਸਾਨਾਂ ਤੇ ਹੋਏ ਪਰਚੇ ਰੱਦ ਨਹੀਂ ਕਰਦੀ ਉਨਾ ਚਿਰ ਅੰਦੋਲਨ ਜਾਰੀ ਰਹੇਗਾ।ਇਸ ਮੌਕੇ ਜ਼ਿਲਾ ਮੀਤ ਪ੍ਰਧਾਨ ਡਾਕਟਰ ਬਚਿੱਤਰ ਸਿੰਘ ਕੋਟਲਾ, ਬਿਕਰਮਜੀਤ ਸਿੰਘ ਨੰਗਲੀ, ਬਲਜਿੰਦਰ ਸਿੰਘ ਨਾਗ ਕਲਾਂ, ਜੱਸਾ ਸਿੰਘ ਡੰਡੀਆ, ਕੁਲਵਿੰਦਰ ਸਿੰਘ ਢਿਗ ਨੰਗਲ, ਗੁਰਲਵ ਸਿੰਘ ਮੱਝੂਪੁਰਾ ਆਦਿ ਆਗੂ ਹਾਜ਼ਰ ਸਨ।

ਉਪਰੰਤ ਪਿੰਡ ਲੱਧੜ ਇਕਾਈ ਦਾ ਸਰਬਸੰਮਤੀ ਨਾਲ ਗਠਨ ਕੀਤਾ ਗਿਆ ਜਿਸ ਵਿੱਚ ਹਰਪ੍ਰੀਤ ਸਿੰਘ ਪ੍ਰਧਾਨ, ਅਰਸ਼ਦੀਪ ਸਿੰਘ ਜਨਰਲ ਸਕੱਤਰ, ਹਰਦੇਵ ਸਿੰਘ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਖਜਾਨਚੀ, ਬਲਦੇਵ ਸਿੰਘ ਮੈਂਬਰ, ਗੁਰਸਾਜਨ ਸਿੰਘ ਮੈਂਬਰ, ਸੁਖਦੇਵ ਸਿੰਘ ਮੈਂਬਰ, ਲਵਪ੍ਰੀਤ ਸਿੰਘ ਮੈਂਬਰ, ਪਰਮਜੀਤ ਸਿੰਘ ਮੈਂਬਰ, ਦਿਲਬਾਗ ਸਿੰਘ ਮੈਂਬਰ ਨਿਯੁਕਤ ਕੀਤੇ ਗਏ।



# ਜੱਗਾ ਮਜੀਠਾ ਦੀ ਅਗਵਾਈ 'ਚ ਵੱਖ-ਵੱਖ ਪਾਰਟੀਆਂ ਦੇ ਵਰਕਰ ਆਮ ਆਦਮੀ ਪਾਰਟੀ 'ਚ ਸ਼ਾਮਲ

ਮਜੀਠਾ (ਸੋਇਮ ਆਨੰਦ)-ਵਿਧਾਨ ਸਭਾ ਹਲਕਾ ਮਜੀਠਾ ਦੇ ਸੀਨੀਅਰ ਆਪ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਦੀ ਪ੍ਰੇਰਨਾ ਸਦਕਾ ਪਿੰਡ ਦਾਦੂਪੁਰਾ ਤੋ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਪਿੰਡ ਦੇ ਕਰੀਬ 30 ਪਰਿਵਾਰ ਸਰਪੰਚ ਪਰਮਜੀਤ ਕੌਰ ਤੇ ਹਰੀਪਾਲ ਸਿੰਘ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ।ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਤੇ ਇਨ੍ਹਾਂ ਪਰਿਵਾਰਾਂ ਨੂੰ ਹਲਕਾ ਮਜੀਠਾ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਵੱਲੋ ਸਨਮਾਨਿਤ ਕੀਤਾ ਅਤੇ ਪਾਰਟੀ ਸ਼ਾਮਲ ਹੋਣ ਤੇ ਸਵਾਗਤ ਕੀਤਾ। ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਜੱਗਾ ਮਜੀਠਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋ ਸੱਤਾ ਵਿਚ ਆਉਣ ਤੋਂ ਪਹਿਲਾਂ ਪੰਜਾਬ ਵਾਸੀਆਂ ਨਾਲ ਜਿਹੜੇ ਵਾਅਦੇ ਕੀਤੇ ਸਨ ਉਹ ਜੰਗੀ ਪੱਧਰ ਤੇ ਪੂਰੇ ਕੀਤੇ ਜਾ ਰਹੇ ਹਨ ਅਤੇ ਸਰਕਾਰ ਵੱਲੋ ਪੰਜਾਬ ਦੇ ਹਿੱਤ ਵਿਚ ਵੱਡੇ ਫੈਸਲੇ ਲਏ ਜਾ ਰਹੇ ਹਨ। ਪੰਜਾਬ ਦੀ ਜਨਤਾ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ ਤੇ ਹੋਰ ਵੀ ਸਹੂਲਤਾਂ ਜਲਦੀ ਦਿੱਤੀਆਂ ਜਾਣਗੀਆਂ ਤੇ ਇਨਾਂ ਸਹੂਲਤਾਂ ਨੂੰ ਮਾਣਦੇ ਹੋਏ ਸੂਬੇ ਦੇ ਲੋਕ ਵੱਖ-ਵੱਖ ਸਿਆਸੀ ਪਾਰਟੀਆਂ ਤੋਂ ਦੁਖੀ ਹੋ ਕੇ ਲੋਕ ਆਪ ਮੁਹਾਰੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਜੱਗਾ ਮਜੀਠਾ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਲਕਾ ਮਜੀਠਾ ਤੋ ਵੱਡੀ ਲੀਡ ਨਾਲ ਜਤਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਵੱਲੋ ਪੰਜਾਬ ਦੀ ਜਨਤਾ ਨੂੰ ਦਿੱਤੀਆਂ ਗਈਆਂ ਸਹੂਲਤਾਂ ਤੇ ਕੀਤੇ ਜਾ ਰਹੇ ਕੰਮਾਂ ਨੂੰ ਦੇਖ ਲੋਕ ਸਭਾ ਦੀਆਂ ਪੰਜਾਬ 'ਚੋਂ 13 ਸੀਟਾ ਜਿੱਤ ਦਿਵਾਉਣਗੇ। ਇਸ ਮੌਕੇ ਜੱਗਾ ਮਜੀਠਾ ਨਾਲ ਚੇਅਰਮੈਨ ਬਲਜੀਤ ਸਿੰਘ ਜਿਜੇਆਣੀ, ਰਾਜਬੀਰ ਸਿੰਘ ਰੋੜੀ, ਸੂਬੇਦਾਰ ਬਲਵਿੰਦਰ ਸਿੰਘ, ਸਰਪੰਚ ਹਰਗੁਰਵਿੰਦਰ ਸਿੰਘ ਮਾਨ, ਕਾਬਲ ਸਿੰਘ ਮਜੀਠਾ, ਪਲਵਿੰਦਰ ਸਿੰਘ ਰੁਮਾਣਾ, ਰਾਣਾ ਨੰਗਲ ਪਨੂਆਂ, ਰਜਿੰਦਰ ਸਿੰਘ, ਨਾਲ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ 'ਚ ਸਰਪੰਚ ਪਰਮਜੀਤ ਕੌਰ, ਹਰੀਪਾਲ ਸਿੰਘ, ਪੰਚ ਸਤੋਖ ਸਿੰਘ, ਪੰਚ ਰਸਪਾਲ ਸਿੰਘ, ਪੰਚ ਹਰਭਾਲ ਸਿੰਘ, ਪੰਚ ਹਰਵਿੰਦਰ ਸਿੰਘ ਸਾਰੇ ਪੰਚ, ਜਗਦੀਪ ਸਿੰਘ ਜੱਗਾ, ਜਸਪਾਲ ਸਿੰਘ, ਰਣਜੀਤ ਸਿੰਘ, ਸੁਲੱਖਣ ਸਿੰਘ, ਹਰਦੇਵ ਸਿੰਘ, ਸਵਿੰਦਰ ਸਿੰਘ, ਗਗਨ ਸਿੰਘ, ਹਰਦੀਪ ਸਿੰਘ, ਗੁਲਜਾਰ ਸਿੰਘ, ਸੋਨੂ ਸਿੰਘ, ਗਰਪਰੀਤ ਸਿੰਘ, ਹਰਭਜਨ ਸਿੰਘ, ਦਿਲਬਾਗ ਸਿੰਘ, ਅਮਰਜੀਤ ਸਿੰਘ, ਜਸਬੀਰ ਸਿੰਘ, ਅਮਲਜੀਤ ਸਿੰਘ, ਕੁਲਦੀਪ ਸਿੰਘ, ਜਰਮਨਜੀਤ ਸਿੰਘ, ਹਰਦੀਪ ਸਿੰਘ, ਸਰਨਜੀਤ ਸਿੰਘ, ਸ਼ਮਸ਼ੇਰ ਸਿੰਘ ਤੋਂ ਇਲਾਵਾ ਹੋਰ ਵੀ ਪਿੰਡ ਵਾਲੀ ਹਾਜ਼ਰ ਸਨ।



# ਸਰਬ ਧਰਮ ਏਕਤਾ ਦਾ ਹੋਕਾ ਦਿੰਦਿਆਂ ਜਮਾਤ ਅਹਿਮਦੀਆ ਦਾ ਸਾਲਾਨਾ ਜਲਸਾ ਸਮਾਪਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਵਿੱਚ ਅੱਜ ਮੁਸਲਿਮ ਜਮਾਤ ਅਹਿਮਦੀਆ ਦੇ 128 ਵਾਂ ਜਲਸਾ ਸਲਾਨਾ ਕਾਮਯਾਬੀ ਨਾਲ ਸਮਾਪਤ ਹੋਇਆ।ਇਸ ਤਿੰਨ ਰੋਜ਼ਾ ਜਲਸਾ ਸਲਾਨਾ ਦਾ ਕੇਂਦਰ ਇਮਾਮ ਜਮਾਤ ਅਹਿਮਦੀਆ ਆਲਮਗੀਰ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਦਾ ਸੰਬੋਧਨ ਹੈ ਜੋ ਆਪ ਨੇ ਯੂਕੇ ਤੋਂ ਸਿੱਧਾ ਮੁਸਲਿਮ ਟੈਲੀਵਿਜ਼ਨ ਅਹਿਮਦੀਆ ਸੈਟੇਲਾਈਟ ਚੈਨਲ ਰਾਹੀਂ ਸੰਬੋਧਨ ਕੀਤਾ। ਇਮਾਮ ਜਮਾਤ ਅਹਿਮਦੀਆ ਆਲਮਗੀਰ ਦਾ ਇਹ ਸੰਬੋਧਨ ਪੂਰੀ ਦੁਨੀਆ ਵਿੱਚ ਜਮਾਤ ਅਹਿਮਦੀਆ ਦੇ ਸੈਟੇਲਾਈਟ ਚੈਨਲ ਦੁਆਰਾ ਦੇਖਿਆ ਤੇ ਸੁਣਿਆ ਜਾਂਦਾ ਹੈ ਜਿਸ ਵਿੱਚ ਆਪ ਆਪਣੇ ਸੰਬੋਧਨ ਰਾਹੀਂ ਪੂਰੀ ਦੁਨੀਆ ਦੇ ਅਹਿਮਦੀਆ ਨੂੰ ਸੰਬੋਧਿਤ ਹੁੰਦੇ ਹਨ।ਇਮਾਮੇ ਜਮਾਤ ਅਹਿਮਦੀਆ ਆਲਮਗੀਰ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਜਲਸੇ ਦੀ ਵਿਸ਼ੇਸ਼ਤਾ ਅਤੇ ਬਰਕਤ ਦੇ ਹਵਾਲੇ ਨਾਲ ਫਰਮਾਉਂਦੇ ਹਨ ਹਜ਼ਰਤ ਅਕਦਸ ਮਸੀਹ ਮਾਊਦ ਅਲੈਹ ਸਲਾਮ ਨੇ ਇਸ ਜਲਸਾ ਨੂੰ ਖਾਲਸ ਰੂਹਾਨੀ ਜਲਸਾ ਹੋਣ ਦੀ ਦੁਆ ਕੀਤੀ ਹੈ ਜਿਸ ਵਿੱਚ ਸਾਡੀ ਰੂਹਾਨੀ ਅਤੇ ਗਿਆਨ ਦੀ ਤਰੱਕੀ ਦੀਆਂ ਗੱਲਾਂ ਵੱਲ ਧਿਆਨ ਦਵਾਇਆ ਜਾਂਦਾ ਹੈ ਅਤੇ ਇਸ ਦਾ ਇੱਕ ਵੱਡਾ ਮਕਸਦ ਇਹ ਸੀ ਕਿ ਬਾਨੀ ਜਮਾਤ ਅਹਿਮਦੀਆ ਨੇ ਫਰਮਾਇਆ ਕਿ ਆਪਸ ਵਿੱਚ ਪਿਆਰ ਮੁਹੱਬਤ ਦਾ ਰਿਸ਼ਤਾ ਕਾਇਮ ਕਰਨਾ ਹੈ, ਇੱਕ ਦੂਜੇ ਦਾ ਖਿਆਲ ਰੱਖਣਾ, ਆਪਣੇ ਭਰਾ ਲਈ ਜੇ ਲੋੜ ਪਵੇ ਤਾਂ ਆਪਣੇ ਹੱਕ ਛੱਡਣ ਦਾ ਹੌਸਲਾ ਵੀ ਰੱਖਣਾ ਜੋ ਆਪਸ ਵਿੱਚ ਪ੍ਰੇਮ ਭਾਈਚਾਰਕ ਸਾਂਝ ਨੂੰ ਵਧਾਉਣ ਦਾ ਇੱਕ ਵੱਡਾ ਜ਼ਰੀਆ ਹੈ।ਜਲਸਾ ਸਲਾਨਾ ਕਾਦੀਆਂ ਆਪਸੀ ਏਕਤਾ ਦੀ ਸਿੱਖਿਆ ਦਿੰਦਾ ਹੈ ਅਤੇ ਜੋ ਲੋਕ ਇਸ ਜਲਸਾ ਵਿੱਚ ਸ਼ਾਮਿਲ ਹੁੰਦੇ ਹਨ ਉਨ੍ਹਾਂ ਦੇ ਅੰਦਰ ਹਮਦਰਦੀ ਦਾ ਜਜ਼ਬਾ ਪੈਦਾ ਹੁੰਦਾ ਹੈ ਅਤੇ ਉਹ ਦੇਸ਼ ਅਤੇ ਕੌਮ ਲਈ ਵਧੀਆ ਇਨਸਾਨ ਬਣਨ ਦੀ ਕੋਸ਼ਿਸ਼ ਕਰਦੇ ਹਨ।




# ਤਰਨਤਾਰਨ ਜ਼ਿਲਾ ਪੁਲਸ ਵੱਲੋਂ ਬੀਤੇ ਵਰ੍ਹੇ ਐੱਨਡੀਪੀਐੱਸ/ਅਸਲਾ ਤੇ ਆਬਕਾਰੀ ਐਕਟ ਅਧੀਨ ਦਰਜ ਮੁਕੱਦਮੇ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਸ਼ਵਨੀ ਕਪੂਰ ਆਈਪੀਐੱਸ, ਐੱਸਐੱਸਪੀ ਸਾਹਿਬ ਤਰਨ ਤਾਰਨ ਵੱਲੋਂ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਨਸ਼ਿਆਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਜ਼ਿਲਾ ਤਰਨ ਤਾਰਨ ਪੁਲਸ ਵੱਲੋਂ ਮਾੜੇ ਅਨਸਰਾਂ ਅਤੇ ਨਸ਼ੇ 'ਤੇ ਕਾਬੂ ਪਾਉਣ ਲਈ ਸਖਤੀ ਵਰਤਦੇ ਹੋਏ ਬੜੀ ਮਿਹਨਤ ਨਾਲ ਕੰਮ ਕੀਤਾ ਜਾ ਰਿਹਾ ਹੈ ਜਿਸ ਤਹਿਤ ਜ਼ਿਲਾ ਤਰਨ ਤਾਰਨ ਪੁਲਸ ਵੱਲੋਂ ਨਸ਼ੇ ਦੀ ਸਪਲਾਈ ਕਰਨ ਵਾਲੇ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਲੋਕਾਂ ਖਿਲਾਫ ਕਾਰਵਾਈ ਕਰਦੇ ਹੋਏ ਬੀਤੇ ਸਾਲ ਤੋਂ ਹੁਣ ਤੱਕ ਐੱਨਡੀਪੀਐੱਸ-ਐਕਟ, ਆਬਕਾਰੀ ਐਕਟ, ਅਸਲਾ ਐਕਟ ਦੇ ਅਧੀਨ ਕਈ ਮੁਕੱਦਮੇ ਦਰਜ ਰਜਿਸਟਰ ਕਰਕੇ ਵੱਡੀਆਂ ਬਰਾਮਦਗੀਆਂ ਕੀਤੀਆਂ ਹਨ ਜਿਨ੍ਹਾਂ ਬਾਰੇ ਜਾਣਕਾਰੀ ਦਿੰਦੇ ਐੱਸਐੱਸਪੀ ਨੇ ਦੱਸਿਆ ਕਿ ਐੱਨਡੀਪੀਐੱਸ ਐਕਟ ਤਹਿਤ 34 ਡਰੋਨ, 50 ਕਿਲੋ ਹੈਰੋਇਨ, 4 ਪਿਸਤੌਲ 1 ਮੈਗਜ਼ੀਨ 5 ਰੌਂਦ ਜ਼ਿੰਦਾ,1 ਮੋਟਰਸਾਈਕਲ, ਗੈਂਗਸਟਰਾ ਦੇ ਖਿਲਾਫ 16 ਮੁਕੱਦਮੇ ਦਰਜ ਕੀਤੇ ਜਿਨ੍ਹਾਂ ਵਿੱਚੋਂ 35 ਕਾਬੂ ਕੀਤੇ ਜਿਨ੍ਹਾਂ ਕੋਲੋਂ 15 ਪਿਸਤੌਲ, 5 ਮੋਬਾਇਲ, 37500 ਰਾਸ਼ੀ ਦੀ ਬਰਾਮਦਗੀ ਕੀਤੀ। ਇਸ ਤੋਂ ਇਲਾਵਾ ਤਰਨ ਤਾਰਨ ਪੁਲਸ ਵੱਲੋਂ ਸਰਹੱਦ ਪਾਰ ਤਸਕਰੀ ਨੈੱਟਵਰਕ ਵਿਰੁੱਧ ਵਿਸ਼ੇਸ਼ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਤਰਨ ਤਾਰਨ ਪੁਲਸ ਵੱਲੋਂ ਸਾਲ 2023 ਵਿੱਚ ਡਰੋਨ ਨਾਲ ਹੋਣ ਵਾਲੀ ਤਸਕਰੀ ਅੰਦਰ ਕਾਫੀ ਮੁੱਕਦਮੇ ਦਰਜ ਰਜਿਸਟਰ ਕੀਤੇ ਹਨ। ਇਸ ਦੇ ਨਾਲ ਹੀ ਤਰਨ ਤਾਰਨ ਪੁਲਸ ਵੱਲੋਂ ਗੈਂਗਸਟਰਾਂ ਅਤੇ ਉਨ੍ਹਾਂ ਦੇ ਕਰਿੰਦਿਆਂ ਵਿਰੁੱਧ ਕਾਰਵਾਈ ਕਰਦਿਆਂ ਤਰਨ ਤਾਰਨ ਪੁਲਸ ਵੱਲੋਂ ਵਿਦੇਸ਼ੀ ਗੈਂਗਸਟਰਾਂ ਦੇ ਪੰਜਾਬ ਵਿੱਚ ਰਹਿ ਰਹੇ ਕਰਿੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਇਲਾਵਾ ਤਰਨ ਤਾਰਨ ਪੁਲਸ ਵੱਲੋਂ ਭਗੌੜੇ ਦੀਆਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸਾਲ 2023 ਵਿੱਚ ਕੁੱਲ 178 ਭਗੌੜੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲਗਾਇਆ ਅੱਖਾਂ ਦਾ 618ਵਾਂ ਮੁਫਤ ਕੈਂਪ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਰ ਔਖੀ ਘੜੀ ਵੇਲੇ ਲੋੜਵੰਦਾਂ ਲਈ ਸਭ ਤੋਂ ਮੋਹਰੀ ਹੋ ਕੇ ਨਿਸ਼ਕਾਮ ਸੇਵਾ ਕਾਰਜ ਨਿਭਾਉਣ ਵਾਲੇ ਕੌਮਾਂਤਰੀ ਪੱਧਰ ਦੇ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਨੂੰ ਸਮਰਪਿਤ ਕੀਤੇ ਜਾ ਰਹੇ ਕਾਰਜਾਂ ਤਹਿਤ ਟਰੱਸਟ ਵੱਲੋਂ ਪਿੰਡ ਪਰਿੰਗੜੀ ਦੀ ਸੰਗਤ ਦੇ ਸਹਿਯੋਗ ਨਾਲ ਅੱਖਾਂ ਦਾ ਵਿਸ਼ਾਲ ਮੁਫਤ ਕੈਂਪ ਲਾਇਆ ਗਿਆ, ਜਿਸ ਦੌਰਾਨ 450 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਟਰੱਸਟ ਦੀ ਤਰਨਤਾਰਨ ਇਕਾਈ ਦੇ ਪ੍ਰਧਾਨ ਨੇ ਦੱਸਿਆ ਕਿ ਡਾਕਟਰ ਓਬਰਾਏ ਦਾ ਨਾਮ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ। ਅੱਜ ਉਨ੍ਹਾਂ ਦੀ ਅਗਵਾਈ ਹੇਠ 618ਵਾਂ ਅੱਖਾਂ ਦਾ ਕੈਂਪ ਪਿੰਡ ਪ੍ਰਿੰਗੜੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਾਇਆ ਗਿਆ ਹੈ। ਕੈਂਪ ਦੌਰਾਨ ਮਰੀਜ਼ਾਂ ਦਾ ਚੈੱਕਅਪ ਲੁਧਿਆਣੇ ਦੇ ਮਸ਼ਹੂਰ ਹਸਪਤਾਲ ਸ਼ੰਕਰਾ ਆਈ ਕੇਅਰ ਦੇ ਡਾਕਟਰਾਂ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕੈਂਪ ਦੌਰਾਨ 450 ਮਰੀਜ਼ਾਂ ਨੇ ਆਪਣਾ ਚੈੱਕਅਪ ਕਰਵਾਇਆ। 200 ਲੋੜਵੰਦ ਮਰੀਜ਼ਾਂ ਨੂੰ ਨਜ਼ਰ ਦੀਆਂ ਐਨਕਾਂ, ਦਵਾਈਆਂ ਤਕਸੀਮ ਕਰਨ ਤੋਂ ਇਲਾਵਾ 75 ਮਰੀਜ਼ ਆਪ੍ਰੇਸ਼ਨ ਲਈ ਚੁਣੇ ਗਏ ਹਨ ਜਿਨ੍ਹਾਂ ਨੂੰ ਮੌਕੇ ਤੇ ਹੀ ਬੱਸਾਂ ਰਾਹੀਂ ਹਸਪਤਾਲ ਲਈ ਰਵਾਨਾ ਕਰ ਦਿੱਤਾ ਗਿਆ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਟਰੱਸਟ ਦੇ ਪ੍ਰੈੱਸ ਸਕੱਤਰ ਕੇ. ਪੀ. ਗਿੱਲ ਨੇ ਦੱਸਿਆ ਕਿ ਟਰੱਸਟ ਵੱਲੋਂ ਲਗਾਤਾਰ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਪਿੰਡਾਂ ਵਿੱਚ ਅਜਿਹੇ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਸਦਾ ਇਲਾਕੇ ਦੇ ਲੋਕ ਭਰਪੂਰ ਲਾਹਾ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਏਸੇ ਤਰ੍ਹਾਂ 8 ਫਰਵਰੀ ਨੂੰ ਸ਼ਹੀਦ ਬਾਬਾ ਭੂਪ ਸਿੰਘ ਦੇ ਸਾਲਾਨਾ ਜੋੜ ਮੇਲੇ ਮੌਕੇ ਪਿੰਡ ਬਾਹਮਣੀ ਵਾਲਾ ਵਿਖੇ ਕੈਂਪ ਦਾ ਆਯੋਜਨ ਕੀਤਾ ਜਾਵੇਗਾ। ਲੋੜਵੰਦ ਮਰੀਜ਼ ਇਸ ਕੈਂਪ 'ਚ ਚੈੱਕਅਪ ਕਰਵਾ ਸਕਦੇ ਹਨ। ਅਖੀਰ ਵਿੱਚ ਟਰੱਸਟ ਦੇ ਜਨਰਲ ਸਕੱਤਰ ਨੇ ਪਿੰਡ ਪ੍ਰਿੰਗੜੀ ਦੀ ਸਮੂਹ ਟੀਮ, ਨਗਰ ਨਿਵਾਸੀ ਅਤੇ ਡਾਕਟਰਾਂ ਦੀ ਟੀਮ ਦਾ ਕੈਂਪ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਕੇ. ਪੀ. ਗਿੱਲ, ਗੁਰਵਿੰਦਰ ਸਿੰਘ ਬਰਵਾਲਾ, ਕੈਪਟਨ ਗੁਰਿੰਦਰ ਸਿੰਘ, ਗੁਰਮੀਤ ਸਿੰਘ ਜੇਈ, ਰਣਜੀਤ ਸਿੰਘ, ਕਸ਼ਮੀਰ ਸਿੰਘ, ਸਵਰਨ ਸਿੰਘ, ਜਤਿੰਦਰ ਸਿੰਘ ਰਾਜੂ, ਵਰਿਆਮ ਸਿੰਘ, ਗੁਰਪ੍ਰੀਤ ਸਿੰਘ ਡੀਪੂ ਵਾਲੇ, ਲੱਖਾ ਸਿੰਘ, ਧੀਰਾ ਸਿੰਘ, ਸਰਬਜੀਤ ਸਿੰਘ ਆਰੇਵਾਲਾ, ਬਲਵੀਰ ਸਿੰਘ ਪੰਚ, ਪੰਜਾਬ ਸਿੰਘ, ਕਸ਼ਮੀਰ ਸਿੰਘ ਆਰੇਵਾਲਾ, ਸਵਿੰਦਰਪਾਲ ਸਿੰਘ, ਮਾਸਟਰ ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਕੈਨੇਡਾ, ਜਸਵੰਤ ਸਿੰਘ ਨਦੋਹਰ, ਕਰਨਦੀਪ ਸਿੰਘ ਗਿੱਲ, ਜੋਬਨ ਸੰਧੂ ਪਨਗੋਟਾ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।



# ਸਰਬੱਤ ਦੇ ਭਲੇ ਲਈ ਤਰਸਿੱਕਾ ਵਿਖੇ ਸਮਾਗਮ ਆਯੋਜਿਤ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸਰਬੱਤ ਦੇ ਭਲੇ ਲਈ ਪਿੰਡ ਤਰਸਿੱਕਾ ਵਿਖੇ ਗੁਰਜੀਤ ਸਿੰਘ ਦੇ ਗ੍ਰਹਿ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਾਰਾ ਦਿਨ ਪ੍ਰਵਾਹ ਚੱਲਿਆ, ਜਿਸ ਵਿੱਚ ਗਿਆਨੀ ਕੇਵਲ ਸਿੰਘ ਨੇ ਸਰਬੱਤ ਦੇ ਭਲੇ ਨਾਲ ਸਬੰਧਿਤ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਦੇ ਲੰਗਰਾਂ ਵਿੱਚ ਚਾਹ ਪਕੌੜੇ, ਮਠਿਆਈਆਂ ਤੇ ਵੱਖ-ਵੱਖ ਸਬਜ਼ੀਆਂ, ਪ੍ਰਸ਼ਾਦਿਆਂ ਦੇ ਅਤੁੱਟ ਲੰਗਰ ਸਾਰਾ ਦਿਨ ਚੱਲਦੇ ਰਹੇ। ਇਸ ਸਮਾਗਮ ਦੇ ਅਖੀਰ ਵਿੱਚ ਪੰਜਾਬ ਦੀ ਨਾਮਵਰ ਸਮਾਜ ਸੇਵੀ ਸ਼ਖ਼ਸੀਅਤ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਆਈ ਹੋਈ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲਾ ਸਾਲ ਹਰ ਇੱਕ ਦੀ ਜ਼ਿੰਦਗੀ ਵਿੱਚ ਖੁਸ਼ੀਆਂ, ਖੁਸ਼ਹਾਲੀ, ਅਮਨ ਸ਼ਾਂਤੀ ਲੈ ਕੇ ਆਵੇ। ਇਸ ਸਮਾਗਮ ਵਿੱਚ ਗੁਰਦਿਆਲ ਸਿੰਘ, ਕਸ਼ਮੀਰ ਸਿੰਘ, ਸਾਹਿਬ ਸਿੰਘ, ਮਨਜੀਤ ਸਿੰਘ, ਹਰਦੀਪ ਸਿੰਘ, ਲਖਬੀਰ ਸਿੰਘ ਅਨਮੋਲਜੀਤ ਸਿੰਘ, ਸੁਖਜੀਤ ਕੌਰ, ਸਰਬਜੀਤ ਕੌਰ ਅਨਮੋਲਦੀਪ ਕੌਰ, ਕਵਲਜੀਤ ਕੌਰ ਆਦਿ ਹਾਜ਼ਿਰ ਸਨ।

# ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੈਡਮ ਮੀਤਾ ਦਾ ਸੇਵਾਮੁਕਤੀ 'ਤੇ ਮਾਣ-ਸਨਮਾਨ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸਰਕਾਰੀ ਹਸਪਤਾਲ ਝਬਾਲ ਵਿਖੇ ਪਹਿਲਾ ਏਐੱਨਐੱਮ ਅਤੇ ਹੁਣ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਦੇ ਵਜੋਂ ਸਿਹਤ ਸੇਵਾਵਾਂ ਨਿਭਾਅ ਰਹੀ ਮੈਡਮ ਮੀਤਾ ਦਾ ਸੇਵਾ ਕਾਲ ਪੂਰਾ ਹੋਣ ਉਪਰੰਤ ਸੀਐੱਚਸੀ ਝਬਾਲ ਦੇ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਵੱਲੋਂ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਹਰਪ੍ਰੀਤ ਸਿੰਘ ਮੈਡੀਕਲ ਅਫਸਰ ਝਬਾਲ, ਗੁਰਬੀਰ ਸਿੰਘ ਪੰਡੋਰੀ ਜ਼ਿਲ੍ਹਾ ਪ੍ਰਧਾਨ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਤਰਨਤਾਰਨ, ਪਾਲਜੀਤ ਸਿੰਘ ਮਾਹਲਾ ਪ੍ਰਧਾਨ ਪੈਰਾ ਮੈਡੀਕਲ ਯੂਨੀਅਨ ਤਰਨਤਾਰਨ, ਗੁਰਵਿੰਦਰ ਸਿੰਘ ਭੋਜੀਆਂ ਹੈਲਥ ਸੁਪਰਵਾਈਜ਼ਰ ਝਬਾਲ, ਨਿਰਮਲ ਕੌਰ ਝਬਾਲ ਅਤੇ ਪਦਾਰਥ ਸਿੰਘ ਨੇ ਸੰਬੋਧਨ ਕਰਦਿਆਂ ਮੈਡਮ ਮੀਤਾ ਵੱਲੋਂ ਸਰਵਿਸ ਕਾਲ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸੀਐੱਚਸੀ ਦੇ ਸਮੂਹ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਵੱਲੋਂ ਮੈਡਮ ਮੀਤਾ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਦੌਰਾਨ ਮੈਡਮ ਮੀਤਾ ਅਤੇ ਉਨ੍ਹਾਂ ਦੇ ਪਤੀ ਸੁਰਜੀਤ ਸਿੰਘ ਵੱਲੋਂ ਸਮੂਹ ਸਟਾਫ ਦਾ ਧੰਨਵਾਦ ਕਰਦੇ ਹੋਏ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਦੇ ਆਗੂਆਂ ਨੂੰ ਜਥੇਬੰਦਕ ਕਾਰਜਾਂ ਵਾਸਤੇ 2100 ਰੁਪਏ ਦੀ ਰਾਸ਼ੀ ਭੇਟ ਕੀਤੀ ਗਈ।

ਇਸ ਸੇਵਾ ਮੁਕਤੀ ਸਮਾਰੋਹ ਵਿੱਚ ਰਬਿੰਦਰ ਸਿੰਘ ਭੋਜੀਆਂ ਬਲਾਕ ਪ੍ਰਧਾਨ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਝਬਾਲ, ਸਤਨਾਮ ਸਿੰਘ ਮਾਨੋਚਾਹਲ ਜਨਰਲ ਸਕੱਤਰ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਝਬਾਲ, ਰਾਮ ਰਛਪਾਲ ਧਵਨ ਹੈਲਥ ਸੁਪਰਵਾਈਜ਼ਰ ਝਬਾਲ, ਤੇਜਿੰਦਰ ਸਿੰਘ ਕੋਟ ਹੈਲਥ ਸੁਪਰਵਾਈਜ਼ਰ ਡਾਲੇਕੇ, ਨੇਹ, ਰਮਨਦੀਪ ਕੌਰ ਐਪਥਾਲਮਿਕ ਅਫਸਰ ਝਬਾਲ, ਪਰਮਜੀਤ ਕੌਰ ਨਰਸਿੰਗ ਸਿਸਟਰ ਝਬਾਲ, ਕੁਲਵਿੰਦਰ ਕੌਰ ਮੰਨਣ ਐੱਲਐੱਚਵੀ ਝਬਾਲ, ਚਰਨਜੀਤ ਕੌਰ ਲਾਲੂ ਘੁੰਮਣ, ਅਮਨਦੀਪ ਸਿੰਘ, ਨਵਤੇਜ ਸਿੰਘ, ਵਿਕਰਮ ਸਿੰਘ, ਅਮਨਦੀਪ ਕੌਰ, ਕੁਲਵਿੰਦਰ ਸਿੰਘ ਪੱਧਰੀ, ਪ੍ਰਭਜੋਤ ਕੌਰ ਫਾਰਮੇਸੀ ਅਫਸਰ, ਵਰਿੰਦਰ ਕੌਰ, ਅਮਨਪ੍ਰੀਤ ਕੌਰ ਸੀਐੱਚਓ, ਬਖਸ਼ੀਸ਼ ਕੌਰ ਮੁਰਾਦਪੁਰ, ਹਰਜੀਤ ਕੌਰ ਮੂਸੇ, ਯੁਵਰਾਜ ਸਿੰਘ ਰੇਡੀਓਗ੍ਰਾਫਰ, ਰੀਤੂ ਸੂਦ, ਅਮਨਦੀਪ ਕੌਰ ਸਰਾ ਸਟਾਫ ਨਰਸ, ਹਰਪ੍ਰੀਤ ਕੌਰ ਸਟਾਫ ਨਰਸ, ਪਰਮਜੀਤ ਸਿੰਘ, ਰਾਜਵਿੰਦਰ ਕੌਰ ਸਟਾਫ ਨਰਸ, ਨਛੱਤਰ ਸਿੰਘ ਪ੍ਰਧਾਨ ਦਰਜਾ ਚਾਰ ਯੂਨੀਅਨ, ਸੰਦੀਪ ਸਿੰਘ ਵਾਰਡ ਅਟੈਂਡੈਂਟ, ਗੁਰਮੀਤ ਸਿੰਘ ਝਬਾਲ, ਗੁਰਸਾਗਰ ਸਿੰਘ, ਰਾਜ ਕੌਰ ਆਦਿ ਸਿਹਤ ਕਰਮੀ ਹਾਜ਼ਰ ਸਨ।



# ਵਿਕਾਸ ਪੱਖੋਂ ਜ਼ਿਲਾ ਗੁਰਦਾਸਪੁਰ ਦਾ ਸਾਲ 2023 ਦੌਰਾਨ ਸ਼ਾਨਦਾਰ ਪ੍ਰਦਰਸ਼ਨ

## * ਨਵੇਂ ਵਰ੍ਹੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਛੂਹਣ ਦਾ ਸਾਡਾ ਅਹਿਦ: ਡਿਪਟੀ ਕਮਿਸ਼ਨਰ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਸਾਲ 2023 ਜ਼ਿਲ੍ਹਾ ਗੁਰਦਾਸਪੁਰ ਦੇ ਸਰਬਪੱਖੀ ਵਿਕਾਸ ਦੇ ਪੱਖ ਤੋਂ ਇਤਿਹਾਸਕ ਅਤੇ ਯਾਦਗਾਰੀ ਸਾਲ ਹੋ ਨਿਬੜਿਆ ਹੈ। ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਗੁਰਦਾਸਪੁਰ ਨੇ ਸਾਲ 2023 ਵਿੱਚ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ। ਇਸ ਸਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਹੋਣ ਅਤੇ ਕਈ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਸਦਕਾ ਜ਼ਿਲ੍ਹੇ ਨੇ ਵਿਕਾਸ ਕ੍ਰਾਂਤੀ ਵੱਲ ਕਦਮ ਵਧਾਏ ਹਨ। ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ 14.92 ਕਰੋੜ ਰੁਪਏ ਦੀ ਲਾਗਤ ਨਾਲ 6 ਏਕੜ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਬੱਸ ਸਟੈਂਡ ਬਾਬਾ ਬੰਦਾ ਸਿੰਘ ਬਹਾਦਰ ਇੰਟਰਸਟੇਟ ਬੱਸ ਟਰਮੀਨਲ' ਦੀ ਉਸਾਰੀ ਕਰਕੇ ਲੋਕ ਅਰਪਣ ਕੀਤਾ ਗਿਆ। 21 ਕਰੋੜ ਰੁਪਏ ਦੀ ਲਾਗਤ ਨਾਲ ਤਿੱਬੜੀ ਰੋਡ 'ਤੇ ਅੰਡਰ ਰੇਲਵੇ ਬਰਿਜ ਤਿਆਰ ਗਿਆ। ਦੀਨਾਨਗਰ ਵਿਖੇ 6.60 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਤਹਿਸੀਲ ਕੰਪਲੈਕਸ ਨੂੰ ਲੋਕ ਅਰਪਣ ਕੀਤਾ ਗਿਆ ਹੈ। ਇਸਦੇ ਨਾਲ ਹੀ 2.36 ਕਰੋੜ ਰੁਪਏ ਦੀ ਲਾਗਤ ਨਾਲ ਦੀਨਾਨਗਰ ਵਿਖੇ ਹੀ ਸਬ-ਤਹਿਸੀਲ ਦਾ ਨਵਾਂ ਦਫ਼ਤਰ ਵੀ ਬਣਾਇਆ ਗਿਆ ਹੈ। ਪਿੰਡ 'ਨਵਾਂ ਪਿੰਡ ਸਰਦਾਰਾਂ' ਨੇ ਭਾਰਤ ਦੇ 'ਸਰਵੋਤਮ ਸੈਲਾਨੀ ਪਿੰਡ' ਹੋਣ ਦਾ ਐਵਾਰਡ ਹਾਸਲ ਕੀਤਾ ਹੈ। ਇਸੇ ਹੀ ਪਿੰਡ ਦੀ ਵਿਰਾਸਤੀ ਪਿੱਪਲ ਹਵੇਲੀ ਨੂੰ ਵਿਰਾਸਤੀ ਪੇਂਡੂ ਹੋਮ-ਸਟੇਅ ਵਜੋਂ ਇਸਦੇ ਟਿਕਾਊ ਵਿਕਾਸ ਲਈ ਸਨਮਾਨਿਤ ਕੀਤਾ ਗਿਆ ਹੈ। ਉਦਯੋਗਿਕ ਨਿਵੇਸ਼ ਲਈ ਸਿੰਗਲ ਵਿੰਡੋ ਸਿਸਟਮ ਅਤੇ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਵਧੀਆ ਸਹੂਲਤਾਂ ਦੇਣ ਬਦਲੇ ਸੂਬੇ ਭਰ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਜ਼ਿਲ੍ਹਾ ਗੁਰਦਾਸਪੁਰ ਨੇ ਟੀ.ਬੀ. ਦੀ ਬਿਮਾਰੀ ਨੂੰ ਕੰਟਰੋਲ ਕਰਨ ਵਿੱਚ ਰਾਸ਼ਟਰੀ ਪੱਧਰ 'ਤੇ ਸਿਲਵਰ ਮੈਡਲ ਹਾਸਲ ਕੀਤਾ ਹੈ। ਸ਼ਿਵ ਆਡੀਟੋਰੀਅਮ ਬਟਾਲਾ ਵਿਖੇ ਸ਼ਿਵ ਕੁਮਾਰ ਬਟਾਲਵੀ ਦਾ ਆਦਮ ਕੱਦ ਬੁੱਤ ਸਥਾਪਤ ਕੀਤਾ ਗਿਆ ਹੈ। ਇਸ ਸਾਲ 40 ਲੱਖ ਰੁਪਏ ਦੀ ਲਾਗਤ ਨਾਲ ਕੇਸ਼ੋਪੁਰ ਛੰਬ ਦੇ ਨਵੀਨੀਕਰਨ ਦਾ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕੀਤਾ ਗਿਆ। ਗੁਰਦਾਸਪੁਰ ਵਿਖੇ 'ਅਬਾਦ ਹੁਨਰ ਹੱਟ' ਦੀ ਸ਼ੁਰੂਆਤ ਕੀਤੀ ਗਈ। ਇਸ ਪ੍ਰੋਜੈਕਟ ਤਹਿਤ ਕੈਦੀਆਂ ਅਤੇ ਹਵਾਲਾਤੀਆਂ ਨੂੰ ਉਚੇਰੀ ਸਿੱਖਿਆ ਦੇ ਨਾਲ ਵੱਖ-ਵੱਖ ਕਿੱਤਿਆਂ ਦੀ ਹੁਨਰਮੰਦ ਸਿਖਲਾਈ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਬਾਲ ਭਵਨ ਦੇ ਸਾਹਮਣੇ ਇੱਕ ਪੰਗੂੜਾ ਲਗਾਇਆ ਗਿਆ ਹੈ। ਇਹ ਪੰਗੂੜਾ ਲਵਾਰਿਸ ਅਤੇ ਅਣਚਾਹੇ ਬੱਚਿਆਂ ਲਈ ਨਵੀਂ ਜ਼ਿੰਦਗੀ ਦੀ ਕਿਰਨ ਬਣਿਆ ਹੈ। ਰੈੱਡ ਕਰਾਸ ਸੁਸਾਇਟੀ ਅਤੇ ਟਰਾਂਸਪੋਰਟ ਵਿਭਾਗ ਨਾਲ ਮਿਲ ਕੇ ਇਸ ਸਾਲ ਰੈੱਡ ਕਰਾਸ ਭਵਨ ਵਿਖੇ ਗੁਰਦਾਸਪੁਰ ਇੰਸਟੀਚਿਊਟ ਆਫ਼ ਆਟੋਮੋਟਿਵ ਐਂਡ ਡਰਾਇਵਿੰਗ ਸਕਿਲ ਸੈਂਟਰ (ਜੀ.ਆਈ.ਏ.ਡੀ.ਐੱਸ.) ਦੀ ਸ਼ੁਰੂਆਤ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਵਿਕਾਸ ਪ੍ਰੋਜੈਕਟਾਂ ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੋਰ ਵੀ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟ ਜਾਰੀ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲ 2024 ਵਿੱਚ ਵੀ ਜ਼ਿਲ੍ਹਾ ਗੁਰਦਾਸਪੁਰ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਵਿਕਾਸ ਵੱਲ ਵੱਧਦੇ ਇਹ ਕਦਮ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਵਿੱਚ ਸਹਾਈ ਹੋਣਗੇ।



# ਸੱਤਿਆਜੀਤ ਮਜੀਠੀਆ ਸਰਬਸੰਮਤੀ ਨਾਲ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਥਾਪੇ

## * ਰਾਜਮਹਿੰਦਰ ਸਿੰਘ ਮਜੀਠਾ ਚਾਂਸਲਰ, ਲੋਧੀਨੰਗਲ ਰੈਕਟਰ ਤੇ ਛੀਨਾ ਆਨਰੇਰੀ ਸਕੱਤਰ ਚੁਣੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਜਨਰਲ ਅਜਲਾਸ 'ਚ ਕੌਂਸਲ ਦੀ ਨਵੀਂ ਐਗਜ਼ੈਕਟਿਵ ਕਮੇਟੀ ਅਗਲੇ 5 ਸਾਲਾਂ ਲਈ ਸਰਬਸੰਮਤੀ ਨਾਲ ਚੁਣੀ ਗਈ ਜਿਸ 'ਚ ਸ: ਸੱਤਿਆਜੀਤ ਸਿੰਘ ਮਜੀਠੀਆ ਪ੍ਰਧਾਨ ਅਤੇ ਰਜਿੰਦਰ ਮੋਹਨ ਸਿੰਘ ਛੀਨਾ ਮੁੜ ਆਨਰੇਰੀ ਸਕੱਤਰ ਚੁਣੇ ਗਏ ਜਿਨ੍ਹਾਂ ਨੂੰ ਸਰਬਸੰਮਤੀ ਨਾਲ ਸਮੂਹ ਮੈਂਬਰ ਸਾਹਿਬਾਨ ਨੇ ਜੈਕਾਰਿਆਂ ਦੀ ਗੂੰਜ 'ਚ ਹਾਮੀ ਭਰਦਿਆ ਅਹੁਦੇ 'ਤੇ ਬਿਰਾਜਮਾਨ ਕੀਤਾ। ਰਾਜਮਹਿੰਦਰ ਸਿੰਘ ਮਜੀਠਾ ਚਾਂਸਲਰ ਤੇ ਲਖਬੀਰ ਸਿੰਘ ਲੋਧੀਨੰਗਲ ਰੈਕਟਰ ਵਜੋਂ ਚੁਣੇ ਗਏ।

ਇਸ ਤੋਂ ਪਹਿਲਾ ਕੌਂਸਲ ਦੇ ਮੈਂਬਰਾਂ ਦੀ ਮੀਟਿੰਗ ਕੌਂਸਲ ਦੇ ਮੁੱਖ ਹਾਲ ਵਿਖੇ ਹੋਈ, ਜਿੱਥੇ ਬਹੁਤ ਹੀ ਸੁਖਾਵੇਂ ਅਤੇ ਖੁਸ਼ਮਿਜ਼ਾਜ ਮਾਹੌਲ 'ਚ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਸੰਪੰਨ ਹੋਈ। ਸ: ਮਜੀਠੀਆ ਦੇ ਨਾਮ ਦਾ ਮਤਾ ਪੇਸ਼ ਹੁੰਦਿਆਂ ਹੀ ਕੌਂਸਲ ਮੈਂਬਰਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਬੁਲੰਦ ਕਰਦਿਆਂ ਉਨ੍ਹਾਂ ਨੂੰ ਦੁਬਾਰਾ ਪ੍ਰਧਾਨ ਥਾਪਿਆ। ਸ: ਮਜੀਠੀਆ ਨੇ ਹਾਜ਼ਰ ਮੈਂਬਰ ਸਾਹਿਬਾਨ ਦਾ ਉਨ੍ਹਾਂ 'ਚ ਦੁਬਾਰਾ ਵਿਸ਼ਵਾਸ ਜਤਾਉਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ।

ਇਸ ਉਪਰੰਤ ਮਜੀਠੀਆ ਨੇ ਆਪਣੇ ਨਵੀਂ ਐਗਜ਼ੈਕਟਿਵ ਦੀ ਤਜਵੀਜ਼ ਰੱਖੀ ਅਤੇ ਉਪ ਪ੍ਰਧਾਨ ਲਈ ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ ਨੂੰ ਬਰਕਰਾਰ ਰੱਖਿਆ, ਜਿਸ 'ਤੇ ਵੀ ਸਰਬਸੰਮਤੀ ਨਾਲ ਮੋਹਰ ਲੱਗੀ। ਐਗਜ਼ੈਕਟਿਵ 'ਚ ਪੁਰਾਣੇ ਅਤੇ ਨਵੇਂ ਚਿਹਰਿਆਂ ਜਿਨ੍ਹਾਂ 'ਚ ਵਧੀਕ ਆਨਰੇਰੀ ਸਕੱਤਰ ਜਤਿੰਦਰ ਸਿੰਘ ਬਰਾੜ, ਗੁਨਬੀਰ ਸਿੰਘ ਜੁਆਇੰਟ ਸਕੱਤਰ (ਫ਼ਾਈਨਾਂਸ), ਅਜਮੇਰ ਸਿੰਘ ਹੇਰ ਜੁਆਇੰਟ ਸਕੱਤਰ (ਲੀਗਲ ਅਤੇ ਪ੍ਰਾਪਰਟੀਜ਼), ਰਾਜਬੀਰ ਸਿੰਘ ਜੁਆਇੰਟ ਸਕੱਤਰ (ਐਨੀਮਲ ਹਸਬੈਂਡਰੀ ਐਂਡ ਫ਼ਾਰਮਜ਼), ਪਰਮਜੀਤ ਸਿੰਘ ਬੱਲ ਜੁਆਇੰਟ ਸੈਕਟਰੀ (ਬਿਲਡਿੰਗਜ਼), ਸੰਤੋਖ ਸਿੰਘ ਸੇਠੀ ਜੁਆਇੰਟ ਸਕੱਤਰ (ਪਬਲਿਕ ਸਕੂਲਜ਼ ਸੀ. ਬੀ. ਐੱਸ. ਈ.), ਗੁਰਪ੍ਰੀਤ ਸਿੰਘ ਗਿੱਲ ਜੁਆਇੰਟ ਸੈਕਟਰੀ (ਏਡਿਡ ਸਕੂਲਜ਼), ਲਖਵਿੰਦਰ ਸਿੰਘ ਢਿੱਲੋਂ ਜੁਆਇੰਟ ਸੈਕਟਰੀ (ਰਿਲੀਜਸ ਅਫ਼ੇਅਰਜ਼) ਅਤੇ ਸ: ਡਾ. ਕਰਤਾਰ ਸਿੰਘ ਗਿੱਲ ਜੁਆਇੰਟ ਸਕੱਤਰ (ਐਗਰੀਕਲਚਰ ਕਾਲਜ) ਨੂੰ ਅਹੁਦਿਆਂ ਲਈ ਚੁਣ ਲਿਆ ਗਿਆ।

ਸ: ਮਜੀਠੀਆ ਨੇ ਕਿਹਾ ਕਿ ਉਨ੍ਹਾਂ ਦੀ ਇਹ ਕੋਸ਼ਿਸ਼ ਹੈ ਕਿ ਖਾਲਸਾ ਕਾਲਜ ਸੰਸਥਾਵਾਂ ਜਿਨ੍ਹਾਂ ਦੀ ਗਿਣਤੀ 3 ਤੋਂ ਅੱਜ 19 ਹੋ ਗਈ ਹੈ, ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ। ਉਨ੍ਹਾਂ ਕਿਹਾ ਕਿ ਆਉਣ ਵਾਲੇ 5 ਸਾਲ ਇਸ ਨੂੰ ਨਿਸ਼ਚਿਤ ਬਣਾਉਣਗੇ ਕਿ ਖਾਲਸਾ ਕਾਲਜ ਸੰਸਥਾਵਾਂ 'ਚ ਵਿੱਦਿਆ ਮਿਆਰ ਪ੍ਰਦੇਸ਼ ਹੀ ਨਹੀਂ, ਸਗੋਂ ਪੂਰੇ ਦੇਸ਼ 'ਚ ਪ੍ਰਸਿੱਧ ਸੰਸਥਾਵਾਂ ਵਾਂਗ ਹੋਵੇ। ਉਨ੍ਹਾਂ ਨੇ ਪ੍ਰੋਫੈਸ਼ਨਲ ਉਚ ਵਿੱਦਿਆ ਦੇ ਕੋਰਸ ਖੋਲ੍ਹਣ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਅਗਲੇ 5 ਸਾਲਾਂ 'ਚ ਨਵੇਂ ਇਨਫ਼ਰਾਸਟਰਕਚਰ ਦੇ ਵਿਕਾਸ 'ਤੇ ਖ਼ਾਸ ਧਿਆਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਮੁੱਖ ਮਨੋਰਥ ਖ਼ਾਲਸਾ ਮੈਡੀਕਲ ਕਾਲਜ, ਨਿਊ ਸੀ. ਬੀ. ਐੱਸ. ਈ. ਖ਼ਾਲਸਾ ਕਾਲਜ ਪਬਲਿਕ ਸਕੂਲ, ਘੁੱਗ, ਜਲੰਧਰ ਦੀ ਸਥਾਪਨਾ ਕਰਨਾ ਹੋਵੇਗਾ। ਸ: ਛੀਨਾ ਨੇ ਕਿਹਾ ਕਿ ਗਵਰਨਿੰਗ ਕੌਂਸਲ ਉੱਤਰੀ ਭਾਰਤ 'ਚ ਇਤਿਹਾਸਕ ਖਾਲਸਾ ਕਾਲਜ ਅਤੇ ਹੋਰ ਪ੍ਰੋਫੈਸ਼ਨਲ ਕਾਲਜਾਂ ਅਤੇ ਸਕੂਲਾਂ ਸਮੇਤ 19 ਵਿਦਿਅਕ ਸੰਸਥਾਵਾਂ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀ ਨਾ ਸਿਰਫ਼ ਅਕਾਦਮਿਕ ਖੇਤਰ 'ਚ ਸਗੋਂ ਖੇਡਾਂ ਅਤੇ ਸੱਭਿਆਚਾਰ ਅਤੇ ਵਿਰਸੇ ਨੂੰ ਉਤਸ਼ਾਹਿਤ ਕਰਨ 'ਚ ਵੀ ਵਧੀਆ ਪ੍ਰਦਰਸ਼ਨ ਕਰ ਰਹੇ ਹਨ। ਸ: ਛੀਨਾ ਜੋ ਹੁਣ ਪੰਜਵੀਂ ਵਾਰ ਆਨਰੇਰੀ ਸਕੱਤਰ ਬਣੇ ਹਨ, ਨੇ ਆਪਣੇ ਸੰਬੋਧਨ 'ਚ ਮੌਜੂਦਾ ਮੈਨੇਜਮੈਂਟ ਦੀਆਂ ਪ੍ਰਾਪਤੀਆਂ ਦਾ ਵਰਨਣ ਕੀਤਾ, ਜਿਸ 'ਚ ਵਿਦਿਆਰਥੀਆਂ ਅਤੇ ਸਟਾਫ਼ ਲਈ ਵੱਖ-ਵੱਖ ਵਿਕਾਸ, ਭਲਾਈ ਅਤੇ ਧਾਰਮਿਕ ਸਕੀਮਾਂ ਤੋਂ ਇਲਾਵਾ 10 ਨਵੇਂ ਕਾਲਜ ਅਤੇ ਦੋ ਸਕੂਲ ਖੋਲ੍ਹਣੇ ਸ਼ਾਮਿਲ ਹਨ। ਸ: ਛੀਨਾ ਨੇ ਕਿਹਾ ਕਿ ਨਾ ਸਿਰਫ਼ ਵਿੱਦਿਆ ਦੇ ਖ਼ੇਤਰ ਬਲਕਿ ਉਨ੍ਹਾਂ ਦੇ ਵਿਦਿਆਰਥੀ ਖੇਡ ਜਗਤ ਅਤੇ ਸੱਭਿਆਚਾਰ ਤੇ ਵਿਰਸੇ ਦੀ ਸੰਭਾਲ ਦੇ ਖ਼ੇਤਰ 'ਚ ਅਹਿਮ ਭੂਮਿਕਾ ਨਿਭਾਅ ਰਹੇ ਹਨ ਅਤੇ ਉਹ ਪੜ੍ਹਿਆ-ਲਿਖਿਆ ਤੇ ਸੁਹਿਰਦ ਸਮਾਜ ਬਣਾਉਣ 'ਚ ਦਿਨ-ਰਾਤ ਮਿਹਨਤ ਕਰਨਗੇ।



